Punjabi Parwaz

# ਪੰਜਾਬੀ ਪਰਵਾਜ਼

ਅੰਕ 56ਵਾਂ (ਸ਼ਿਕਾਗੋ): 5 ਜੁਲਾਈ ਤੋਂ 18 ਜੁਲਾਈ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਰੂਸ ਤੇ ਯੂਕਰੇਨ ਜੰਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ 'ਤੇ ਪਾਣੀ ਫਿਰਿਆ



ਰੂਸ ਵੱਲੋਂ ਯੂਕਰੇਨ 'ਤੇ ਵੱਡਾ ਹਵਾਈ ਹਮਲਾ ਕੀਤੇ ਜਾਣ ਨਾਲ ਇਸ ਜੰਗ ਨੂੰ ਖ਼ਤਮ ਕਰਨ ਦੀਆਂ ਚੱਲ ਰਹੀਆਂ ਕੋਸ਼ਿਸ਼ਾਂ 'ਤੇ ਪਾਣੀ ਫਿਰ ਗਿਆ ਹੈ। ਇਸ ਹਮਲੇ ਵਿੱਚ ਮਾਸਕੋ ਵਾਰ-ਵਾਰ ਵਰਤੇ ਗਏ ਹਥਿਆਰਾਂ ਦੀ ਗਿਣਤੀ ਲਈ ਨਵੇਂ ਟੀਚੇ ਸਥਾਪਤ ਕਰ ਰਿਹਾ ਹੈ। ਇਸ ਹਮਲੇ ਪਿੱਛੋਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਸੋਸ਼ਲ ਮੀਡੀਆ 'ਤੇ ਲਿਖਿਆ ਕਿ ਸ਼ਾਂਤੀ ਦੀ ਸਹੂਲਤ ਲਈ ਵਿਸ਼ਵਵਿਆਪੀ ਯਤਨਾਂ ਦੇ ਬਾਵਜੂਦ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਫੈਸਲਾ ਕੀਤਾ ਕਿ ਉਹ ਜੰਗ ਜਾਰੀ ਰੱਖੇਗਾ।

ਯੂਕਰੇਨ ਦੀ ਹਵਾਈ ਫੌਜ ਅਨੁਸਾਰ ਰੂਸ ਨੇ ਯੂਕਰੇਨ 'ਤੇ ਕੁੱਲ 537 ਹਵਾਈ ਹਥਿਆਰ ਦਾਗੇ, ਜਿਨ੍ਹਾਂ ਵਿੱਚ 477 ਡਰੋਨ ਅਤੇ 60 ਮਿਜ਼ਾਈਲਾਂ ਸ਼ਾਮਲ ਸਨ। ਇਨ੍ਹਾਂ ਵਿੱਚੋਂ 249 ਨੂੰ ਡੇਗ ਦਿੱਤਾ ਗਿਆ, ਜਦਕਿ 226 ਲਾਪਤਾ ਹੋ ਗਏ, ਜਿਨ੍ਹਾਂ ਨੂੰ ਸ਼ਾਇਦ ਇਲੈਕਟ੍ਰੌਨਿਕ ਢੰਗ ਨਾਲ ਜਾਮ ਕਰ ਦਿੱਤਾ ਗਿਆ। ਯੂਕਰੇਨ ਦੀ ਹਵਾਈ ਫੌਜ ਦੇ ਸੰਚਾਰ ਮੁਖੀ ਯੂਰੀ ਇਗਨਾਟ ਮੁਤਾਬਕ ਇਹ ਹਮਲਾ ਫਰਵਰੀ 2022 ਵਿੱਚ ਰੂਸ ਦੇ ਹਮਲੇ ਦੀ ਸ਼ੁਰੂਆਤ ਤੋਂ ਬਾਅਦ ਦੇਸ਼ 'ਤੇ ਸਭ ਤੋਂ ਵੱਡਾ ਹਵਾਈ ਹਮਲਾ ਸੀ। ਇਸ ਵਿੱਚ ਡਰੋਨ ਅਤੇ ਵੱਖ-ਵੱਖ ਕਿਸਮਾਂ ਦੀਆਂ ਮਿਜ਼ਾਈਲਾਂ-ਦੋਹਾਂ ਦਾ ਇਸਤੇਮਾਲ ਕੀਤਾ ਗਿਆ। ਯੂਕਰੇਨ ਦੀ ਹਵਾਈ ਸੈਨਾ ਨੇ ਇੱਕ ਪਾਇਲਟ ਦੀ ਮੌਤ ਦੀ ਰਿਪੋਰਟ ਦਿੱਤੀ ਜੋ ਐਫ-16 ਜੈੱਟ ਵਿੱਚ ਹਾਦਸਾਗ੍ਰਸਤ ਹੋ ਗਿਆ ਸੀ, ਕਿਉਂਕਿ ਉਹ ਰੂਸੀ ਹਮਲੇ ਨੂੰ ਰੋਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਯੂਕਰੇਨ ਦੇ ਰੱਖਿਆ ਮੰਤਰੀ ਨੇ ਕਿਹਾ ਕਿ ਰੂਸ ਦਾ ਟੀਚਾ

⇒ ਬਾਕੀ ਸਫਾ 15 ਉਤੇ ਪੜ੍ਹੋ

## ਉਪਰੇਸ਼ਨ ਸਿੰਧੂਰ ਦੌਰਾਨ ਗਿਰਾਏ ਗਏ ਲੜਾਕੂ ਜਹਾਜ਼ਾਂ ਬਾਰੇ ਬਹਿਸ ਜਾਰੀ

*ਵਿਰੋਧੀ ਪਾਰਟੀਆਂ ਵੱਲੋਂ ਸਰਬ ਪਾਰਟੀ ਮੀਟਿੰਗ ਬੁਲਾਏ ਜਾਣ ਦੀ ਮੰਗ
*ਨੇਵੀ ਦੇ ਕੈਪਟਨ ਅਨੁਸਾਰ 'ਕੁਝ' ਭਾਰਤੀ ਜਹਾਜ਼ ਨੁਕਸਾਨੇ ਗਏ

**ਪੰਜਾਬੀ ਪਰਵਾਜ਼ ਬਿਊਰੋ**

ਭਾਰਤ ਵੱਲੋਂ ਬੀਤੇ ਮਹੀਨੇ ਪਾਕਿਸਤਾਨ ਵਿੱਚ ਮੌਜੂਦ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਕੀਤੇ ਗਏ ਉਪਰੇਸ਼ਨ ਸਿੰਧੂਰ 'ਤੇ ਵਿਵਾਦ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਹਾਲ ਹੀ ਵਿੱਚ ਇੰਡੋਨੇਸ਼ੀਆ ਦੀ ਇੱਕ ਯੂਨੀਵਰਸਿਟੀ ਦੇ ਸੈਮੀਨਾਰ ਵਿੱਚ ਇੱਕ ਭਾਰਤੀ ਨੇਵੀ ਕੈਪਟਨ ਨੇ ਕਿਹਾ ਹੈ ਕਿ ਉਪਰੇਸ਼ਨ ਸਿੰਧੂਰ ਦੌਰਾਨ 'ਕੁਝ' ਭਾਰਤੀ ਹਵਾਈ ਸੈਨਾ ਦੇ ਜਹਾਜ਼ ਨੁਕਸਾਨੇ ਗਏ ਸਨ। ਯਾਦ ਰਹੇ, ਇਸ ਤੋਂ ਪਹਿਲਾਂ ਭਾਰਤੀ ਚੀਫ ਆਫ ਡਿਫੈਂਸ ਸਟਾਫ ਅਨਿਲ ਚੌਹਾਨ ਨੇ ਸਿੰਗਾਪੁਰ ਵਿੱਚ ਵਿਦੇਸ਼ੀ ਮੀਡੀਆ ਨਾਲ ਇੱਕ ਗੱਲਬਾਤ ਵਿੱਚ ਸਵੀਕਾਰ ਕੀਤਾ ਸੀ ਕਿ ਉਪਰੇਸ਼ਨ ਸਿੰਧੂਰ ਦੇ ਪਹਿਲੇ ਪੜਾਅ ਵਿੱਚ ਭਾਰਤੀ ਹਵਾਈ ਸੈਨਾ ਦੇ ਲੜਾਕੂ ਜਹਾਜ਼ ਨੂੰ ਨੁਕਸਾਨ ਪੁੱਜਾ ਸੀ। ਦੂਜੇ ਪਾਸੇ, ਭਾਰਤ ਸਰਕਾਰ ਵੱਲੋਂ ਇਸ ਮਾਮਲੇ 'ਤੇ ਕੁਝ ਵੀ ਸਪਸ਼ਟ ਨਹੀਂ ਕੀਤਾ ਗਿਆ।

ਇੰਡੋਨੇਸ਼ੀਆ ਦੀ ਇੱਕ ਯੂਨੀਵਰਸਿਟੀ ਵਿੱਚ ਹੋਏ ਸੈਮੀਨਰ ਵਿੱਚ ਸੁਮੰਦਰੀ ਸੈਨਾ ਦੇ ਇੱਕ ਕੈਪਟਨ ਸ਼ਿਵ ਕੁਮਾਰ ਨੇ ਬੋਲਦਿਆਂ ਕਿਹਾ ਕਿ ਉਪਰੇਸ਼ਨ ਸਿੰਧੂਰ ਦੌਰਾਨ ਕੁਝ ਹਵਾਈ ਜਹਾਜ਼ਾਂ ਨੂੰ ਨੁਕਸਾਨ ਪਹੁੰਚਿਆ ਸੀ। ਯਾਦ ਰਹੇ, ਉਨ੍ਹਾਂ ਤੋਂ ਪਹਿਲਾਂ ਬੋਲਦਿਆਂ ਕਿਸੇ ਹੋਰ ਦੇਸ਼ ਦੇ ਬੁਲਾਰੇ ਨੇ ਇਸੇ ਸੈਮੀਨਾਰ ਵਿੱਚ ਕਿਹਾ ਸੀ ਕਿ ਉਪਰੇਸ਼ਨ ਸਿੰਧੂਰ ਦੌਰਾਨ ਪਕਿਸਤਾਨ ਨੇ ਭਾਰਤ ਦੇ 'ਬਹੁਤ ਸਾਰੇ' (ਲੌਟ ਆਫ) ਜਹਾਜ਼ ਗਿਰਾ ਲਏ ਸਨ। ਉਸ ਬੁਲਾਰੇ ਦੀ ਉਕਾਈ ਨੂੰ ਦੂਰ ਕਰਦਿਆਂ ਕੈਪਟਨ ਸ਼ਿਵ ਕੁਮਾਰ ਨੇ ਕਿਹਾ ਉਪਰੇਸ਼ਨ ਸਿੰਧੂਰ ਦੌਰਾਨ ਭਾਰਤ ਦੇ 'ਬਹੁਤ ਸਾਰੇ' ਨਹੀਂ




ਸਗੋਂ 'ਕੁਝ' ਜਹਾਜ਼ ਗਿਰਾਏ ਗਏ ਸਨ। ਇਸ ਦਾ ਮਤਲਬ ਹੈ ਕਿ ਇਨ੍ਹਾਂ ਝੜਪਾਂ ਵਿੱਚ ਭਾਰਤੀ ਹਵਾਈ ਸੈਨਾ ਦੇ ਇੱਕ ਤੋਂ ਵੱਧ ਜਹਾਜ਼ ਗਿਰਾ ਦਿੱਤੇ ਗਏ ਸਨ।

ਕਾਂਗਰਸ ਪਾਰਟੀ ਸਮੇਤ ਵਿਰੋਧੀ ਧਿਰ ਇਹ ਮੰਗ ਕਰ ਰਹੀ ਹੈ ਕਿ ਸਰਕਾਰ ਸਪਸ਼ਟ ਕਰੇ ਕਿ ਉਪਰੇਸ਼ਨ ਸਿੰਧੂਰ ਦੌਰਾਨ ਸਾਡਾ ਕਿੰਨਾ ਨੁਕਸਾਨ ਹੋਇਆ। ਯਾਦ ਰਹੇ, ਜਮਹੂਰੀ ਮੁਲਕਾਂ ਵਿੱਚ ਅਕਸਰ ਜਦੋਂ ਜੰਗ ਚਲਦੀ ਹੈ ਤਾਂ ਆਪਣਾ ਨੁਕਸਾਨ ਛੁਪਾਉਣ ਦਾ ਯਤਨ ਨਹੀਂ ਕੀਤਾ ਜਾਂਦਾ, ਸਗੋਂ ਨਾਲ ਦੀ ਨਾਲ ਮੀਡੀਆ ਬਰੀਫਿੰਗ ਕਰ ਦਿੱਤੀ ਜਾਂਦੀ ਹੈ। ਹਾਲ ਹੀ ਵਿੱਚ ਰੂਸੀ ਫੌਜ ਨੇ ਯੂਕਰੇਨ ਦੇ ਇੱਕ ਐਫ-16 ਲੜਾਕੂ ਜਹਾਜ਼ ਨੂੰ ਮਾਰ ਗਿਰਾਇਆ, ਇਸ ਬਾਰੇ ਖ਼ਬਰ ਦੋਹਾਂ ਮੁਲਕਾਂ ਵੱਲੋਂ ਤੁਰੰਤ ਨਸ਼ਰ ਕਰ ਦਿੱਤੀ ਗਈ। ਇਸ ਤੋਂ ਇਲਾਵਾ ਇੱਕ ਦੂਜੇ ਦੇ ਇਲਾਕੇ ਜਿੱਤਣ ਜਾਂ ਹਾਰਨ ਦੀਆਂ ਖਬਰਾਂ ਨਾਲੋ ਨਾਲ ਆਉਂਦੀਆਂ ਰਹਿੰਦੀਆਂ ਹਨ। ਕਾਂਗਰਸ ਪਾਰਟੀ ਦਾ ਆਖਣਾ ਹੈ ਕਿ ਭਾਰਤ ਸਰਕਾਰ ਆਪਣੇ ਲੜਾਕੂ ਹਵਾਈ ਜਹਾਜ਼ਾਂ ਨੂੰ ਹੋਏ ਨੁਕਸਾਨ ਨੂੰ ਲੁਕਾ ਕੇ ਪਤਾ ਨਹੀਂ ਕਿਸ ਦੇਸ਼ ਭਗਤੀ ਦਾ ਪ੍ਰਦਰਸ਼ਨ ਕਰ

⇒ ਬਾਕੀ ਸਫਾ 4 ਉਤੇ ਪੜ੍ਹੋ









*ਲੁਧਿਆਣਾ ਜ਼ਿਮਨੀ ਚੋਣ ਤੋਂ ਬਾਅਦ ਦਾ ਸਿਆਸੀ ਦ੍ਰਿਸ਼*

# ਨਵੇਂ ਅਕਾਲੀ ਦਲ ਨੂੰ ਉਡੀਕ ਰਿਹਾ ਪੰਜਾਬ ਦਾ ਸਿਆਸੀ ਪਿੜ

**ਪੰਜਾਬੀ ਪਰਵਾਜ਼ ਬਿਊਰੋ**

ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜੇ ਨੇ ਪੰਜਾਬ ਵਿੱਚ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੀ ਸਥਿਤੀ ਸ਼ੀਸ਼ੇ ਵਾਂਗ ਸਾਫ ਕਰ ਦਿੱਤੀ ਹੈ। ਜਿੱਥੋਂ ਤੱਕ ਰਾਜ ਕਰ ਰਹੀ ਪਾਰਟੀ ਵੱਲੋਂ ਸੱਤਾ ਦੀ ਦੁਰਵਰਤੋਂ ਦਾ ਸਵਾਲ ਹੈ, ਅਜਿਹਾ ਤਾਕਤ 'ਚ ਹੋਣ ਵੇਲੇ ਤਕਰੀਬਨ ਸਾਰੀਆਂ ਹੀ ਪਾਰਟੀਆਂ ਕਰਦੀਆਂ ਹਨ। ਜੇ ਪੰਜਾਬ ਵਿੱਚ ਵਿਚਰ ਰਹੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਸਥਿਤੀ ਹੁਣ ਵਾਂਗ ਹੀ ਰਹਿੰਦੀ ਹੈ, ਭਾਵ ਅਕਾਲੀਆਂ ਦੀ ਸਿੱਖ ਵੋਟਰਾਂ ਵਿੱਚ ਵਿਸ਼ਵਾਸਯੋਗਤਾ ਨਹੀਂ ਸੁਧਰਦੀ, ਕਾਂਗਰਸ ਦੀ ਮੌਜੂਦਾ ਪਾਟੋਧਾੜ ਜਾਰੀ ਰਹਿੰਦੀ ਹੈ ਅਤੇ ਕਿਸੇ ਨਵੇਂ ਅਕਾਲੀ ਦਲ ਦੀ ਤਕੜੀ ਹੋਂਦ ਨਹੀਂ ਬਣਦੀ, ਤਾਂ ਲਗਦਾ ਹੈ ਕਿ 2027 ਦੀਆਂ ਚੋਣਾਂ ਵਿੱਚ ਵੀ ਨਤੀਜੇ ਇਸੇ ਕਿਸਮ ਦੇ ਹੋ ਸਕਦੇ ਹਨ, ਜਿਹੋ ਜਿਹੇ ਲੁਧਿਆਣਾ ਪੱਛਮੀ ਦੀ ਚੋਣ ਵਿੱਚ ਆਏ ਹਨ।

ਆਮ ਆਦਮੀ ਪਾਰਟੀ ਦੀਆਂ ਸੀਟਾਂ ਘਟ ਭਾਵੇਂ ਜਾਣ, ਪਰ ਕਿਸੇ ਮਜਬੂਤ ਬਦਲ ਦੀ ਅਣਹੋਂਦ ਵਿੱਚ ਸੱਤਾ 'ਆਪ' ਦੇ ਹੀ ਹੱਥ ਰਹਿ ਸਕਦੀ ਹੈ। ਉਂਝ ਹਾਲੇ ਪੰਜਾਬ ਵਿੱਚ ਦੋ ਹੋਰ ਜ਼ਿਮਨੀ ਚੋਣਾਂ ਹੋਣ ਦੀ ਸੰਭਾਵਨਾ ਹੈ। ਇੱਕ ਤੇ ਤਰਨਤਾਰਨ ਤੋਂ 'ਆਪ' ਦੇ ਵਿਧਾਇਕ ਕਸ਼ਮੀਰ ਸਿੰਘ ਬੀਤੇ ਦਿਨੀਂ ਚਲਾਣਾ ਕਰ ਗਏ ਹਨ ਅਤੇ ਦੂਜੇ ਜਲੰਧਰ ਕੇਂਦਰੀ ਦੇ ਵਿਧਾਇਕ ਰਮਨ ਅਰੋੜਾ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਦੋਹਾਂ ਸੀਟਾਂ ਵਿੱਚੋਂ ਜਲੰਧਰ ਵਾਲੀ ਸੀਟ ਮੁਕੰਮਲ ਰੂਪ ਵਿੱਚ ਸ਼ਹਿਰੀ, ਜਦਕਿ ਮਾਝੇ ਦੇ ਹਲਕਾ ਤਰਨਤਾਰਨ ਵਾਲੀ ਗੂੜ੍ਹ ਪੇਂਡੂ ਖੇਤਰ ਵਾਲੀ ਸੀਟ ਹੈ। ਇਨ੍ਹਾਂ ਦੋ ਸੀਟਾਂ 'ਤੇ ਜੇ ਜ਼ਿਮਨੀ ਚੋਣ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਰਵਾ ਲਈ ਜਾਂਦੀ ਹੈ ਤਾਂ ਇਹ ਦੋਨੋਂ ਸੀਟਾਂ ਆਉਣ ਵਾਲੀ ਸਿਆਸੀ ਹਕੀਕਤ ਦੇ ਨੇੜਲੇ ਸੰਕੇਤ ਦੇ ਦੇਣਗੀਆਂ। ਲੰਘੀ 23 ਜੂਨ ਨੂੰ ਲੁਧਿਆਣਾ ਪੱਛਮੀ ਦੀ ਵਿਧਾਨ ਸਭਾ ਚੋਣ ਦਾ ਜਿਹੜਾ ਨਤੀਜਾ ਸਾਹਮਣੇ ਆਇਆ ਹੈ, ਉਸ ਨਾਲ ਸੱਤਾਧਾਰੀ ਪਾਰਟੀ ਵਾਹਵਾ ਹੌਸਲੇ ਵਿੱਚ ਹੈ। ਸੱਤਾਧਾਰੀਆਂ ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਆਸ ਨਾਲੋਂ ਵਧ ਕੇ ਵੋਟਾਂ ਮਿਲੀਆਂ ਹਨ। ਇਸ ਨਾਲ ਕਿਸੇ ਵੀ ਸਿਆਸੀ ਧਿਰ ਨੂੰ ਇਕ ਉਤਸ਼ਾਹ ਮਿਲਣਾ ਕਦਰਤੀ ਹੈ। ਇਸ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ 35,179 ਵੋਟਾਂ ਹਾਸਲ ਕੀਤੀਆਂ ਹਨ। ਕਾਂਗਰਸ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਨੂੰ 24542, ਭਾਜਪਾ ਦੇ ਜੀਵਨ ਗੁਪਤਾ ਨੂੰ 20323 ਅਤੇ ਅਕਾਲੀ ਦਲ (ਬਾਦਲ) ਦਾ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਨੂੰ ਸਿਰਫ 8,203 ਵੋਟਾਂ ਪ੍ਰਾਪਤ ਹੋਈਆਂ ਅਤੇ ਉਨ੍ਹਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ। 900 ਤੋਂ ਵੱਧ ਵੋਟਾਂ ਨੋਟਾ ਵੀ ਲੈ ਗਿਆ ਹੈ।

ਅਕਾਲੀ ਦਲ (ਬਾਦਲ) ਲਈ ਇਹ ਚੋਣ ਇੱਕ ਵਾਰ ਫਿਰ ਨਾਂਹ ਮੁਖੀ ਸੰਕੇਤ ਦੇ ਗਈ ਹੈ। ਬਾਦਲ ਦਲ ਦੇ ਆਗੂ ਆਪਣੇ ਆਪ ਨੂੰ ਇਹ ਆਖ ਦਿਲਾਸਾ ਦੇ ਰਹੇ ਹਨ ਕਿ ਜੇ ਭਾਜਪਾ ਅਤੇ ਅਕਾਲੀ ਦਲ ਵਿਚਕਾਰ ਗੱਠਜੋੜ ਹੋ ਜਾਵੇ ਤਾਂ ਉਹ ਬਾਕੀ ਪਾਰਟੀਆਂ ਨਾਲ ਮੁਕਾਬਲੇ ਵਿੱਚ ਆ ਜਾਣਗੇ। ਇਸ ਕਿਸਮ ਦੀਆਂ ਗੱਲਾਂ ਬੀਤੀਆਂ ਲੋਕ ਸਭਾ ਚੋਣਾਂ ਵੇਲੇ ਵੀ ਚੱਲੀਆਂ ਸਨ, ਜਦੋਂ ਇਸ ਸੀਟ ਤੋਂ ਅਕਾਲੀ ਦਲ ਦੇ ਉਮੀਦਵਾਰ ਨੂੰ ਦਸ ਹਜ਼ਾਰ ਤੋਂ ਕੁਝ ਕੁ ਹੀ ਵੱਧ ਵੋਟਾਂ ਪਈਆਂ ਸਨ। ਇਸ ਵਾਰ ਪਹਿਲਾਂ ਨਾਲੋਂ ਵੀ ਘਟ ਗਈਆਂ ਹਨ। ਇਸ ਤੋਂ ਸਾਫ ਹੈ ਕਿ ਸਿੱਖ ਵੋਟਰਾਂ ਨੇ ਹਾਲੇ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵੱਲ ਮੂੰਹ ਨਹੀਂ ਮੋੜਿਆ। ਇਸ ਦਾ ਇੱਕ ਵੱਡਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਸੁਖਬੀਰ ਸਿੰਘ ਬਾਦਲ ਨੇ ਸੌਦਾ ਸਾਧ ਨੂੰ ਮੁਆਫੀ ਦੁਆਉਣ ਬਦਲੇ ਅਕਾਲ ਤਖਤ ਸਾਹਿਬ ਤੋਂ ਲਗਾਈ ਗਈ ਸਿਆਸੀ ਸੇਵਾ ਪੂਰੀ ਨਹੀਂ ਕੀਤੀ। ਉਂਝ ਵੀ ਲੰਮਾ ਸਮਾਂ ਸੱਤਾ ਵਿੱਚ ਰਹਿਣ ਦੇ ਬਾਵਜੂਦ ਅਕਾਲੀ ਦਲ ਨੇ ਪੰਜਾਬ ਦੀਆਂ ਮੂਲ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਨ੍ਹਾਂ ਲਈ ਉਹ ਸੱਤਾ ਤੋਂ ਬਾਹਰ ਹੋਣ ਸਮੇਂ ਲੜਦਾ ਆਇਆ ਸੀ। ਹੁਣ ਹਾਲ ਇਹ ਹੈ ਕਿ ਸੱਤਾ ਤੋਂ ਬਾਹਰ ਹੋਣ ਦੇ ਬਾਵਜੂਦ ਅਕਾਲੀ ਦਲ (ਬਾਦਲ) ਚੰਡੀਗੜ੍ਹ ਤੋਂ ਲੈ ਕੇ ਪਾਣੀ ਦੇ ਮੁੱਦਿਆਂ ਤੱਕ ਨੂੰ ਉਠਾਉਣ ਵਿੱਚ ਵਾਹਵਾ ਝਿਜਕ ਵਿਖਾ ਰਿਹਾ ਹੈ। ਅਕਾਲੀ ਦਲ (ਬਾਦਲ) ਕਹਾਉਂਦਾ ਆਪਣੇ ਆਪ ਨੂੰ ਖੇਤਰੀ ਪਾਰਟੀ ਹੈ, ਪਰ ਸਿਆਸੀ ਖੇਤਰ ਵਿੱਚ ਵਿਚਰਦਾ ਕੇਂਦਰੀ ਪਾਰਟੀਆਂ ਵਾਂਗ ਹੈ। ਆਪਣੀ ਨੌਜਵਾਨ ਜਥੇਬੰਦੀ ਦਾ ਨਾਂ ਵੀ ਅਕਾਲੀ ਦਲ (ਬਾਦਲ) ਨੇ ਕੇਂਦਰੀ ਪਾਰਟੀਆਂ ਵਾਲੀ ਤਰਜ਼ 'ਤੇ ਰੱਖਿਆ ਹੋਇਆ ਹੈ। ਅਕਾਲੀ ਦਲ ਦੀ ਭਰਤੀ ਲਈ ਦੋ ਦਸੰਬਰ ਨੂੰ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਕਾਇਮ ਕੀਤੀ ਗਈ ਪੰਜ ਮੈਂਬਰੀ ਕਮੇਟੀ ਵੀ ਹੁਣ ਆਪਣੀ ਭਰਤੀ ਦਾ ਕੰਮ ਮੁਕਾ ਚੁੱਕੀ ਹੈ। ਇਸ ਗਰੁੱਪ ਨੇ ਬੀਤੇ ਦਿਨੀਂ ਤਰਨਤਾਰਨ ਲੋਕ ਸਭਾ ਸੀਟ ਤੋਂ ਆਜ਼ਾਦ ਰੂਪ ਵਿੱਚ ਮੈਂਬਰ ਪਾਰਲੀਮੈਂਟ ਬਣੇ ਅੰਮ੍ਰਿਤਪਾਲ ਸਿੰਘ ਦੇ ਪਿੰਡ ਜੱਲੂਪੁਰ ਵਿਖੇ ਉਨ੍ਹਾਂ ਦੇ ਆਗੂਆਂ ਨਾਲ ਵੀ ਗੱਲਬਾਤ ਕੀਤੀ ਹੈ। ਉਂਝ ਹਾਲੇ ਵੀ ਪੰਜ ਮੈਂਬਰੀ ਕਮੇਟੀ ਸਾਹਮਣੇ ਆਪਣਾ ਡੈਲੀਗੇਟ ਇਜਲਾਸ ਬੁਲਾ ਕੇ ਆਪਣੀ ਲੀਡਰਸ਼ਿੱਪ ਚੁਣਨ ਦਾ ਮਸਲਾ ਸਾਹਮਣੇ ਖੜ੍ਹਾ ਹੈ। ਜਦੋਂ ਸੁਖਬੀਰ ਸਿੰਘ ਬਾਦਲ ਆਪਣੀ ਡਫਲੀ ਪਹਿਲਾਂ ਹੀ ਅਲੱਗ-ਥਲੱਗ ਰੂਪ ਵਿੱਚ ਵਜਾਉਣ ਲੱਗ ਪਏ ਹਨ ਤਾਂ ਪੰਜ ਮੈਂਬਰੀ ਗਰੁੱਪ ਕੋਲ ਇਹੋ ਰਾਹ ਬਚਦਾ ਹੈ ਕਿ ਉਹ ਆਪਣੀ ਵੱਖਰੀ ਲੀਡਰਸ਼ਿੱਪ ਦੀ ਚੋਣ ਕਰੇ ਅਤੇ ਪੰਜਾਬ ਦੇ ਲੋਕਾਂ ਦੀਆਂ ਤਤਕਾਲੀ ਸਮੱਸਿਆਵਾਂ ਅਤੇ ਸਿੱਖ ਮਸਲਿਆਂ ਨੂੰ ਸੰਬੋਧਨ ਹੋਵੇ। ਉਨ੍ਹਾਂ ਨੂੰ ਪੰਜਾਬ ਦੇ ਸਿਆਸੀ ਪਿੜ ਨੂੰ ਖਾਲੀ ਨਹੀਂ ਛੱਡਣਾ ਚਾਹੀਦਾ; ਇਹਦੇ ਵਿੱਚ ਆਪਣੀ ਮੌਜੂਦਗੀ ਕਾਇਮ ਰੱਖਣ ਦੀ ਲੋੜ ਹੈ। ਜੇ ਤਰਨਤਾਰਨ ਤੋਂ ਮੈਂਬਰ ਪਾਰਲੀਮੈਂਟ ਬਣੇ ਅੰਮ੍ਰਿਤਪਾਲ ਸਿੰਘ ਅਤੇ ਫਰੀਦਕੋਟ ਤੋਂ ਐਮ.ਪੀ. ਬਣੇ ਸਰਬਜੀਤ ਸਿੰਘ ਨਾਲ ਏਕਤਾ ਹੋ ਜਾਂਦੀ ਹੈ, ਤਦ ਵੀ; ਜੇ ਨਹੀਂ ਹੁੰਦੀ, ਤਦ ਵੀ। ਉਂਝ ਇਹ ਬਿਹਤਰ ਹੋਣਾ ਸੀ ਜੇ ਉਹ ਆਪਣੀ ਵੱਖਰੀ ਲੀਡਰਸ਼ਿੱਪ ਦੀ ਚੋਣ ਕਰਦੇ ਅਤੇ ਬਾਅਦ ਵਿੱਚ ਅੰਮ੍ਰਿਤਪਾਲ ਸਿੰਘ ਵਾਲੇ ਧੜੇ ਨਾਲ ਏਕਤਾ ਦੇ ਅਮਲ ਵਿੱਚ ਪੈਂਦੇ। ਇਸ ਨਾਲ ਦੋਵੇਂ ਗਰੁੱਪਾਂ ਨੂੰ ਆਪੋ ਆਪਣੀਆਂ ਸਿਆਸੀ ਤਰਜੀਹਾਂ ਬਾਰੇ ਸਪਸ਼ਟ ਸਮਝ ਬਣਾਉਣ ਦਾ ਮੌਕਾ ਮਿਲਦਾ, ਜਿਸ ਦੇ ਆਧਾਰ 'ਤੇ ਦੋਨੋ ਗਰੁੱਪਾਂ ਦੀ ਲੀਡਰਸ਼ਿਪ ਵਿਚਕਾਰ ਸੰਭਾਵਤ ਏਕਤਾ ਦਾ ਅਮਲ ਸਿਰੇ ਚੜ੍ਹਦਾ; ਜਾਂ ਫਿਰ ਦੋਨੋ ਗਰੁੱਪਾਂ ਨੇ ਰਲ-ਮਿਲ ਕੇ ਮੈਂਬਰਸ਼ਿੱਪ ਕੀਤੀ ਹੁੰਦੀ।

'ਆਪ' ਨੂੰ ਛੱਡ ਕੇ ਪੰਜਾਬ ਦੀ ਸਿਆਸੀ ਸਥਿਤੀ ਅੱਜ ਬਹੁਤ ਤਰਲ ਹੈ। ਆਉਂਦੇ ਸਵਾ ਕੁ ਸਾਲ ਵਿੱਚ ਜਿਹੜੀ ਵੀ ਪਾਰਟੀ ਆਪਣੇ ਆਪ ਨੂੰ ਇਕਮੁੱਠ ਕਰਨ ਅਤੇ ਪੰਜਾਬ ਦੇ ਤਤਕਾਲੀ ਤੇ ਚਿਰਾਂ ਤੋਂ ਲਟਕਦੇ ਆ ਰਹੇ ਮਸਲਿਆਂ 'ਤੇ ਸੰਘਰਸ਼ ਵਿੱਢਣ ਵਿੱਚ ਕਾਮਯਾਬ ਰਹੇਗੀ, ਉਸੇ ਲਈ ਪੰਜਾਬ ਦਾ ਚੋਣ ਪਿੜ ਸੁਖਾਵਾਂ ਹੋਵੇਗਾ। ਮੌਜੂਦਾ ਹਾਲਾਤ ਵਿੱਚ ਅਕਾਲੀ ਧੜਿਆਂ ਵਿਚਕਾਰ ਅਤੇ ਕਾਂਗਰਸ ਪਾਰਟੀ ਅੰਦਰ ਚੱਲ ਰਹੀ ਫੁੱਟ ਸਥਿਤੀ ਨੂੰ ਅਨਿਸ਼ਚਿਤ ਬਣਾ ਰਹੀ ਹੈ। ਤਰਨਤਾਰਨ ਤੋਂ ਮੈਂਬਰ ਪਾਰਲੀਮੈਂਟ ਬਣੇ ਅੰਮ੍ਰਿਤਪਾਲ ਸਿੰਘ ਦੇ ਧੜੇ ਨੇ ਵੀ ਬੀਤੇ ਮਾਘੀ ਮੇਲੇ 'ਤੇ ਆਪਣੇ ਵੱਖਰੇ ਅਕਾਲੀ ਦਲ (ਵਾਰਸ ਪੰਜਾਬ ਦੇ) ਦਾ ਐਲਾਨ ਕੀਤਾ ਸੀ। ਇਸ ਪਾਰਟੀ ਦੇ ਆਗੂਆਂ ਵੱਲੋਂ ਆਪਣੀ ਭਰਤੀ ਮੁਹਿੰਮ ਜ਼ੋਰ-ਸ਼ੋਰ ਨਾਲ ਸ਼ੁਰੂ ਕਰਨ ਦੀ ਗੱਲ ਕਹੀ ਤੇ ਗਈ ਸੀ, ਪਰ ਵਿਸਾਖੀ ਤੋਂ ਬਾਅਦ ਪਾਰਟੀ ਦੀ ਕੋਈ ਸਰਗਰਮੀ ਨਜ਼ਰ ਨਹੀਂ ਆਈ ਅਤੇ ਨਾ ਹੀ ਇਸ ਧੜੇ ਵੱਲੋਂ ਆਪਣੀ ਲੀਡਰਸ਼ਿੱਪ ਦੀ ਹਾਲੇ ਬਾਕਾਇਦਾ ਚੋਣ ਕੀਤੀ ਗਈ ਹੈ।

ਅਜਿਹੀਆਂ ਹਾਲਤਾਂ ਵਿੱਚ ਅਕਾਲੀ ਦਲ (ਬਾਦਲ) ਦੇ ਹਾਲੇ ਪੈਰ ਨਹੀਂ ਲੱਗ ਰਹੇ, ਪਰ ਜੇ ਨਵੇਂ ਅਕਾਲੀ ਗਰੁੱਪ ਪਾਰਟੀ ਬਣਾਉਣ ਅਤੇ ਸਿਆਸੀ ਮੈਦਾਨ ਵਿੱਚ ਉੱਤਰਨ ਵਿੱਚ ਦੇਰੀ ਕਰਦੇ ਹਨ ਤਾਂ ਅਕਾਲੀ ਦਲ (ਬਾਦਲ) ਆਪਣੀਆਂ ਸਾਰੀਆਂ ਘਾਟਾਂ ਕਮਜ਼ੋਰੀਆਂ ਦੇ ਬਾਵਜੂਦ ਸਿੱਖ ਸਿਆਸਤ ਦੀ ਸਪੇਸ ਨੂੰ ਮੁੜ ਹਥਿਆ ਸਕਦਾ ਹੈ; ਕਿਉਂਕਿ ਬਾਦਲ ਗੁੱਟ ਪੰਜਾਬ ਦੇ ਸਿਆਸੀ ਪਿੜ ਵਿੱਚ ਲਗਾਤਾਰ ਆਪਣੀ ਹਾਜ਼ਰੀ ਲੁਆ ਰਿਹਾ ਹੈ। ਭਾਵੇਂ ਕਿ ਪੰਜਾਬ ਦੇ ਵੱਡੇ ਅਤੇ ਲਟਕਦੇ ਮਸਲਿਆਂ 'ਤੇ ਬਾਦਲ ਧੜਾ ਕੰਨੀ ਕਤਰਾਉਣ ਦੇ ਯਤਨ ਵਿੱਚ ਹੈ, ਫਿਰ ਵੀ ਪੰਜਾਬ ਦੇ ਸਿਆਸੀ ਸਪੇਸ ਵਿੱਚ ਉਠਦੇ ਮਸਲਿਆਂ/ਮੁੱਦਿਆਂ 'ਤੇ ਉਸ ਦੀ ਲੀਡਰਸ਼ਿਪ ਲਗਾਤਾਰ ਦਖਲਅੰਦਾਜ਼ ਹੋ ਰਹੀ ਹੈ। ਸਿਆਸਤ ਸਿਰ ਖੜ੍ਹੇ ਦਾ ਖਾਲਸਾ ਹੈ। ਇਹ ਆਪਣੇ ਲੀਡਰਾਂ ਤੋਂ 24 ਘੰਟੇ ਚੌਕਸ ਰਹਿਣ ਅਤੇ ਨਿੱਗਰ ਪਹਿਰੇਦਾਰੀ ਦੀ ਮੰਗ ਕਰਦੀ ਹੈ। ਅਜਿਹੀ ਲੀਡਰਸ਼ਿੱਪ ਦੀ ਅਣਹੋਂਦ ਵਿੱਚ ਬੜੀਆਂ ਰਾਜਨੀਤਿਕ ਪਾਰਟੀਆਂ ਦੇ ਐਲਾਨ ਹੋਏ, ਪਰ ਬਿਨਾ ਕਿਸੇ ਨੋਟਿਸ ਦੇ ਖਤਮ ਹੋ ਗਏ। ਸਿੱਖ ਲੀਡਰਸ਼ਿਪ ਲਈ ਇਹ ਪੱਖ ਵਧੇਰੇ ਧਿਆਨ ਨਾਲ ਵਿਚਾਰਨ ਵਾਲੇ ਹਨ; ਕਿਉਂਕਿ ਅਸਲ ਸਿੱਖ ਪ੍ਰਤੀਨਿਧਤਾ ਦੇ ਉਭਾਰ ਨੂੰ ਰੋਕਣ ਲਈ ਕੇਂਦਰ ਵੱਲੋਂ ਵੀ ਅਤੇ ਪੰਜਾਬ ਵਿੱਚ ਵੀ, ਬੜੇ ਯਤਨ ਹੋਣੇ ਹਨ। ਇੱਕ ਸਿਰੜੀ, ਧੀਰਜਵਾਨ ਅਤੇ ਦੂਰ-ਦ੍ਰਿਸ਼ਟ ਲੀਡਰਸ਼ਿੱਪ ਹੀ ਅਜਿਹੇ ਇਮਤਿਹਾਨ ਪਾਸ ਕਰ ਸਕਦੀ ਹੈ!


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income




Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group

Atlantis Banquets
1273 North Rand Road, Arlington Heights, IL 60004
Ph: 847-259-0013
Cell: 773-225-4123 / 847-708-4997
atlantisbanquetsrr@gmil.com atlantisbanquet.com

Under New Management With New Glance of Experience.







*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Birthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

# ਸਿੱਖ ਤਖਤਾਂ ਦੇ ਜਥੇਦਾਰਾਂ ਦਾ ਅਦਾਲਤਾਂ ਵਲ ਰੁਖ ਜਾਇਜ਼?

**ਜਸਵੀਰ ਸਿੰਘ ਸ਼ੀਰੀ**

***ਗਿਆਨੀ ਰਘਬੀਰ ਸਿੰਘ ਨੇ ਹਾਈਕੋਰਟ ਵਿੱਚੋਂ ਪਟੀਸ਼ਨ ਵਾਪਸ ਲਈ**
***ਮਾਮਲਾ ਹੈਡ ਗ੍ਰੰਥੀ ਦੇ ਅਹੁਦੇ ਤੋਂ ਜਬਰੀ ਮੁਕਤੀ ਦਾ**

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਦੇ ਅਹੁਦੇ ਤੋਂ ਹਟਾਉਣ ਦੇ ਮਾਮਲੇ ਨੂੰ ਲੈ ਕੇ ਬੀਤੇ ਦਿਨੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਚਲੇ ਗਏ ਸਨ। ਉਨ੍ਹਾਂ ਦੀ ਇਸ ਬਾਰੇ ਪਟੀਸ਼ਨ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਜਿਸਟਰ ਵੀ ਕਰ ਲਈ ਸੀ ਅਤੇ ਇਸ ਮਾਮਲੇ ਨੂੰ ਲੈ ਕੇ ਹਾਈ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸੈਕਟਰੀ ਨੂੰ ਨੋਟਿਸ ਵੀ ਭੇਜ ਦਿੱਤਾ ਗਿਆ ਸੀ।

ਇੱਥੇ ਇਹ ਵੀ ਧਿਆਨਯੋਗ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਵਿਦੇਸ਼ ਜਾਣ ਲਈ ਛੁੱਟੀ ਦੀ ਮੰਗ ਕੀਤੀ ਸੀ, ਜਿਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੱਦ ਕਰ ਦਿੱਤਾ ਗਿਆ। ਕਿਹਾ ਜਾ ਰਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਆਪਣੇ ਮੁਲਾਜ਼ਮਾਂ 'ਤੇ ਪਰਦੇਸ ਜਾਣ ਨੂੰ ਲੈ ਕੇ ਕੁਝ ਪਾਬੰਦੀਆਂ ਵੀ ਲਗਾ ਦਿੱਤੀਆਂ ਹਨ। ਅੰਗਰੇਜ਼ਾਂ ਵੇਲੇ ਹੋਂਦ ਵਿੱਚ ਆਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ ਅਨੁਸਾਰ ਤਖਤਾਂ ਦੇ ਜਥੇਦਾਰ ਭਾਵੇਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਨਹੀਂ ਹਨ, ਪਰ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਅਤੇ ਹੈਡ ਗ੍ਰੰਥੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਵਜੋਂ ਸੇਵਾ ਨਿਭਾਉਂਦੇ ਹਨ। ਇਸ ਲਈ ਸ਼੍ਰੋਮਣੀ ਕਮੇਟੀ ਇੱਕ ਤੈਅ ਅਮਲ (ਪ੍ਰੋਸੀਜ਼ਰ) ਰਾਹੀਂ ਸਮੇਂ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਸੇਵਾ ਮੁਕਤ ਕਰ ਸਕਦੀ ਹੈ; ਪਰ ਇਸ ਅਮਲ ਵਿੱਚ ਸੰਬੰਧ ਵਿਅਕਤੀ ਦੀ ਸੁਣਵਾਈ ਵੀ ਲਾਜ਼ਮੀ ਹੁੰਦੀ ਹੈ। ਯਾਦ ਰਹੇ, ਗਿਆਨੀ ਰਘਬੀਰ ਸਿੰਘ ਦੀ ਰਿਟਾਇਰਮੈਂਟ ਵਿੱਚ ਢਾਈ ਕੁ ਸਾਲ ਦਾ ਸਮਾਂ ਰਹਿੰਦਾ ਹੈ।

ਇੱਥੇ ਇਹ ਪੱਖ ਵੀ ਧਿਆਨ ਦੇਣ ਵਾਲਾ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਅਕਾਲ ਤਾਖਤ ਸਾਹਿਬ ਦੇ ਜਥੇਦਾਰ ਹੁੰਦਿਆਂ ਬੀਤੇ ਸਾਲ 2 ਦਸੰਬਰ ਨੂੰ ਅਕਾਲੀ ਲੀਡਰਸ਼ਿੱਪ ਵਿਰੁਧ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਤਨਖ਼ਾਹ ਲਗਾਉਣ ਬਾਰੇ ਹੁਕਮਨਾਮਾ ਸੁਣਾਈਆ ਸੀ। ਉਸ ਵੇਲੇ ਸ੍ਰੀ ਦਮਦਮਾ ਸਾਹਿਬ ਦੇ ਉਸ ਵੇਲੇ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਉਨ੍ਹਾਂ ਦੇ ਨਾਲ ਸਨ। ਸੁਖਬੀਰ ਸਿੰਘ ਬਾਦਲ ਸਮੇਤ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਕੁਝ ਆਗੂਆਂ ਲਈ ਜਿਹੜੀ ਸਜ਼ਾ ਸੁਣਾਈ ਗਈ ਅਤੇ ਜਿਸ ਤਰ੍ਹਾਂ ਦਾ ਵਰਤਾਵ ਜਥੇਦਾਰ ਸਾਹਿਬ ਦਾ ਉਸ ਮੌਕੇ ਵੇਖਣ ਨੂੰ ਮਿਲਿਆ ਸੀ, ਉਸ ਦੀ ਸਾਰੀ ਦੁਨੀਆਂ ਵਿੱਚ ਪ੍ਰਸ਼ੰਸਾ ਹੋਈ ਸੀ। ਇੱਥੋਂ ਤੱਕ ਕੇ ਗੈਰ-ਸਿੱਖ ਅਤੇ ਹੋਰ ਦੂਜੇ ਧਰਮਾਂ ਦੇ ਸੁਹਿਰਦ ਲੋਕ ਵੀ ਇਹ ਮਹਿਸੂਸ ਕਰਨ ਲੱਗੇ ਸਨ ਕਿ ਉਨ੍ਹਾਂ ਦੀਆਂ ਸਮਾਜਿਕ ਵਿਵਸਥਾਵਾਂ ਜਾਂ ਧਰਮਾਂ ਵਿੱਚ ਵੀ ਇਸ ਕਿਸਮ ਦੀਆਂ ਸੰਸਥਾਵਾਂ ਹੋਣੀਆਂ ਚਾਹੀਦੀਆਂ ਹਨ, ਜੋ ਬੇਲਗਾਮ ਹੋ ਚੁਕੇ ਸਿਆਸਤਦਾਨਾਂ ਨੂੰ ਕਿਸੇ ਮਰਯਾਦਾ ਅਤੇ ਜਾਇਜ਼ ਕਿਸਮ ਦੇ ਬੰਧਨ ਦਾ ਪਾਬੰਦ ਰੱਖ ਸਕਣ। ਇਨ੍ਹਾਂ ਸਤਰਾਂ ਦਾ ਲੇਖਕ ਵੀ ਅਕਾਲ ਤਖਤ ਸਾਹਿਬ ਦੀ ਫਸੀਲ ਸਾਹਮਣੇ ਇਸ ਮੌਕੇ ਮੌਜੂਦ ਸੀ। ਪੂਰੇ ਅਮਲ ਦੌਰਾਨ ਇੱਕ ਅੱਖਰ ਦੀ ਵੀ ਕੋਈ ਉਕਾਈ ਨਹੀਂ ਸੀ ਵੇਖੀ ਗਈ। ਹੁਕਮਨਾਮਾ ਸੁਣਾਉਣ ਤੋਂ ਬਾਅਦ ਇਉਂ ਲੱਗਾ ਕਿ ਹੁਕਮਨਾਮੇ ਦੀ ਸਜ਼ਾ ਦੇ ਫੈਸਲੇ ਨੂੰ ਸੁਣਨ ਵੇਲੇ ਕਿਸੇ ਹੋਰ ਦੁਨੀਆਂ ਵਿੱਚ ਵਿਚਰ ਰਹੇ ਸਨ ਅਤੇ ਸੁਣਾਉਣ ਤੋਂ ਬਾਅਦ ਕਿਸੇ ਹੋਰ ਵਿੱਚ। ਕਾਰਵਾਈ ਖਤਮ ਹੋਣ ਤੋਂ ਬਾਅਦ ਲੱਗਿਆ ਜਿਵੇਂ ਫਿਰ ਅਸਲ ਅਤੇ ਖ਼ਰ੍ਹਵੀਂ ਦੁਨੀਆਂ ਵਿੱਚ ਆ ਗਏ ਹੋਈਏ।


ਗਿਆਨੀ ਰਘਬੀਰ ਸਿੰਘ

ਉਂਝ ਬਾਅਦ ਵਿੱਚ ਮੈਨੂੰ ਉਸ ਦਿਨ ਹੀ ਇਹ ਲੱਗਣ ਲੱਗ ਪਿਆ ਸੀ ਕਿ ਇਹ ਫੈਸਲਾ ਜਥੇਦਾਰ ਸਾਹਿਬਾਨ ਨੇ ਸੁਣਾ ਤੇ ਦਿੱਤਾ ਹੈ, ਪਰ ਆਉਂਦੇ ਸਮੇਂ ਵਿੱਚ ਇਸ ਉਤੇ ਅਮਲ ਕਰਵਾਉਣਾ ਇੱਕ ਵੱਡੀ ਚੁਣੌਤੀ ਹੋਏਗੀ। ਇਸ ਦਾ ਕਾਰਨ ਇਹ ਕਿ ਸਾਡੀਆਂ ਸੰਸਥਾਵਾਂ ਅਤੇ ਇਨ੍ਹਾਂ ਦੀ ਸੇਵਾ ਨਿਭਾਅ ਰਹੇ ਆਗੂ ਉਸ ਸਥਿਰ ਰੂਹਾਨੀ ਅਵਸਥਾ ਦੇ ਮਾਲਕ ਨਹੀਂ ਹਨ, ਜਿਸ ਵਿੱਚ ਕੋਈ ਨਿੱਜੀ ਨੁਕਸਾਨ ਜਾਂ ਬਦੀ ਦੀਆਂ ਤਾਕਤਾਂ ਵੱਲੋਂ ਦਿੱਤਾ ਗਿਆ ਦਰਦ ਹੱਸ ਕੇ ਜਰ ਲਿਆ ਜਾਂਦਾ ਹੈ। ਜਿਸ ਹਾਲਤ ਵਿੱਚ ਅੱਜ ਦਾ ਸਿੱਖ ਸਮਾਜ ਵਿਚਰ ਰਿਹਾ ਹੈ ਅਤੇ ਜਿਸ ਕਿਸਮ ਦੀਆਂ ਕੁਰੀਤਿਆਂ ਅਤੇ ਕੁਰਾਹੇ ਇਸ ਵਿੱਚ ਪ੍ਰਵੇਸ਼ ਕਰ ਗਏ ਹਨ, ਉਸ ਵਿੱਚੋਂ ਉਪਰੋਕਤ ਮਾਨਸਿਕ ਅਵਸਥਾ ਵਾਲੀ ਲੀਡਰਸ਼ਿੱਪ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਰ ਦੋ ਦਸੰਬਰ ਨੂੰ ਹੁਕਮਨਾਮਾ ਸੁਣਾਉਣ ਦੇ ਉਨ੍ਹਾਂ ਦੋ-ਡੇੜ ਘੰਟਿਆਂ ਨੇ ਇਹ ਝਲਕਾਂ (ਗਲਿੰਪਸਸ) ਵਿਖਾ ਦਿੱਤੀਆਂ ਸਨ ਕਿ ਸਿੱਖ ਲੀਡਰਸ਼ਿਪ, ਵਿਸ਼ੇਸ਼ ਕਰਕੇ ਧਾਰਮਿਕ ਲੀਡਰਸ਼ਿੱਪ ਕਿਹੋ ਜਿਹੀ ਹੋਣੀ ਚਾਹੀਦੀ ਹੈ।

ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਦਾ ਹਾਈਕੋਰਟ ਤੋਂ ਰਾਹਤ ਲਈ ਪਟੀਸ਼ਨ ਦਾਇਰ ਕਰਨਾ ਇਹ ਵੀ ਦਰਸਾਉਂਦਾ ਹੈ ਕਿ ਸਾਡੀਆਂ ਸੰਸਥਾਵਾਂ ਦੀ ਹਾਲਤ ਅੱਜ ਕਿਸ ਕਿਸਮ ਦੀ ਬਣੀ ਹੋਈ ਹੈ। ਸਹੀ ਰਾਹ ਤੁਰਦੀ ਕਿਸੇ ਸ਼ਖਸੀਅਤ ਲਈ ਸਿੱਖ ਸਮਾਜ ਵਿੱਚ ਸਹਾਰੇ ਵੀ ਮੁੱਕ ਗਏ ਲਗਦੇ ਹਨ? ਇਨ੍ਹਾਂ ਵਿਚਲਾ ਨਿਘਾਰ ਵਿਆਪਕ ਪੱਧਰ 'ਤੇ ਮਾਰ ਕਰਨ ਲੱਗਾ ਹੈ। ਸੁਚੇਤ ਸਿੱਖ ਸੰਗਤ ਅਤੇ ਉਚੇਰੀ ਰੂਹਾਨੀ ਅਵਸਥਾ ਵਾਲੇ ਲੋਕਾਂ ਵੱਲੋਂ ਜੇ ਇਸ ਨੂੰ ਰੋਕਣ ਦੇ ਜਲਦੀ ਯਤਨ ਨਾ ਕੀਤੇ ਗਏ ਤਾਂ ਹੌਲੀ-ਹੌਲੀ ਇਸ ਦੀ ਮਾਰ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀ ਆਭਾ ਨੂੰ ਵੀ ਪ੍ਰਭਾਵਤ ਕਰੇਗੀ। ਜਦੋਂ ਕਿਸੇ ਭਾਈਚਾਰੇ/ਕੌਮ ਦੇ ਰੂਹਾਨੀ ਸੋਮਿਆਂ ਦਾ ਪਤਨ ਸ਼ੁਰੂ ਹੋ ਜਾਵੇ ਤਾਂ ਉਸ ਦਾ ਬਚਾਅ ਬਹੁਤ ਮੁਸ਼ਕਲ ਹੋ ਜਾਂਦਾ ਹੈ। ਇਹ ਠੀਕ ਹੈ ਕਿ ਰਾਜਨੀਤਿਕ ਸ਼ਕਤੀ ਕਿਸੇ ਕੌਮ/ਧਰਮ/ਸੱਭਿਆਚਾਰ ਦੀ ਰਾਖੀ ਲਈ ਫੈਸਲਾਕੁੰਨ ਰੋਲ ਨਿਭਾਉਂਦੀ ਹੈ, ਪਰ ਜੇ ਕਿਸੇ ਕੌਮ ਦੇ ਰਾਜਨੀਤੀਵਾਨ ਆਪਣੀਆਂ ਹੀ ਜੜ੍ਹਾਂ ਵੱਢਣ 'ਤੇ ਉਤਰ ਆਉਣ ਤਾਂ ਸਮਝ ਲਓ ਮਾਮਲਾ ਛੋਟਾ ਨਹੀਂ ਹੈ ਅਤੇ ਛੋਟੇ-ਮੋਟੇ ਅਪਰੇਸ਼ਨ ਨਾਲ ਇਸ ਦਾ ਇਲਾਜ ਵੀ ਸੰਭਵ ਨਹੀਂ ਹੋਏਗਾ।

ਸਿੱਖ ਸਮਾਜ ਦੇ ਵੱਖ-ਵੱਖ ਪੱਖਾਂ ਨੂੰ ਸੁਧਾਰਨ ਲਈ ਸ਼ੁਰੂ ਕੀਤੀਆਂ ਗਈਆਂ ਇਕੱਲੀਆਂ ਇਕਹਿਰੀਆਂ ਸੁਧਾਰ ਲਹਿਰਾਂ ਵੀ ਬਹੁਤੇ ਚੰਗੇ ਨਤੀਜੇ ਨਹੀਂ ਦੇ ਸਕਣਗੀਆਂ। ਇਹ ਉਹ ਹਾਲਤ ਹੈ, ਜਿੱਥੋਂ ਸਿੱਖ ਧਰਮ, ਸਮਾਜ, ਸਭਿਆਚਾਰ ਅਤੇ ਸਿੱਖ ਰਾਜਨੀਤੀ ਦੀ ਕਾਇਆ ਕਲਪ ਲਈ ਇੱਕੋ ਵੇਲੇ ਸਮਾਨੰਤਰ ਯਤਨ ਕਰਨ ਦੀ ਲੋੜ ਪਏਗੀ। ਸਿੱਖ ਰੂਹਾਨੀ ਵਿਗਾਸ ਨੂੰ ਸਿੱਖ ਆਦਰਸ਼ਾਂ ਨਾਲ ਜੋੜਨ ਦਾ ਧਾਰਮਿਕ ਅਮਲ ਅਸਲ ਵਿੱਚ ਸਭ ਤੋਂ ਕੇਂਦਰੀ ਅਮਲ ਹੋਣਾ ਚਾਹੀਦਾ ਹੈ ਅਤੇ ਸਿੱਖ ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਲਹਿਰਾਂ ਇਸ ਨਾਲ ਜੀਵੰਤ (ਆਰਗੈਨਿਕ) ਰੂਪ ਵਿੱਚ ਜੁੜੀਆਂ ਹੋਣੀਆਂ ਚਾਹੀਦੀਆਂ ਹਨ। ਇਹ ਸਾਰਾ ਅਮਲ ਇੱਕੋ ਵੇਲੇ ਸਮਾਨੰਤਰ ਚੱਲਣਾ ਚਾਹੀਦਾ ਹੈ। ਇਹ ਅਸਲ ਵਿੱਚ ਸਿਆਸੀ, ਸਮਾਜਿਕ, ਸੱਭਿਆਚਾਰਕ ਤੌਰ 'ਤੇ ਇੱਕੋ ਵੇਲੇ ਵਾਪਰਨ ਵਰਗਾ ਘਟਨਾਕ੍ਰਮ ਹੋਵੇਗਾ। ਪਹਿਲੇ ਸਮਿਆਂ ਵਿੱਚ ਸੰਪਰਕ ਦੇ ਸਾਧਨ ਜ਼ਿਆਦਾ ਅਤੇ ਬਹੁਤੇ ਤੇਜ਼ ਨਾ ਹੋਣ ਕਾਰਨ ਅਜਿਹਾ ਕਰਨਾ ਮੁਸ਼ਕਲ ਸੀ, ਪਰ ਸੰਸਾਰੀਕਰਣ, ਸੂਚਨਾ ਅਤੇ ਸੰਚਾਰ ਤਕਨੀਕਾਂ ਨੇ ਉਪਰੋਕਤ ਸਮਾਨੰਤਰ ਅਮਲ ਨੂੰ ਸੰਭਵ ਬਣਾ ਦਿੱਤਾ ਹੈ। ਧਰਤੀ ਦੇ ਇੱਕ ਕੋਨੇ 'ਤੇ ਵਾਪਰਦੀ ਕੋਈ ਘਟਨਾ ਜਾਂ ਸਰਗਰਮੀ ਲਾਈਵ ਧਰਤੀ ਦੇ ਕਿਸੇ ਹੋਰ ਕੋਨੇ ਵਿੱਚ ਵਿਖਾਈ ਜਾ ਸਕਦੀ ਹੈ।

ਇਸ ਤਰ੍ਹਾਂ ਵੱਖ-ਵੱਖ ਸਰਗਰਮੀਆਂ ਨੂੰ ਜੋੜਨ ਅਤੇ ਅੰਤਰ ਨਿਰਭਰ ਕਰਨ ਦੇ ਮਾਮਲੇ ਵਿੱਚ ਸਮਾਂ ਤੇ ਸਪੇਸ ਜ਼ੀਰੋ ਹੋ ਗਿਆ ਹੈ। ਇਨ੍ਹਾਂ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਸਿੱਖ ਰੂਹਾਨੀ ਰਹਿਬਰਾਂ, ਵਿਦਵਾਨਾਂ ਅਤੇ ਆਗੂਆਂ ਨੂੰ ਆਪਣੀ ਸਰਗਰਮੀ ਨੂੰ ਰਣਨੀਤਿਕ ਅਤੇ ਦਾਅਪੇਚਕ ਦਿਸ਼ਾ ਦੇਣੀ ਚਾਹੀਦੀ ਹੈ। ਜਿਨ੍ਹਾਂ ਹਾਲਾਤ ਵਿੱਚ ਹੀ ਗਿਆਨੀ ਰਘਬੀਰ ਸਿੰਘ ਹੋਰਾਂ ਨੇ ਅਦਾਲਤ ਵੱਲ ਮੂੰਹ ਕੀਤਾ, ਉਦੋਂ ਬਾਕੀ ਸਾਰੇ ਸਹਾਰੇ ਉਨ੍ਹਾਂ ਤਾਲਸ਼ ਲਏ ਹੋਣਗੇ। ਪੂਰੇ ਸੰਸਾਰ ਵਿੱਚ ਬਹੁਤ ਸਾਰੀਆਂ ਸਿੱਖ ਸੰਸਥਾਵਾਂ, ਜਥੇਬੰਦੀਆਂ, ਸਿੱਖ ਆਗੂਆਂ ਦੇ ਇਸ ਮਾਮਲੇ ਵਿੱਚ ਤੇਜ਼ੀ ਨਾਲ ਦਖਲ ਦੇਣ ਕਾਰਨ ਇਹ ਮਾਮਲਾ ਹਾਲ ਦੀ ਘੜੀ ਸੁਲਝ ਜਾਣ ਦੀ ਆਸ ਬੱਝੀ ਹੈ। ਪੰਥਕ ਸੰਸਥਾਵਾਂ ਵਿੱਚ ਆਏ ਨਿਘਾਰ ਬਾਰੇ ਸਿੱਖ ਸੰਗਤ ਨੂੰ ਵਿਸ਼ੇਸ਼ ਕਰਕੇ ਸੁਚੇਤ ਹੋਣਾ ਚਾਹੀਦਾ ਹੈ। ਸੰਗਤ ਦੇ ਵਿਆਪਕ ਦਬਾਅ ਵਿੱਚੋਂ ਹੀ ਸਿੱਖ ਸੰਸਥਾਵਾਂ ਦੇ ਪੁਨਰ ਉਥਾਨ ਦੇ ਯਤਨ ਸ਼ੁਰੂ ਹੋਣੇ ਹਨ। ਅਸਲ ਵਿੱਚ ਸਿੱਖ ਸੰਸਥਾਵਾਂ ਖਾਸ ਕਰਕੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਅਤੇ ਸ਼੍ਰੋਮਣੀ ਕਮੇਟੀ ਦੇ ਕੰਮ ਕਾਜ ਨੂੰ ਅਕਾਲੀ ਦਲ ਸਮੇਤ ਸਾਰੇ ਸਿਆਸੀ ਦਬਾਅਵਾਂ ਤੋਂ ਮੁਕਤ ਕੀਤੇ ਜਾਣ ਦੀ ਲੋੜ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਵੀ ਇਸ ਮਾਮਲੇ ਵਿੱਚ ਰਾਜਨੀਤਿਕ ਦਬਾਅ ਤੋਂ ਮੁਕਤ ਹੋ ਕੇ ਜਥੇਦਾਰ

⇒ ਬਾਕੀ ਸਫਾ 9 ਉਤੇ ਪੜ੍ਹੋ...



17115 W. Bluemound Rd, Suite D1, Brookfield, WI 53005

We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



BOLLYWOOD Grill
Restaurant - Bar - Banquet
1038 N. Jackson St,
Milwaukee, WI 53202

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

## ਉਪਰੇਸ਼ਨ ਸਿੰਧੂਰ ਦੌਰਾਨ ਗਿਰਾਏ ਗਏ ਲੜਾਕੂ ਜਹਾਜ਼ਾਂ ਬਾਰੇ ਬਹਿਸ ਜਾਰੀ

...ਸਫਾ ਇੱਕ ਦੀ ਬਾਕੀ ⇒

ਰਹੀ ਹੈ? ਭਾਰਤ ਨੇ ਇਹ ਰੀਤ ਇਜ਼ਰਾਇਲ ਤੋਂ ਸਿੱਖੀ ਲਗਦੀ ਹੈ। ਇਜ਼ਰਾਇਲ ਵੀ ਆਪਣੇ ਹੋਣ ਵਾਲੇ ਫੌਜੀ ਨੁਕਸਾਨ ਅਕਸਰ ਲੁਕਾ ਕੇ ਰੱਖਦਾ ਹੈ।

ਇਸ ਮਸਲੇ ਨੂੰ ਲੈ ਕੇ ਕਾਂਗਰਸ ਪਾਰਟੀ ਨੇ ਇੱਕ ਵਾਰ ਫਿਰ ਪਾਰਲੀਮੈਂਟ ਦਾ ਵਿਸ਼ੇਸ਼ ਸੈਸ਼ਨ ਬੁਲਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ 'ਤੇ ਤੁਰੰਤ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਬੁਲਾਰੇ ਜੈ ਰਾਮ ਰਮੇਸ਼ ਨੇ ਕਿਹਾ ਕਿ ਇੱਕ ਸਿਆਸੀ ਫੈਸਲੇ ਕਾਰਨ ਭਾਰਤੀ ਹਵਾਈ ਸੈਨਾ ਦੇ ਜਹਾਜ਼ਾਂ ਦਾ ਨੁਕਸਾਨ ਹੋਇਆ ਹੈ। ਇਸ ਬਾਰੇ ਸਰਕਾਰ ਨੇ ਖਾਮੋਸ਼ੀ ਕਿਉਂ ਧਾਰ ਰੱਖੀ ਹੈ? ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਾਰੀਆਂ ਪਾਰਟੀਆਂ ਦੀ ਇੱਕ ਮੀਟਿੰਗ ਬੁਲਾ ਕੇ ਸਾਰਾ ਕੁਝ ਸਪਸ਼ਟ ਕਰਨਾ ਚਾਹੀਦਾ।

ਜਕਾਰਤਾ ਵਿੱਚ ਮੌਜੂਦ ਭਾਰਤੀ ਅੰਬੈਸੀ ਦੇ ਬੁਲਾਰੇ ਨੇ ਇਸ ਬਾਰੇ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਭਾਰਤੀ ਸਮੁੰਦਰੀ ਸੈਨਾ ਦੇ ਅਧਿਕਾਰੀ ਨੇ ਉਪਰੋਕਤ ਬਿਆਨ ਵਿੱਚ ਸਿਰਫ ਇਸ ਤੱਥ 'ਤੇ ਚਾਨਣਾ ਪਾਇਆ ਹੈ ਕਿ ਭਾਰਤੀ ਫੌਜ ਸਿਆਸੀ ਲੀਡਰਸ਼ਿੱਪ ਦੇ ਅਧੀਨ ਕੰਮ ਕਰਦੀ ਹੈ। ਮੀਡੀਆ ਵੱਲੋਂ ਉਨ੍ਹਾਂ ਦੇ ਬਿਆਨ ਨੂੰ ਵਿਗਾੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਅੰਬੈਸੀ ਦੇ ਬੁਲਾਰੇ ਨੇ ਕਿਹਾ ਕਿ ਕੈਪਟਨ ਸ਼ਿਵ ਕੁਮਾਰ ਦੇ ਬਿਆਨ ਨੂੰ ਸੰਦਰਭ ਨਾਲੋਂ ਤੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਬਿਆਨ ਵਿੱਚ ਇਹ ਕਹਿਣ ਦਾ ਯਤਨ ਕੀਤਾ ਗਿਆ ਹੈ ਕਿ ਉਪਰੇਸ਼ਨ ਸਿੰਧੂਰ ਦਾ ਨਿਸ਼ਾਨਾ ਅਤਿਵਾਦੀਆਂ ਵੱਲੋਂ ਪਾਕਿਸਤਾਨ ਵਿੱਚ ਵਰਤਿਆ ਜਾ ਰਿਹਾ ਆਧਾਰ ਢਾਂਚਾ ਖਤਮ ਕਰਨਾ ਸੀ। ਇਸ ਬਿਆਨ ਵਿੱਚ ਇਹ ਵੀ ਸਵੀਕਾਰ ਕੀਤਾ ਗਿਆ ਕਿ ਹੈ ਕਿ ਪਹਿਲੇ ਨੁਕਸਾਨ ਹੋਣ ਪਿੱਛੋਂ ਹਵਾਈ ਸੈਨਾ ਨੇ ਆਪਣੀ ਗਲਤੀ ਦਰੁਸਤ ਕਰਦਿਆਂ ਪਹਿਲਾਂ ਪਕਿਸਤਾਨ ਦੇ ਹਵਾਈ ਟਿਕਾਣਿਆਂ 'ਤੇ ਹਮਲੇ ਕੀਤੇ ਅਤੇ ਬਾਅਦ ਵਿੱਚ ਅਤਿਵਾਦੀ ਟਿਕਾਣਿਆਂ 'ਤੇ ਹਮਲੇ ਕੀਤੇ। ਉਂਝ ਇਹ ਤੱਥ ਇਸ ਤੋਂ ਪਹਿਲਾਂ ਭਾਰਤੀ ਫੌਜਾਂ ਦੇ ਚੀਫ ਆਫ ਡਿਫੈਂਸ ਨੇ ਵੀ ਸਵੀਕਾਰ ਕਰ ਲਿਆ ਸੀ ਕਿ ਭਾਰਤ-ਪਾਕਿ ਵਿਚਕਾਰ ਹੋਈਆਂ ਚਾਰ ਦਿਨਾ ਝੜਪਾਂ ਵਿੱਚ ਭਾਰਤੀ ਜੈਟ ਗਿਰਾਇਆ ਗਿਆ ਸੀ; ਪਰ ਉਨ੍ਹਾਂ ਮਾਰ ਗਿਰਾਏ ਗਏ ਜਹਾਜ਼ਾਂ ਦੀ ਗਿਣਤੀ ਨਹੀਂ ਸੀ ਦੱਸੀ।

ਯਾਦ ਰਹੇ ਕਿ ਭਾਰਤ ਵੱਲੋਂ ਪਹਿਲਗਾਮ ਹਮਲੇ ਦੇ ਬਦਲੇ ਵਜੋਂ ਪਾਕਿਸਤਾਨ ਵਿਚਲੇ ਅਤਿਵਾਦੀ ਟਿਕਾਣਿਆਂ ਨੂੰ ਖਤਮ ਕਰਨ ਲਈ ਉਪਰੇਸ਼ਨ ਸਿੰਧੂਰ 7 ਜੂਨ ਨੂੰ ਸ਼ੁਰੂ ਕੀਤਾ ਗਿਆ ਸੀ। ਚਾਰ ਦਿਨ ਚੱਲੇ ਇਸ ਉਪਰੇਸ਼ਨ ਵਿੱਚ ਗੋਲੀਬੰਦੀ ਬਾਰੇ ਐਲਾਨ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ 10 ਜੂਨ ਨੂੰ ਕੀਤਾ ਗਿਆ ਸੀ। ਉਨ੍ਹਾਂ ਨੇ ਇਸ ਜੰਗ ਨੂੰ ਰੁਕਵਾਉਣ ਲਈ ਆਪਣੀ ਸਰਗਰਮ ਭੂਮਿਕਾ ਬਾਰੇ ਵਾਰ-ਵਾਰ ਜ਼ਿਕਰ ਕੀਤਾ ਹੈ, ਜਦਕਿ ਭਾਰਤ ਸਰਕਾਰ ਦਾ ਆਖਣਾ ਹੈ ਕਿ ਇਹ ਜੰਗਬਦੀ ਦੋਹਾਂ ਮੁਲਕਾਂ ਦੇ ਚੀਫ ਆਫ ਡਿਫੈਂਸ ਸਟਾਫ ਵੱਲੋਂ ਆਪਸ ਵਿੱਚ ਦੁਵੱਲੀ ਵਾਰਤਾ ਤੋਂ ਬਾਅਦ ਕੀਤੀ ਗਈ ਸੀ। ਇਸ ਹਮਲੇ ਤੋਂ ਬਾਅਦ ਦੋਨਾ ਮੁਲਕਾਂ ਵਿਚਕਾਰ ਜ਼ੋਰਦਾਰ ਲੜਾਈ ਸ਼ੁਰੂ ਹੋ ਗਈ ਸੀ। ਇਸ ਲੜਾਈ ਨੂੰ ਖਤਮ ਕਰਵਾਉਣ ਲਈ ਅਮਰੀਕਾ ਦੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਅਤੇ ਵਿਦੇਸ਼ ਸਕੱਤਰ ਮਾਰਕੋ ਰੂਬੀਓ ਭਾਰਤ ਗਏ ਸਨ। ਅਮਰੀਕੀ ਰਾਸ਼ਟਰਪਤੀ ਟਰੰਪ ਅਨੁਸਾਰ ਉਨ੍ਹਾਂ ਦੇ ਹੁਕਮ 'ਤੇ ਦੋਹਾਂ ਅਮਰੀਕੀ ਆਗੂਆਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਰੁਕਵਾਉਣ ਲਈ ਜ਼ੋਰਦਾਰ ਯਤਨ ਕੀਤੇ। ਪਾਕਿਸਤਾਨ ਨੇ ਅਮਰੀਕੀ ਰਾਸ਼ਟਰਪਤੀ ਦਾ ਇਸ ਜੰਗ ਨੂੰ ਰੁਕਵਾਉਣ ਲਈ ਸਵਾਗਤ ਵੀ ਕੀਤਾ, ਜਦਕਿ ਭਾਰਤ ਨੇ ਇਸ ਨੂੰ ਸਿਰਫ ਦੁਵੱਲੀ ਗੱਲਬਾਤ ਦਾ ਨਤੀਜਾ ਦੱਸਿਆ। ਪਾਕਿਸਤਾਨ ਅਸਲ ਵਿੱਚ ਕਸ਼ਮੀਰ ਮਸਲੇ ਦਾ ਹਰ ਹਾਲ ਅੰਤਰਾਸ਼ਟਰੀਕਰਨ ਕਰਨਾ ਚਾਹੁੰਦਾ ਹੈ। ਇਸ ਹਮਲੇ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਨੂੰ ਜਾਂਦਾ ਕੁਝ ਦਰਿਆਈ ਪਾਣੀ ਵੀ ਰੋਕ ਰੱਖਿਆ ਹੈ। ਉਂਝ ਉਪਰੇਸ਼ਨ ਸਿੰਧੂਰ ਵੇਲੇ ਭਾਰਤ ਨੇ ਪਾਕਿਸਤਾਨ ਨੂੰ ਹਮਲਾ ਕਰਨ ਤੋਂ ਪਹਿਲਾਂ ਹੀ ਦੱਸ ਦਿੱਤਾ ਸੀ ਕਿ ਇਹ ਕਾਰਵਾਈ ਜੰਗ ਨੂੰ ਭੜਕਾਉਣ ਵਾਲੀ (ਐਸਕੇਲੇਟਰੀ) ਨਹੀਂ ਹੋਏਗੀ, ਅਸੀਂ ਸਿਰਫ ਅਤਿਵਾਦੀ ਟਿਕਾਣਿਆਂ ਨੂੰ ਨੁਕਸਾਨ ਪਹੁੰਚਾਵਾਂਗੇ। ਫਿਰ ਵੀ ਪਾਕਿਸਤਾਨ ਵੱਲੋਂ ਇਸ ਹਮਲੇ ਦਾ ਜ਼ਬਰਦਸਤ ਜਵਾਬ ਦਿੱਤਾ ਗਿਆ ਅਤੇ ਬਾਕਾਇਦਾ ਲੜਾਈ ਸ਼ੁਰੂ ਹੋ ਗਈ ਸੀ।

ਅਸਲ ਵਿੱਚ ਉਪਰੇਸ਼ਨ ਸਿੰਧੂਰ ਦੌਰਾਨ ਗਿਰਾਏ ਗਏ ਭਾਰਤੀ ਹਵਾਈ ਸੈਨਾ ਦੇ ਜਹਾਜ਼ਾਂ ਦੀ ਗੱਲ ਉਦੋਂ ਹੀ ਮੁੱਕਣੀ ਹੈ, ਜਦੋਂ ਭਾਰਤ ਸਰਕਾਰ ਵੱਲੋਂ ਇਸ ਬਾਰੇ ਸਪਸ਼ਟ ਕਰ ਦਿੱਤਾ ਜਾਵੇਗਾ ਕਿ ਕਿੰਨੇ ਭਾਰਤੀ ਜਹਾਜ਼ ਗਿਰਾਏ ਗਏ ਸਨ। ਹਵਾਈ ਸੈਨਾ ਦੇ ਪਾਇਲਟਾਂ ਬਾਰੇ ਭਾਰਤੀ ਸੈਨਾ ਭਾਵੇਂ ਆਖ ਚੁੱਕੀ ਹੈ ਕਿ ਸਾਰੇ ਪਾਇਲਟ ਬਚਾ ਲਏ ਗਏ ਸਨ, ਪਰ ਵਿਰੋਧੀ ਧਿਰ ਇਸ ਨੂੰ ਮੰਨਣ ਲਈ ਤਿਆਰ ਨਹੀਂ ਹੈ। ਉਨ੍ਹਾਂ ਦਾ ਆਖਣਾ ਹੈ ਕਿ ਸਾਰੀ ਸਥਿਤੀ ਨੂੰ ਜਨਤਕ ਕੀਤਾ ਜਾਵੇ ਅਤੇ ਜੇ ਕੋਈ ਪਾਇਲਟ ਮਾਰਿਆ ਗਿਆ ਹੈ ਤਾਂ ਉਸ ਨੂੰ ਬਾਕਾਇਦਾ ਸ਼ਹੀਦ ਐਲਾਨ ਕੇ ਉਸ ਦੇ ਪਰਿਵਾਰ ਨੂੰ ਰਾਹਤ ਦਿੱਤੀ ਜਾਵੇ।

## ਜਗਜੀਤ ਸਿੰਘ (ਜੱਗਾ) ਬਾਜਵਾ ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ ਦੇ ਪ੍ਰਧਾਨ ਬਣੇ

**ਕਰਾਊਨ ਪੁਆਇੰਟ, ਇੰਡੀਆਨਾ:** ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ ਦੀ ਹੋਈ ਚੋਣ ਵਿੱਚ ਜਗਜੀਤ ਸਿੰਘ (ਜੱਗਾ) ਬਾਜਵਾ ਪ੍ਰਧਾਨ ਬਣਾਏ ਗਏ ਹਨ, ਜਦਕਿ ਉਪ ਪ੍ਰਧਾਨ ਦੇ ਅਹੁਦੇ ਲਈ ਸੰਦੀਪ ਸਿੰਘ ਸ਼ਾਹੀ ਨੂੰ ਚੁਣਿਆ ਗਿਆ ਹੈ। ਇਸ ਸਬੰਧੀ ਕਲੱਬ ਦੀ ਹੰਗਾਮੀ ਮੀਟਿੰਗ ਲੰਘੇ ਦਿਨੀਂ ਸ਼ੈਰਰਵਿਲ ਦੇ ਤੰਦੂਰ ਇੰਡੀਅਨ ਰੈਸਟੋਰੈਂਟ ਵਿੱਚ ਹੋਈ, ਜਿੱਥੇ ਕਲੱਬ ਦੇ ਮੈਂਬਰਾਂ ਵੱਲੋਂ ਆਪਸੀ ਵਿਚਾਰਾਂ ਮਗਰੋਂ ਸਹਿਮਤੀ ਨਾਲ ਉਕਤ ਅਹੁਦੇਦਾਰ ਚੁਣੇ ਗਏ। ਮੀਟਿੰਗ ਵਿੱਚ ਕਲੱਬ ਮੈਂਬਰਾਂ ਤੋਂ ਇਲਾਵਾ ਗੁਰਦੁਆਰਾ ਕਰਾਊਨ ਪੁਆਇੰਟ ਨਾਲ ਜੁੜੀਆਂ ਕੁਝ ਹੋਰ ਸ਼ਖਸੀਅਤਾਂ ਨੇ ਵੀ ਹਿੱਸਾ ਲਿਆ। ਇਸ ਸਮੇਂ ਹਾਜ਼ਰੀਨ ਨੇ ਪ੍ਰਧਾਨ ਤੇ ਉਪ ਪ੍ਰਧਾਨ ਨੂੰ ਵਧਾਈ ਦਿੰਦਿਆਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਗੱਲ ਕਹੀ।


ਜੱਗਾ ਬਾਜਵਾ

ਜ਼ਿਕਰਯੋਗ ਹੈ ਕਿ ਪਹਿਲਾਂ ਵੀ ਕਲੱਬ ਦੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਹੁੰਦੀ ਰਹੀ ਹੈ ਅਤੇ ਇਹ ਚੋਣ ਵੀ ਸਹਿਮਤੀ ਨਾਲ ਕੀਤੀ ਗਈ ਹੈ। ਕਲੱਬ ਵੱਲੋਂ ਨੌਜਵਾਨਾਂ ਤੇ ਬੱਚਿਆਂ ਨੂੰ ਖੇਡਾਂ ਤੇ ਸੱਭਿਆਚਾਰਕ ਸਮਾਗਮਾਂ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਂਦੇ ਹਨ। ਕਲੱਬ ਅਨੁਸਾਰ 9 ਅਗਸਤ 2025 ਨੂੰ ਇੱਕ ਪਰਿਵਾਰਕ ਸਮਾਗਮ ਲੋਕਾਂ ਦੇ ਮਨੋਰੰਜਨ ਲਈ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਨਾਮੀ ਗਾਇਕਾ ਮਿਸ ਪੂਜਾ (ਹੁਣ ਮਿਸਿਜ਼ ਪੂਜਾ) ਆਪਣੀ ਗਾਇਕੀ ਰਾਹੀਂ ਸਰੋਤਿਆਂ ਦਾ ਮਨੋਰੰਜਨ ਕਰੇਗੀ।



ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ ਦੇ ਮੈਂਬਰ ਤੇ ਹੋਰ ਸ਼ਖਸੀਅਤਾਂ




# ਅਸਲ ਸਿੱਖ ਪ੍ਰਤੀਨਿਧਤਾ ਨੂੰ ਪਾਸੇ ਧੱਕਣ ਦੇ ਯਤਨ

***ਮਜੀਠੀਆ ਦੀ ਗ੍ਰਿਫਤਾਰੀ ਪਿੱਛੇ ਕੰਮ ਕਰਦੀ ਸਿਆਸਤ   *ਕਾਂਗਰਸ ਸੰਘ ਵਾਲੀ ਸਿਆਸੀ ਲਾਗ ਤੋਂ ਖਹਿੜਾ ਛੁਡਾ ਸਕੇਗੀ?***


**ਜਸਵੀਰ ਸਿੰਘ ਮਾਂਗਟ**

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਜਿੱਤਦਿਆਂ ਹੀ ਪੰਜਾਬ ਦੀ 'ਆਪ' ਸਰਕਾਰ ਨੇ ਆਪਣੇ ਸਿਆਸੀ ਵਿਰੋਧੀਆਂ ਨੂੰ ਨੱਪਣਾ ਸ਼ੁਰੂ ਕਰ ਦਿੱਤਾ ਹੈ। ਇਸ ਜ਼ਿਮਨੀ ਚੋਣ ਵਿੱਚ ਅਕਾਲੀ ਦਲ, ਭਾਜਪਾ ਤੋਂ ਵੀ ਪਿੱਛੇ ਰਿਹਾ ਹੈ ਅਤੇ ਅੱਠ ਹਜ਼ਾਰ ਤੋਂ ਕੁਝ ਕੁ ਵੱਧ ਵੋਟਾਂ ਹਾਸਲ ਕਰਕੇ ਜ਼ਮਾਨਤ ਜ਼ਬਤ ਕਰਵਾ ਬੈਠਾ ਹੈ; ਪਰ ਇਸ ਚੋਣ ਵਿੱਚ ਜ਼ਾਹਰ ਹੋਈ ਬਾਦਲ ਦਲ ਦੀ ਵੋਟ ਖਿੱਚਣ ਦੀ ਸਿਆਸੀ ਕਮਜ਼ੋਰੀ ਨੂੰ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਭੁਨਾਉਣਾ ਸ਼ੁਰੂ ਕਰ ਦਿੱਤਾ ਹੈ। ਮੀਡੀਆ ਦੇ ਕੁਝ ਹਲਕੇ ਇਸ ਵਿੱਚ ਭਾਜਪਾ, ਖਾਸ ਕਰਕੇ ਕੇਂਦਰੀ ਗ੍ਰਹਿ ਮੰਤਰੀ ਦਾ ਹੱਥ ਵੀ ਵੇਖ ਰਹੇ ਹਨ।

ਭਾਜਪਾ ਦੀ ਰਣਨੀਤੀ ਇਹ ਜਾਪਦੀ ਹੈ ਕਿ ਪੰਜਾਬ ਸਰਕਾਰ ਬਿਕਰਮ ਸਿੰਘ ਮਜੀਠੀਆ 'ਤੇ ਕੇੜਾ ਕੱਸੇ ਅਤੇ ਭਾਜਪਾ ਉਸ ਨੂੰ ਪਲੋਸ ਕੇ ਆਪਣੇ ਵੱਲ ਆਉਣ ਲਈ ਇਸ਼ਾਰਾ ਕਰੇ। ਇਸ ਲਈ ਸ਼ਾਇਦ ਪਾਰਟੀ ਦੇ ਸੀਨੀਅਰ ਆਗੂ ਤਾਰੁਣ ਚੁੱਘ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਪੰਜਾਬ ਸਰਕਾਰ ਵੱਲੋਂ ਮਜੀਠੀਆ ਦੀ ਗ੍ਰਿਫਤਾਰੀ ਦੀ ਨਿਖੇਧੀ ਕੀਤੀ ਹੈ। ਭਾਜਪਾ ਅਸਲ ਵਿੱਚ ਪੰਜਾਬ ਵਿੱਚ ਪਾਰਟੀ ਦੀ ਮੁੱਖ ਢੋਈ ਬਣਨ ਵਾਲੇ ਆਗੂ ਦੀ ਤਾਲਾਸ਼ ਕਰ ਰਹੀ ਹੈ। ਕਿਉਂਕਿ ਕੇਂਦਰ ਵਿੱਚ ਰਾਜ ਕਰ ਰਹੀ ਇਸ ਪਾਰਟੀ ਦੇ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਪੈਰ ਨਹੀਂ ਲੱਗ ਰਹੇ। ਧਿਆਨਯਗਿ ਹੈ ਕਿ ਬਿਕਰਮ ਸਿੰਘ ਮਜੀਠੀਆ ਨੂੰ ਪੰਜਾਬ ਵਿਜੀਲੈਂਸ ਬਿਊਰੋ ਨੇ ਅਮ੍ਰਿਤਸਰ ਤੋਂ ਉਨ੍ਹਾਂ ਦੇ ਘਰੋ ਏ.ਆਈ.ਜੀ ਸਵਰਨਦੀਪ ਸਿੰਘ ਦੇ ਬਿਆਨ ਨੂੰ ਅਧਾਰ ਬਣਾ ਕੇ ਦਰਜ ਕੀਤੀ ਗਈ ਇੱਕ ਨਵੀਂ ਐਫ.ਆਈ.ਆਰ ਤਹਿਤ ਗ੍ਰਿਫਤਾਰ ਕੀਤਾ ਹੈ। ਉਨ੍ਹਾਂ 'ਤੇ ਆਪਣੀਆਂ ਪਰਿਵਾਰਕ ਕੰਪਨੀਆਂ ਵਿੱਚ ਪੈਸੇ ਦੇ ਲੈਣ-ਦੇਣ ਵਿੱਚ ਕੀਤੀਆਂ ਗਈਆਂ ਬੇਨਿਯਮੀਆਂ ਦਾ ਮਾਮਲਾ ਦੱਸਿਆ ਜਾ ਰਿਹਾ ਹੈ; ਪਰ ਮੀਡੀਏ ਵਿੱਚ 'ਆਪ' ਅਤੇ ਪੰਜਾਬ ਸਰਕਾਰ ਵੱਲੋਂ ਪ੍ਰਚਾਰ ਉਸ ਦੇ ਨਸ਼ੇ ਦਾ ਸੌਦਾਗਰ ਹੋਣ ਦਾ ਕੀਤਾ ਜਾ ਰਿਹਾ ਹੈ।

ਇਹ ਗੱਲ ਸੱਚ ਹੈ ਕਿ ਅਕਾਲੀ ਸਰਕਾਰ ਸਮੇਂ ਪੰਜਾਬ ਵਿੱਚ ਕੈਮੀਕਲੀ ਤਿਆਰ ਕੀਤੇ ਗਏ ਨਸ਼ਿਆਂ ਦੀ ਭਰਮਾਰ ਹੋ ਗਈ ਸੀ ਅਤੇ ਇਸ ਵਿੱਚ ਨੌਜਵਾਨਾਂ ਦੀਆਂ ਮੌਤਾਂ ਹੋਣ ਲੱਗੀਆਂ ਸਨ, ਪਰ ਇਸ ਵਿੱਚ ਮਜੀਠੀਆ ਦਾ ਸਿੱਧਾ ਜਾਂ ਅਸਿੱਧਾ ਕਿੰਨਾ ਕੁ ਹੱਥ ਹੈ, ਇਹ ਜਾਂ ਤੇ ਉਹ ਆਪ ਹੀ ਦੱਸ ਸਕਦੇ ਹਨ ਜਾਂ ਜਾਂਚ ਏਜੰਸੀਆਂ ਹੀ ਹਨ, ਜਿਨ੍ਹਾਂ ਨੂੰ ਇਹਦੇ ਬਾਰੇ ਅਸਲੀਅਤ ਦਾ ਪਤਾ ਹੋ ਸਕਦਾ ਹੈ। ਬਿਨਾ ਤੱਥਾਂ ਤੋਂ ਇਹਦੇ ਬਾਰੇ ਬੋਲਣਾ ਹਵਾ ਵਿੱਚ ਡਾਂਗਾਂ ਮਾਰਨ ਵਾਂਗ ਹੋਵੇਗਾ। 'ਆਪ' ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਇੱਕ ਵਾਰ ਮਜੀਠੀਏ ਨੂੰ ਬੇਕਸੂਰ ਆਖ ਕੇ ਮੁਆਫੀ ਵੀ ਮੰਗ ਲਈ ਸੀ, ਪਰ ਹੁਣ ਜਦੋਂ ਅਗਲੀਆਂ ਚੋਣਾਂ ਵਿੱਚ ਸਾਲ, ਸਵਾ ਸਾਲ ਦਾ ਸਮਾਂ ਰਹਿ ਗਿਆ ਹੈ ਤਾਂ ਆਮ ਆਦਮੀ ਪਾਰਟੀ ਇੱਕ ਵਾਰ ਫਿਰ ਉਸ ਦੇ ਦੁਆਲੇ ਹੋ ਗਈ ਹੈ। ਜ਼ਿਕਰਯੋਗ ਹੈ ਕਿ ਆਮਦਨ ਤੋਂ ਵੱਧ ਜਾਇਦਾਦ ਅਤੇ 540 ਕਰੋੜ ਤੋਂ ਵੱਧ ਦੇ ਹੇਰ-ਫੇਰ ਦੇ ਦੋਸ਼ਾਂ ਵਿੱਚ ਮਜੀਠੀਆ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ 26 ਜੂਨ ਨੂੰ ਮੁਹਾਲੀ ਦੀ ਇੱਕ ਅਦਾਲਤ ਵਿੱਚ ਪੇਸ਼ ਕਰਕੇ 7 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ।

ਯਾਦ ਰਹੇ, ਪਿਛਲੇ ਸਾਲ 2 ਦਸੰਬਰ ਤੋਂ ਪਹਿਲਾਂ ਜਦੋਂ ਅਕਾਲੀ ਦਲ ਦੇ ਆਗੂਆਂ ਦੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਣ ਦੀ ਚਰਚਾ ਚੱਲ ਰਹੀ ਸੀ ਤਾਂ ਬਿਕਰਮ ਸਿੰਘ ਮਜੀਠੀਆ ਵੱਲੋਂ ਉਸ ਵੇਲੇ ਧਾਰਨ ਕੀਤੀ ਗਈ ਭੇਦਭਰੀ ਖਾਮੋਸ਼ੀ ਦੇ ਅਰਥ ਮੀਡੀਆ ਹਲਕਿਆਂ ਵਿੱਚ ਇਹ ਕੱਢੇ ਜਾ ਰਹੇ ਸਨ ਕਿ ਬਿਕਰਮ ਸਿੰਘ ਮਜੀਠੀਆ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਨਾਰਾਜ਼ ਚੱਲ ਰਹੇ ਹਨ ਅਤੇ ਉਨ੍ਹਾਂ ਦੇ ਭਾਰਤੀ ਜਨਤਾ ਪਾਰਟੀ ਵਿੱਚ ਜਾਣ ਦੀਆਂ ਕਿਆਸ ਅਰਾਈਆਂ ਵੀ ਚੱਲ ਰਹੀਆਂ ਸਨ; ਪਰ 2 ਦਸੰਬਰ ਤੋਂ ਕੁਝ ਦਿਨ ਪਹਿਲਾਂ ਹੀ ਸੁਖਬੀਰ ਬਾਦਲ ਵੱਲੋਂ ਮੁੜ ਮਜੀਠੀਆ ਨੂੰ ਆਪਣੇ ਵੱਲ ਸਰਕਾ ਲਿਆ ਗਿਆ। ਇਸੇ ਦਰਮਿਆਨ ਨਰਾਇਣ ਸਿੰਘ ਚੌੜਾ ਵੱਲੋਂ ਸੁਖਬੀਰ ਸਿੰਘ ਬਾਦਲ 'ਤੇ ਕੀਤੇ ਗਏ ਕਥਿੱਤ ਜਾਨ ਲੇਵਾ ਹਮਲੇ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਖੁੱਲ੍ਹ ਕੇ ਸੁਖਬੀਰ ਸਿੰਘ ਬਾਦਲ ਦੇ ਪੱਖ ਵਿੱਚ ਆ ਗਏ ਸਨ। ਇਸ ਦਰਮਿਆਨ ਸੁਖਬੀਰ ਬਾਦਲ ਨਾਲ ਹਮਲੇ ਨੂੰ ਲੈ ਕੇ ਜਿਸ ਕਿਸਮ ਦੀ ਹਮਲਾਵਰ ਭਾਸ਼ਾ ਬਿਕਰਮ ਸਿੰਘ ਮਜੀਠੀਆ ਵੱਲੋਂ ਨਰਾਇਣ ਸਿੰਘ ਚੌੜਾ ਅਤੇ ਉਸ ਦੀਆਂ ਪੱਖੀ ਰੈਡੀਕਲ ਸਿੱਖ ਧਿਰਾਂ ਲਈ ਵਰਤੀ ਗਈ, ਉਹ ਭਾਰਤੀ ਜਨਤਾ ਪਾਰਟੀ ਦੀ ਸਿਆਸਤ ਨੂੰ ਹੁਣ ਐਨ ਫਿੱਟ ਬੈਠਦੀ ਹੈ।



ਬਿਕਰਮ ਸਿੰਘ ਮਜੀਠੀਆ


ਅਸਲ ਵਿੱਚ ਭਾਰਤੀ ਜਨਤਾ ਪਾਰਟੀ ਸਿੱਖ ਸਿਆਸੀ ਮਸਲੇ ਨਜਿੱਠਣ ਦੇ ਮਾਮਲੇ ਵਿੱਚ ਹੁਣ ਇੰਦਰਾ ਗਾਂਧੀ ਵਾਲੀ ਸਿਆਸਤ ਨੂੰ ਹੀ ਆਦਰਸ਼ ਬਣਾ ਬੈਠੀ ਹੈ। ਇਸ ਦ੍ਰਿਸ਼ਟੀ ਵਿੱਚ ਸਿੱਖ ਜਾਂ ਪੰਜਾਬ ਸਮੱਸਿਆ ਨੂੰ ਇੱਕ ਸਿਆਸੀ-ਸੱਭਿਆਚਾਰਕ ਸਮੱਸਿਆ ਨਾ ਸਮਝ ਕੇ ਅਮਨ-ਕਾਨੂੰਨ ਦਾ ਮਸਲਾ ਸਮਝਣਾ ਹੈ। ਇਹ ਇਸੇ ਕਰਕੇ ਹੈ ਕਿ ਭਾਜਪਾ ਪੰਜਾਬ ਵਿੱਚ ਸਿੱਖ/ਪੰਜਾਬ ਦੇ ਨਵੇਂ-ਪੁਰਾਣੇ ਮਸਲਿਆਂ ਪ੍ਰਤੀ ਜ਼ਰਾ ਜਿੰਨਾ ਝੁਕਾ ਰੱਖਣ ਵਾਲੀਆਂ ਸਿੱਖ ਸਿਆਸੀ ਧਿਰਾਂ ਪ੍ਰਤੀ ਵੀ ਅਸਹਿਣਸ਼ੀਲ ਹੋ ਜਾਂਦੀ ਹੈ। ਇਸੇ ਕਰੇ ਇਹ ਧਿਰਾਂ ਪੰਜਾਬ ਦੀ ਚੋਣ ਸਿਆਸਤ ਵਿੱਚੋਂ ਇੱਕ ਯੋਜਨਾਬੱਧ ਢੰਗ ਨਾਲ ਪਾਸੇ ਕੀਤੀਆਂ ਜਾ ਰਹੀਆਂ ਹਨ। ਇਹ ਅਸਲ ਵਿੱਚ ਇੱਕ ਕੌਮ/ਕਮਿਊਨਿਟੀ ਦੇ ਜਾਇਜ਼ ਮਸਲਿਆਂ ਨੂੰ ਵੀ ਜਮਹੂਰੀ ਸਿਆਸਤ ਦੇ ਘੇਰੇ ਵਿੱਚੋਂ ਬਾਹਰ ਧੱਕਣ ਦਾ ਅਮਲ ਹੈ। ਜਮਹੂਰੀ ਸਿਆਸਤ ਨੂੰ ਅਜਿਹੇ ਬੰਨ੍ਹ ਮਾਰਨ ਦੇ ਨਤੀਜੇ ਬਹੁਤੀ ਵਾਰ ਵਿਗੜੇ/ਹਿੰਸਕ ਰੂਪ ਵਿੱਚ ਸਾਹਮਣੇ ਆਉਂਦੇ ਹਨ। ਇਸੇ ਲਈ ਸਿੱਖ/ਪੰਜਾਬ ਦੀਆਂ ਅਸਲ ਪ੍ਰਤੀਨਿਧ ਧਿਰਾਂ ਨੂੰ ਪੰਜਾਬ ਦੀ ਜਮਹੂਰੀ ਸਿਆਸਤ ਵਿੱਚ ਸਪੇਸ ਮੁਹੱਈਆ ਕਰਨੀ ਇੱਕ ਅਹਿਮ ਮਾਮਲਾ ਹੈ।

ਸਰਬ ਭਾਰਤੀ ਘੇਰਾ ਰੱਖਣ ਵਾਲੀਆਂ ਪਾਰਟੀਆਂ ਲਈ ਵੀ ਇਹੋ ਲਾਹੇਵੰਦ ਰਹੇਗਾ ਕਿ ਉਹ ਸਿੱਖਾਂ 'ਤੇ ਆਪਣੇ ਹਿੱਤਾਂ ਮੁਤਾਬਕ ਲੀਡਰ ਮੜ੍ਹਨ ਦੀ ਬਜਾਏ ਸਿੱਖ ਹਿੱਤਾਂ ਨੂੰ ਪ੍ਰਣਾਈ ਲੀਡਰਸ਼ਿੱਪ ਨੂੰ ਉਭਰਣ ਦਾ ਮੌਕਾ ਦੇਣ। ਇਸ ਮਾਮਲੇ ਵਿੱਚ ਕਾਂਗਰਸ ਨਾਲ ਸਿੱਖਾਂ ਦੇ ਇਤਿਹਾਸਕ ਕਲੇਸ਼ ਤੋਂ ਭਾਰਤੀ ਜਨਤਾ ਪਾਰਟੀ ਸਬਕ ਸਿੱਖ ਸਕਦੀ ਹੈ, ਪਰ ਇੰਨੀ ਉਦਾਰਤਾ ਉਸ ਵਿਚਾਰਧਾਰਾ ਦੇ ਅਧੀਨ ਭਾਜਪਾ ਦੇ ਪੱਲੇ ਨਹੀਂ ਹੈ, ਜਿਸ ਦੇ ਅਨੁਸਾਰ ਹਿੰਦੁਸਤਾਨ ਵਿੱਚ ਵੱਸਣ ਵਾਲੇ ਸਾਰੇ ਧਰਮਾਂ ਦੇ ਲੋਕ 'ਹਿੰਦੂ' ਹਨ। ਵੱਖ-ਵੱਖ ਧਰਮਾਂ/ਕੌਮਾਂ/ਸੱਭਿਆਚਾਰਾਂ/ਨਸਲਾਂ/ਮਨੁੱਖੀ ਅਤੇ ਸਮਾਜਕ ਵਖਰੇਵਿਆਂ ਦੀ ਹਸਤੀ ਨੂੰ ਸਮਾਨੰਤਰ ਸਵਿਕਾਰ ਕਰਨ ਵਾਲੀ ਵਿਚਾਰਧਾਰਾ ਹੀ ਅਸਲ ਵਿੱਚ ਹਿੰਦੁਸਤਾਨੀ ਜਮਹੂਰੀ ਪ੍ਰਬੰਧ ਨੂੰ ਸਹੀ ਪਾਸੇ ਤੋਰ ਸਕਦੀ ਹੈ। ਪਰ ਪਿਛਲੇ ਚਾਰ ਕੁ ਦਹਾਕਿਆਂ ਵਿੱਚ ਦੇਸ਼ ਦੀਆਂ ਮੁੱਖ ਸਿਆਸੀ ਧਿਰਾਂ ਨੇ ਹਿੰਦੁਸਤਾਨ ਵਿੱਚ ਜਿਸ ਕਿਸਮ ਦਾ ਅਸਹਿਣਸ਼ੀਲ, ਫਿਰਕਾਪ੍ਰਸਤ, ਗੈਰ-ਹਿੰਦੂ ਧਰਮਾਂ ਦੇ ਲੋਕਾਂ ਪ੍ਰਤੀ ਬੇਪਨਾਹ ਨਫਰਤ ਦਾ ਮਾਹੌਲ ਸਿਰਜ ਲਿਆ ਹੈ, ਉਸ ਵਿੱਚ ਖੁੱਲ੍ਹੀ-ਡੁੱਲ੍ਹੀ ਪਹੁੰਚ ਰੱਖਣ ਵਾਲੀ ਕਿਸੇ ਵੀ ਸਿਆਸਤ ਦੇ ਵਿਚਰਣ ਦੀ ਸਪੇਸ ਬੇਹੱਦ ਸੀਮਤ ਹੋ ਗਈ ਹੈ। ਇਹੋ ਜਿਹੇ ਹਾਲਾਤ ਆਉਣ ਵਾਲੇ ਸਮੇਂ ਵਿੱਚ ਦੇਸ਼ ਦੇ ਸਿਆਸੀ ਖੇਤਰ ਵਿੱਚ ਵੱਡੇ ਸੰਕਟ ਖੜ੍ਹੇ ਕਰ ਸਕਦੇ ਹਨ।

ਹਿੰਦੁਸਤਾਨ ਦੇ ਸਿਆਸੀ ਸੱਭਿਆਚਾਰ ਨੂੰ ਖੁੱਲ੍ਹਾ-ਡੁੱਲ੍ਹਾ ਅਤੇ ਸਹਿਣਸ਼ੀਲ ਬਣਾਉਣ ਦੇ ਪੱਖ ਤੋਂ ਕਾਂਗਰਸ ਦੀ ਮੌਜੂਦਾ ਲੀਡਰਸ਼ਿੱਪ, ਖਾਸ ਕਰਕੇ ਰਾਹੁਲ ਗਾਂਧੀ ਤੋਂ ਕਈ ਵਾਰ ਆਸ ਬੱਝਦੀ ਹੈ; ਪਰ ਉਨ੍ਹਾਂ ਦੀ ਤ੍ਰਾਸਦੀ ਇਹ ਹੈ ਕਿ ਉਹ ਜਿਸ ਪਾਰਟੀ ਢਾਂਚੇ ਦੀ ਅਗਵਾਈ ਕਰ ਰਹੇ ਹਨ, ਉਸ ਵਿੱਚ ਸੰਘ ਵਾਲੀ ਸਿਆਸੀ ਪਹੁੰਚ ਨਾਲ ਮੇਲ ਖਾਂਦੀ ਸੋਚ ਵਾਲੇ ਲੋਕ ਵੀ ਅਹਿਮ ਪੁਜੀਸ਼ਨਾਂ 'ਤੇ ਬੈਠੇ ਹਨ। ਸਮਾਜਕ-ਧਾਰਮਿਕ ਅਤੇ ਸੱਭਿਆਚਾਰਕ ਸਹਿਹੋਂਦ ਦੀ ਜਿਸ ਵਿਚਾਰਧਾਰਾ ਨੂੰ ਉਹ ਆਪਣੇ ਭਾਸ਼ਨਾਂ ਵਿੱਚ ਅਪਨਾਉਂਦੇ ਹਨ, ਜਦੋਂ ਪਾਰਟੀ ਅਮਲ (ਪ੍ਰੈਕਟਿਸ) ਨੂੰ ਉਸ ਦਿਸ਼ਾ ਵਿੱਚ ਤੋਰਨ ਦੀ ਗੱਲ ਆਉਂਦੀ ਹੈ ਤਾਂ ਉਹ ਮੁੜ ਆਪਣੀ ਪਾਰਟੀ ਦੀਆਂ ਪੁਰਾਣੀਆਂ ਪੁਜੀਸ਼ਨ ਵੱਲ ਖਿਸਕ ਜਾਂਦੇ ਹਨ। ਵਿਸ਼ੇਸ਼ ਕਰਕੇ ਚੋਣ ਮੁਹਿੰਮਾਂ ਵੇਲੇ ਅਜਿਹਾ ਵਾਪਰਦਾ ਆਮ ਵੇਖਿਆ ਜਾਂਦਾ ਹੈ। ਇਹ ਇੱਕ ਕਦਮ ਅੱਗੇ ਅਤੇ ਦੋ ਕਦਮ ਪਿੱਛੇ ਚੱਲਣ ਵਾਲਾ ਰਾਜਨੀਤਿਕ ਅਮਲ ਹੈ, ਜਿਹੜਾ ਕਾਂਗਰਸ ਪਾਰਟੀ ਨੂੰ ਕਿਸੇ ਕੰਢੇ ਨਹੀਂ ਲਾਵੇਗਾ। ਕਾਂਗਰਸ ਪਾਰਟੀ ਨੂੰ ਆਪਣੇ ਪੁਨਰਉਥਾਨ ਲਈ ਸਿੱਖ ਮਸਲਿਆਂ ਪ੍ਰਤੀ ਆਪਣੀ ਪੁਰਾਣੀ ਪਹੁੰਚ ਨੂੰ ਤਿਆਗ ਕੇ ਸੰਘ ਪਰਿਵਾਰ ਤੋਂ ਬਿਲਕੁਲ ਵੱਖਰੀ, ਵੱਖ ਧਰਮਾਂ/ਕੌਮਾਂ/ਨਸਲਾਂ/ਸੱਭਿਆਚਰਾਂ ਦੀ ਸਹਿਹੋਂਦ ਨੂੰ ਪ੍ਰਵਾਨ ਕਰਨ ਵਾਲੀ ਸਿਆਸੀ ਵਿਚਾਰਧਾਰਾ ਅਤੇ ਪਹੁੰਚ ਅਪਨਾਉਣੀ ਚਾਹੀਦੀ ਹੈ। ਜਦੋਂ ਆਮ ਆਦਮੀ ਪਾਰਟੀ ਨੇ ਭਾਜਪਾ ਦੀ ਸਕੀ ਭੈਣ ਬਣਨ ਵਾਲਾ ਹੀ ਰਾਹ ਫੜਿਆ ਹੋਇਆ ਹੈ ਤਾਂ ਅਜਿਹੇ ਮੌਕੇ ਸਹੀ ਅਰਥਾਂ ਵਿੱਚ ਇੱਕ ਉੱਤਰ ਸੈਕੂਲਰ/ਸਹਿਹੋਂਦਵਾਦੀ ਕੁੱਲਹਿੰਦ ਪਾਰਟੀ ਲਈ ਹਿੰਦੁਸਤਾਨ ਵਿੱਚ ਇੱਕ ਸਪੇਸ ਬਾਕਾਇਦਾ ਖਾਲੀ ਪਈ ਹੈ। ਇਸ ਸਪੇਸ ਨੂੰ ਕੋਈ ਖੱਬੇ ਪੱਖੀ ਡੈਮੋਕਰੇਟਿਕ ਪਾਰਟੀ ਵੀ ਭਰ ਸਕਦੀ ਹੈ, ਪਰ ਹਿੰਦੁਸਤਾਨੀ ਖੱਬੇਪੱਖੀਆਂ ਤੋਂ ਹਾਲੇ ਇਸ ਕਿਸਮ ਦੀ ਆਸ ਨਹੀਂ ਕੀਤੀ ਜਾ ਸਕਦੀ।

HARBIRINDER VIRK
Mortgage Loan Officer
ratebeat MORTGAGE
847-942-9046
harbirv@gmail.com
MLS ID: 2212343
Call For All Your Mortgage Lending Needs!

Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਇਰਾਨ-ਇਜ਼ਰਾਇਲ ਜੰਗ ਦੇ ਪ੍ਰਭਾਵ

ਪੰਜਾਬੀ ਪਰਵਾਜ਼ ਬਿਊਰੋ

## ਬਹੁ-ਧਰੁਵੀ ਸੰਸਾਰ ਪੱਕੇ ਪੈਰੀਂ ਹੋਣ ਲੱਗਾ?


ਇਰਾਨ ਅਤੇ ਇਜ਼ਰਾਇਲ ਵਿਚਕਾਰ 12 ਦਿਨਾਂ ਤੱਕ ਚੱਲੀ ਜੰਗ ਨੇ ਸੰਸਾਰ ਸਿਆਸਤ ਦੇ ਸਮੀਕਰਣ ਪ੍ਰਭਾਵਸ਼ਾਲੀ ਢੰਗ ਨਾਲ ਬਦਲ ਦਿੱਤੇ ਹਨ। ਭਾਰਤ ਅਤੇ ਪਾਕਿਸਤਾਨ ਵਿਚਾਲੇ ਪਿੱਛੇ ਜਿਹੇ 3-4 ਦਿਨ ਚੱਲੀ ਜੰਗ ਨਾਲ ਸੰਸਾਰ ਦੀ ਫੌਜੀ ਅਤੇ ਸਿਆਸੀ ਹਕੀਕਤ ਵਿੱਚ ਜਿਸ ਬਦਲਾਅ ਦੇ ਸੰਕੇਤ ਮਿਲਣੇ ਸ਼ੁਰੂ ਹੋਏ ਸਨ, ਇਜ਼ਰਾਇਲ ਅਤੇ ਇਰਾਨ ਵਿਚਕਾਰ 12 ਦਿਨ ਚੱਲੀ ਜੰਗ ਨੇ ਉਨ੍ਹਾਂ ਨੂੰ ਹੋਰ ਪੱਕੇ ਪੈਰੀਂ ਕਰ ਦਿੱਤਾ ਹੈ। ਇਸ ਤੋਂ ਸਾਫ ਹੋ ਗਿਆ ਹੈ ਕਿ ਏਸ਼ੀਆ ਅਤੇ ਯੂਰੇਸ਼ੀਆ ਖੇਤਰ ਵਿੱਚ ਚੀਨ, ਰੂਸ ਅਤੇ ਅਫਗਾਨਿਸਤਾਨ ਤੋਂ ਬਾਅਦ ਇੱਕ ਹੋਰ ਮੁਲਕ ਬੜੇ ਪੱਕੇ ਪੈਰੀਂ ਉਭਰ ਰਿਹਾ ਹੈ, ਜਿਹੜਾ ਪੱਛਮੀ ਮੁਲਕਾਂ ਅਤੇ ਅਮਰੀਕਾ ਲਈ ਚੁਣੌਤੀ ਬਣਦਾ ਜਾ ਰਿਹਾ ਹੈ। ਇਸ ਕਾਰਨ ਇਸ ਖਿੱਤੇ ਦੇ ਤੇਜ਼ੀ ਨਾਲ ਵਿਕਾਸ ਕਰ ਰਹੇ ਹੋਰ ਮੁਲਕਾਂ ਨੂੰ ਵੀ ਆਪਣੀਆਂ ਪੁਜੀਸ਼ਨਾਂ ਦਾ ਮੁੜ ਮੁਲੰਕਣ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਭਾਰਤ-ਪਾਕਿਸਤਾਨ ਵਿਚਕਾਰ ਤਿੰਨ ਦਿਨਾ ਜੰਗ ਨੇ ਸਮੁੱਚੇ ਰੂਪ ਵਿੱਚ ਜਿਹੜਾ ਬਾਹਰ-ਮੁਖੀ ਪ੍ਰਭਾਵ ਛੱਡਿਆ, ਉਹ ਇਹ ਸੀ ਕਿ ਚੀਨ ਅਤੇ ਰੂਸ ਦੇ ਰੂਪ ਵਿੱਚ ਪੂਰਬ ਪੱਛਮੀ ਫੌਜੀ ਤਕਨੀਕਾਂ ਨਾਲ ਮੜਿੱਕਣ ਲੱਗ ਪਿਆ ਹੈ। ਖਾਸ ਕਰਕੇ ਚੀਨੀ ਫਾਈਟਰ ਜਹਾਜ਼ਾਂ, ਮਿਜ਼ਾਈਲਾਂ, ਸੂਹੀਆ ਉਪ-ਗ੍ਰਹਿਆਂ ਅਤੇ ਸੂਚਨਾ ਤਕਨੀਕਾਂ ਦਾ ਸੁਮੇਲ ਪੱਛਮੀ ਤਕਨੀਕਾਂ 'ਤੇ ਭਾਰੂ ਪੈਂਦਾ ਨਜ਼ਰ ਆਇਆ। ਹਿੰਦੁਸਤਾਨ ਦੇ ਸਟੀਕ ਮਿਜ਼ਾਈਲ ਹਮਲੇ ਵੀ ਹੈਰਾਨਕੁੰਨ ਸਨ। ਇਹ ਦੱਖਣ ਪੂਰਬੀ ਏਸ਼ੀਆ ਅਤੇ ਯੂਰੇਸ਼ੀਆ ਦੇ ਪੱਛਮੀ ਦਾਬੇ ਹੇਠੋਂ ਨਿਕਲ ਕੇ ਇੱਕ ਆਜ਼ਾਦ ਅੰਗੜਾਈ ਭਰਨ ਦੀ ਸੰਕੇਤਕ ਝਲਕ ਸੀ; ਪਰ ਇਰਾਨ ਅਤੇ ਇਜ਼ਰਾਇਲ ਵਿਚਾਲੇ 12 ਦਿਨਾਂ ਤੱਕ ਚੱਲੀ ਜੰਗ ਨੇ ਇਨ੍ਹਾਂ ਪ੍ਰਭਾਵਾਂ ਨੂੰ ਹੋਰ ਪੱਕੇ ਪੈਰੀਂ ਕਰ ਦਿੱਤਾ ਹੈ।

ਯਾਦ ਰਹੇ, ਅਮਰੀਕਾ ਅਤੇ ਇਰਾਨ ਵਿਚਕਾਰ ਪ੍ਰਮਾਣੂ ਮਸਲੇ ਨੂੰ ਲੈ ਕੇ ਓਮਾਨ ਵਿੱਚ ਹੋਣ ਵਾਲੀ ਛੇਵੇਂ ਗੇੜ ਦੀ ਵਾਰਤਾ ਤੋਂ ਇੱਕ ਦਿਨ ਪਹਿਲਾਂ ਇਜ਼ਰਾਇਲ ਨੇ ਇਰਾਨ 'ਤੇ ਚਾਣ-ਚੱਕ ਹਵਾਈ ਅਤੇ ਡਰੋਨ ਹਮਲੇ ਕਰਕੇ ਇਰਾਨੀ ਫੌਜ ਦੇ ਤਕਰੀਬਨ ਅੱਧੀ ਦਰਜਨ ਸੀਨੀਅਰ ਕਮਾਂਡਰ ਮਾਰ ਦਿੱਤੇ ਸਨ। ਇਸ ਤੋਂ ਇਲਾਵਾ ਇੱਕ ਦਰਜਨ ਤੋਂ ਉੱਪਰ ਪ੍ਰਮਾਣੂ ਵਿਗਿਆਨੀਆਂ ਕਤਲ ਕਰ ਦਿੱਤੇ ਸਨ। (ਕੌਮਾਂਤਰੀ ਜੰਗੀ ਨੇਮਾਂ ਦੀ ਇਹ ਉਲੰਘਣਾ ਸੀ) ਇਸ ਤੋਂ ਇਲਾਵਾ ਇਜ਼ਰਾਇਲ ਵੱਲੋਂ ਇਰਾਨ ਦੇ ਸਰਕਾਰੀ ਟੀ.ਵੀ. ਸਟੇਸ਼ਨਾਂ ਸਮੇਤ ਹੋਰ ਬਹੁਤ ਸਾਰੇ ਸੰਵੇਦਨਸ਼ੀਲ ਅਤੇ ਫੌਜੀ ਟਿਕਾਣਿਆਂ 'ਤੇ ਵੀ ਹਮਲੇ ਕੀਤੇ ਗਏ। ਇਰਾਨੀ ਫੌਜ ਦੀ ਤਕਰੀਬਨ ਸਾਰੀ ਸੀਨੀਅਰ ਕਮਾਂਡ ਇਜ਼ਰਾਇਲ ਵੱਲੋਂ ਮਾਰ ਦਿੱਤੀ ਗਈ ਸੀ। ਇਸ ਦੇ ਬਾਵਜੂਦ ਜਿਸ ਤੇਜ਼ੀ ਅਤੇ ਪ੍ਰਬੀਨਤਾ ਨਾਲ ਇਰਾਨ ਨੇ ਇਜ਼ਰਾਇਲ 'ਤੇ ਮੋੜਵੇਂ ਮਿਜ਼ਾਈਲ ਹਮਲੇ ਕੀਤੇ, ਉਨ੍ਹਾਂ ਨੇ ਕੁਝ ਹੀ ਦਿਨਾਂ ਵਿੱਚ ਅਮਰੀਕਾ ਨੂੰ ਸਿੱਧਾ ਫੌਜੀ ਜੰਗ ਵਿੱਚ ਸ਼ਾਮਲ ਹੋਣ ਲਈ ਮਜਬੂਰ ਕਰ ਦਿੱਤਾ। ਇਸ ਜੰਗ ਵਿੱਚ ਸ਼ਾਮਲ ਹੁੰਦਿਆਂ ਅਮਰੀਕਾ ਨੇ ਫੋਰਦੋ ਸਮੇਤ ਇਰਾਨ ਦੇ ਚਾਰ ਪ੍ਰਮਾਣੂ ਟਿਕਾਣਿਆਂ 'ਤੇ ਬੰਕਰ ਬਸਟਰ ਬੰਬ ਸੁੱਟੇ। ਇਨ੍ਹਾਂ ਹਮਲਿਆਂ ਕਾਰਨ ਇਰਾਨ ਦੇ ਪ੍ਰਮਾਣੂ ਪਲਾਂਟਾਂ ਨੂੰ ਭਾਰੀ ਨੁਕਸਾਨ ਹੋਇਆ ਦੱਸਿਆ ਜਾ ਰਿਹਾ ਹੈ। ਖੁਦ ਇਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਗਾਚੀ ਨੇ ਵੀ ਇਹ ਗੱਲ ਸਵੀਕਾਰ ਕੀਤੀ ਹੈ ਕਿ ਇਰਾਨ ਦੇ ਪ੍ਰਮਾਣੂ ਟਿਕਾਣਿਆਂ ਨੂੰ ਭਾਰੀ ਨੁਕਸਾਨ ਪੁੱਜਾ ਹੈ। ਭਾਵੇਂ ਕਿ ਇਰਾਨ ਦੇ ਅੰਡਰਗਰਾਊਂਡ ਪ੍ਰਮਾਣੂ ਟਿਕਾਣੇ ਅਤੇ 60 ਫੀਸਦੀ ਸੋਧੇ ਹੋਏ ਯੁਰੇਨੀਅਮ ਆਦਿ ਨੂੰ ਕੋਈ ਹਾਨੀ ਪੁੱਜਣ ਬਾਰੇ ਭੰਬਲਭੂਸਾ ਕਾਇਮ ਹੈ; ਪਰ ਅਮਰੀਕਾ ਤੇ ਇਜ਼ਰਾਇਲ ਇੱਕ ਵਾਰ ਫਿਰ ਇਰਾਨ ਨਾਲ ਪ੍ਰਮਾਣੂ ਸਮਝੌਤੇ ਦੀ ਗੱਲ ਕਰ ਰਹੇ ਹਨ ਅਤੇ ਮੰਗ ਕਰ ਰਹੇ ਹਨ ਕਿ ਪੱਛਮੀ ਏਸ਼ੀਆ ਦਾ ਇਹ ਮੁਲਕ 60 ਫੀਸਦੀ ਸੋਧਿਆ ਹੋਇਆ ਯੁਰੇਨੀਅਮ ਉਨ੍ਹਾਂ ਦੇ ਹਵਾਲੇ ਕਰ ਦੇਵੇ। ਇਸ ਨਾਲ ਜੰਗਬੰਦੀ ਹਾਲ ਦੀ ਘੜੀ ਆਰਜੀ ਜਾਪਣ ਲੱਗ ਪਈ ਹੈ। ਇਸ ਸਾਰੇ ਕੁਝ ਦੇ ਬਾਵਜੂਦ ਇਰਾਨ ਦੇ ਸੁਪਰੀਮ ਲੀਡਰ ਆਇਤੁਲਾ ਖੁਮੇਨੀ ਨੇ ਅਮਰੀਕਾ ਅਤੇ ਇਜ਼ਰਾਇਲ ਅੱਗੇ ਗੋਡੇ ਟੇਕਣ ਤੋਂ ਇਨਕਾਰ ਕਰ ਦਿੱਤਾ ਹੈ।

ਜੰਗਬੰਦੀ ਹੋਣ ਤੋਂ ਹਫਤਾ ਕੁ ਬਾਅਦ ਸਾਹਮਣੇ ਆਈ ਆਪਣੀ ਇੱਕ ਵੀਡੀਓ ਵਾਰਤਾ ਵਿੱਚ ਖੁਮੇਨੀ ਨੇ ਸਾਫ ਕੀਤਾ ਕਿ ਇਜ਼ਰਾਇਲ ਜਾਂ ਅਮਰੀਕਾ ਨੇ ਫਿਰ ਹਮਲੇ ਕੀਤੇ ਤਾਂ ਇਸ ਦਾ ਤਕੜਾ ਜੁਆਬ ਦਿੱਤਾ ਜਾਵੇਗਾ। ਉਨ੍ਹਾਂ ਫਿਰ ਕਿਹਾ ਕਿ 'ਸਰੰਡਰ' ਸ਼ਬਦ ਇਰਾਨ ਦੀ ਡਿਕਸ਼ਨਰੀ ਵਿੱਚ ਨਹੀਂ ਹੈ। ਇਹ ਸ਼ਬਦ ਮਹਾਨ ਇਰਾਨੀ ਸਭਿਅਤਾ ਦਾ ਅਪਮਾਨ ਹੈ। ਇਰਾਨ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ ਇਰਾਨ ਅਮਰੀਕਾ ਨਾਲ ਕੋਈ ਪ੍ਰਮਾਣੂ ਸਮਝੌਤਾ ਨਹੀਂ ਕਰੇਗਾ। ਇਸ ਦੇ ਉਲਟ ਸਗੋਂ ਇਰਾਨੀ ਪਾਰਲੀਮੈਂਟ ਨੇ ਇੰਟਰਨੈਸ਼ਨਲ ਪ੍ਰਮਾਣੂ ਅਪਸਾਰ ਸੰਧੀ ਵਿੱਚੋਂ ਬਾਹਰ ਆਉਣ ਲਈ ਵੀ ਮਤਾ ਪਾਸ ਕਰ ਦਿੱਤਾ ਹੈ। ਅਸਲ ਵਿੱਚ ਓਮਾਨ ਵਿੱਚ ਹੀ ਪ੍ਰਮਾਣੂ ਮਾਮਲੇ ਨੂੰ ਲੈ ਕੇ ਪਿਛਲੇ ਪੰਜ ਗੇੜਾਂ ਦੀ ਅਮਰੀਕਾ ਅਤੇ ਇਰਾਨ ਵਿਚਕਾਰ ਹੋਈ ਗੱਲਬਾਤ ਵਿੱਚ ਇਰਾਨ ਆਪਣੇ ਯੁਰੇਨੀਅਮ ਸੋਧਣ ਦੇ ਪ੍ਰੋਗਰਾਮ ਤੋਂ ਪਿੱਛੇ ਹਟਣ ਤੋਂ ਇਨਕਾਰ ਕਰਦਾ ਆ ਰਿਹਾ ਸੀ। ਇਸ ਕਰਕੇ ਛੇਵੇਂ ਗੇੜ ਦੀ ਗੱਲਬਾਤ ਵਿੱਚ ਵੀ ਉਪਰੋਕਤ ਦੋਹਾਂ ਮੁਲਕਾਂ ਨੂੰ ਇਰਾਨ ਤੋਂ ਬਹੁਤੀ ਆਸ ਨਹੀਂ ਸੀ। ਇਸ ਲਈ ਅਮਰੀਕਾ ਦੀ ਗੁੱਝੀ ਹਰੀ ਝੰਡੀ ਨਾਲ ਇਜ਼ਰਾਇਲ ਨੇ ਇਰਾਨ 'ਤੇ ਹਮਲਾ ਕਰ ਦਿੱਤਾ।

13 ਜੂਨ ਨੂੰ ਹੋਏ ਪਹਿਲੇ ਹਮਲੇ ਵਿੱਚ ਭਰਵੇਂ ਨੁਕਸਾਨ ਦੇ ਬਾਵਜੂਦ ਇਰਾਨ ਦੀ ਫੌਜੀ ਅਤੇ ਸਿਆਸੀ ਲੀਡਰਸ਼ਿੱਪ ਕਿਸੇ ਘਬਰਾਹਟ ਵਿੱਚ ਨਜ਼ਰ ਨਹੀਂ ਆਈ, ਸਗੋਂ ਤੇਜ਼ੀ ਨਾਲ ਸੰਭਲਦਿਆਂ ਇਰਾਨੀ ਫੌਜ ਨੇ ਪਲਟਵੇਂ ਵਾਰ ਕੀਤੇ। ਇਨ੍ਹਾਂ ਮਿਜ਼ਾਈਲ ਹਮਲਿਆਂ ਨਾਲ ਇਰਾਨ ਨੇ ਇਜ਼ਰਾਇਲ ਦੇ ਤਿੰਨ ਪਰਤਾਂ ਵਾਲੇ ਮਜਬੂਤ ਏਅਰ ਡਿਫੈਂਸ ਨੂੰ ਭੇਦਣਾ ਸ਼ੁਰੂ ਕਰ ਦਿੱਤਾ। ਖਾਸ ਕਰਕੇ ਇਜ਼ਰਾਇਲ ਦੀ ਰਾਜਧਾਨੀ ਤਲਅਵੀਵ ਅਤੇ ਇਸ ਮੁਲਕ ਦੇ ਵਿੱਤੀ ਕੇਂਦਰ ਹਾਈਫਾ 'ਤੇ ਡਿਗੀਆਂ ਮਿਜ਼ਾਈਲਾਂ ਨੇ ਇਜ਼ਰਾਈਲ ਦਾ ਭਾਰੀ ਨੁਕਸਾਨ ਕੀਤਾ। ਇਸ ਤੋਂ ਇਲਾਵਾ ਕੁਝ ਸਿਵਲ ਅਤੇ ਰਿਹਾਇਸ਼ੀ ਇਲਾਕਿਆਂ ਦਾ ਵੀ ਇਨ੍ਹਾਂ ਮਿਜ਼ਾਈਲਾਂ ਨੇ ਨੁਕਸਾਨ ਕੀਤਾ। ਇਸ ਤਰ੍ਹਾਂ ਇਜ਼ਰਾਇਲ ਦੇ ਲੋਕਾਂ ਨੂੰ ਗਾਜ਼ਾ ਵਿੱਚ ਹੋਈ ਤਬਾਹੀ ਦੇ ਚਿੰਨ੍ਹ ਆਪਣੇ ਮੁਲਕ ਵਿੱਚ ਹੋ ਰਹੀ ਤਬਾਹੀ ਵਿਚਦੀ ਦਿਸਣ ਲੱਗੇ। ਇਨ੍ਹਾਂ ਹਮਲਿਆਂ ਵਿੱਚ ਇਜ਼ਰਾਇਲ ਦੇ ਸਟਾਕ ਐਕਸਚੇਂਜ ਦੀ ਇਮਾਰਤ ਤਬਾਹ ਕਰ ਦਿੱਤੀ ਗਈ। ਇਸ ਤੋਂ ਇਲਾਵਾ ਇਜ਼ਰਾਇਲ ਦੀ ਖੁਫੀਆ ਏਜੰਸੀ ਮੋਸਾਦ ਦਾ ਹੈਡਕੁਆਟਰ ਵੀ ਤਬਾਹ ਕਰ ਦਿੱਤਾ ਗਿਆ। ਇਹ ਸੱਟਾਂ ਇਜ਼ਰਾਇਲ ਲਈ ਗੰਭੀਰ ਸਨ। ਇਰਾਨ ਦਾ ਹਮਲਾ ਪੂਰੀ ਤਰ੍ਹਾਂ ਯੋਜਨਾਬੱਧ ਸੀ। ਉਸ ਨੇ ਪਹਿਲੇ ਹਮਲੇ ਕਰੂਜ਼ ਅਤੇ ਬਲਿਸਟਿਕ ਮਿਜ਼ਾਈਲਾਂ ਨਾਲ ਸ਼ੁਰੂ ਕੀਤੇ। ਇਸ ਤੋਂ ਪਹਿਲਾਂ ਇਜ਼ਰਾਇਲ ਦੇ ਹਵਾਈ ਡਿਫੈਂਸ ਨੂੰ ਜਾਚਣ ਲਈ ਡਰੋਨ ਹਮਲੇ ਕੀਤੇ ਗਏ। ਅਖੀਰ ਇਜ਼ਰਾਇਲ 'ਤੇ ਹਾਈਪਰਸੋਨਿਕ ਮਿਜ਼ਾਈਲਾਂ ਡਿੱਗਣ ਲੱਗੀਆਂ, ਜਿਨ੍ਹਾਂ ਨੂੰ ਰੋਕਣਾ ਇਜ਼ਰਾਇਲ ਲਈ ਨਾਮੁਮਕਿਨ



ਇਰਾਨ ਦਾ ਸੁਪਰੀਮ ਲੀਡਰ ਆਇਤੁਲਾ ਖੁਮੇਨੀ

ਸੀ। ਇਸ ਤਰ੍ਹਾਂ ਆਪਣੇ ਮਿਜ਼ਾਈਲ ਸਟਾਕ ਨੂੰ ਪਰਖਣ ਦਾ ਮੌਕਾ ਵੀ ਇਰਾਨ ਦੇ ਫੌਜੀ ਅਧਿਕਾਰੀਆਂ ਨੂੰ ਮਿਲਿਆ। ਜਿਉਂ ਜਿਉਂ ਦਿਨ ਬੀਤਦੇ ਗਏ, ਇਰਾਨ ਦੇ ਹਮਲਿਆਂ ਦੀ ਧਾਰ ਤਿੱਖੀ ਹੁੰਦੀ ਗਈ। ਇਸ ਕਿਸਮ ਦੀ ਤਬਾਹੀ ਇਜ਼ਰਾਇਲ ਨੇ ਆਪਣੇ ਹੋਂਦ ਵਿੱਚ ਆਉਣ ਤੋਂ ਬਾਅਦ ਸ਼ਾਇਦ ਹੀ ਕਦੀ ਵੇਖੀ ਹੋਵੇ। ਭਾਵੇਂ ਕਿ ਇਜ਼ਰਾਇਲ ਨੇ ਅੰਦਰੂਨੀ ਐਮਰਜੈਂਸੀ ਦਾ ਐਲਾਨ ਕੀਤਾ ਹੋਇਆ ਸੀ ਅਤੇ ਹੋ ਰਹੀ ਤਬਾਹੀ ਦੀਆਂ ਖ਼ਬਰਾਂ ਸੈਂਸਰ ਵਿੱਚੋਂ ਛਣ ਕੇ ਹੀ ਬਾਹਰ ਆ ਰਹੀਆਂ ਸਨ, ਪਰ 10-12 ਦਿਨਾਂ ਵਿੱਚ ਹੀ ਇਰਾਨ ਨੇ ਇਜ਼ਰਾਇਲ ਨੂੰ ਦਮੋਂ ਕੱਢ ਲਿਆ। ਅੰਤ ਉਸ ਦੀ ਹਮਾਇਤ ਲਈ ਖੁਦ ਅਮਰੀਕਾ ਨੂੰ ਮੈਦਾਨ ਵਿੱਚ ਉਤਰਨਾ ਪਿਆ।

ਅਸਲ ਵਿੱਚ ਅਮਰੀਕਾ ਨੂੰ ਆਸ ਸੀ ਕਿ ਪਹਿਲੇ ਕੁਝ ਝਟਕਿਆਂ ਤੋਂ ਬਾਅਦ ਹੀ ਇਰਾਨ ਗੋਡਿਆਂ ਪਰਨੇ ਹੋ ਜਾਵੇਗਾ ਅਤੇ ਉਨ੍ਹਾਂ ਦੀਆਂ ਸ਼ਰਤਾਂ 'ਤੇ ਪ੍ਰਮਾਣੂ ਸਮਝੌਤਾ ਕਰਨ ਲਈ ਮਜਬੂਰ ਹੋ ਜਾਵੇਗਾ। ਪਰ ਜਿਨ੍ਹਾਂ ਲੋਕਾਂ ਨੂੰ ਪਰਸ਼ੀਅਨ ਇਤਿਹਾਸ ਬਾਰੇ ਜਾਣਕਾਰੀ ਹੈ, ਉਹ ਪਹਿਲਾਂ ਹੀ ਇਹ ਕਹਿ ਰਹੇ ਸਨ ਕਿ ਇਹ ਬਾਜ਼ੀ ਅਮਰੀਕਾ ਤੇ ਇਜ਼ਰਾਇਲ ਨੂੰ ਪੁੱਠੀ ਪਵੇਗੀ ਅਤੇ ਹੋਇਆ ਵੀ ਇੰਝ ਹੀ। ਉਂਝ ਪਹਿਲੇ ਦੋ ਕੁ ਦਿਨਾਂ ਦੇ ਨੁਕਸਾਨ ਤੋਂ ਬਾਅਦ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ ਜਾਪਣ ਲੱਗ ਪਿਆ ਸੀ ਕਿ ਇਰਾਨ ਨੂੰ ਝੁਕਾਇਆ ਜਾ ਸਕਦਾ ਹੈ। ਇਨ੍ਹਾਂ ਹਮਲਿਆਂ ਨੂੰ ਉਨ੍ਹਾਂ 'ਐਕਸੇਲੈਂਟ' ਵੀ ਕਿਹਾ। ਪੈਦਾ ਹੋਏ ਇਸ ਇਕਪਾਸੜ ਦਬਾਅ ਵਿੱਚ ਅਮਰੀਕੀ ਰਾਸ਼ਟਰਪਤੀ ਨੇ ਇਰਾਨ ਤੋਂ ਮੁਕੰਮਲ ਆਤਮ ਸਮਰਪਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਰਾਨ ਦੇ ਸੁਪਰੀਮ ਆਗੂ ਆਇਤੁਲਾ ਖੁਮੇਨੀ ਨੇ ਸਮਰਪਣ ਕਰਨ ਤੋਂ ਦ੍ਰਿੜਤਾ ਨਾਲ ਇਨਕਾਰ ਕਰ ਦਿੱਤਾ। ਉਂਝ ਇਨ੍ਹਾਂ ਝੜਪਾਂ ਵਿੱਚ ਇਰਾਨ ਦੀ ਲੀਡਰਸ਼ਿਪ ਦਾ ਆਤਮਵਿਸ਼ਵਾਸ ਲਾਮਿਸਾਲ ਸੀ। ਇਸ ਆਤਮਵਿਸ਼ਵਾਸ ਨੇ ਹੀ ਇਜ਼ਰਾਇਲ ਅਤੇ ਅਮਰੀਕਾ ਦੀ ਲੀਡਰਸ਼ਿੱਪ ਦੇ ਪੈਰ ਥਿੜਕਾ ਦਿੱਤੇ।

ਇਰਾਨ ਦੀ ਆਤਮਾ ਵਿੱਚ ਆਪਣਾ ਕੌਮੀ ਮਾਣ ਸਨਮਾਨ ਕਿੰਨੀਆਂ ਡੂੰਘੀਆਂ ਜੜ੍ਹਾਂ ਵਾਲਾ ਹੈ, ਇਹ ਵੀ ਇਨ੍ਹਾਂ 12 ਦਿਨਾਂ ਨੇ ਸਾਬਤ ਕੀਤਾ। ਅਮਰੀਕਾ ਨੂੰ ਇਹ ਗੱਲ ਧਿਆਨ ਨਾਲ ਸਮਝਣ ਦੀ ਲੋੜ ਹੈ ਕਿ ਇਰਾਨ, ਇਰਾਕ ਜਾਂ ਲਿਬੀਆ ਨਹੀਂ ਹੈ। ਇਸ ਮੁਲਕ ਵਿੱਚ ਬਹੁਗਿਣਤੀ ਸ਼ੀਆ ਮੁਸਲਮਾਨਾਂ ਦੀ ਹੈ, ਜਿਨ੍ਹਾਂ ਨੇ ਪਰਸ਼ੀਆ ਦੇ ਪੁਰਾਣੇ ਇਤਿਹਾਸ ਅਤੇ ਪਰਸ਼ੀਅਨ ਭਾਸ਼ਾ ਨੂੰ ਆਪਣੀ ਆਤਮਾ ਵਿੱਚ ਰਚਾ ਲਿਆ ਹੋਇਆ ਹੈ। ਇੱਥੇ ਇਹ ਇੱਕ ਕੌਮੀ ਸੱਭਿਆਚਾਰ ਨਾਲ ਗੜੁੱਚ ਹੋਇਆ ਸ਼ੀਆ ਇਸਲਾਮ ਹੈ, ਕੁਰਬਾਨੀ ਜਿਨ੍ਹਾਂ ਲਈ ਇੱਕ ਖੇਡ ਵਾਂਗ ਹੈ। ਇਸੇ ਲਈ ਕੁਝ ਵਿਦਵਾਨ ਇਰਾਨ ਨੂੰ 'ਏਸ਼ੀਆ ਦਾ ਫਰਾਂਸ' ਵੀ ਆਖਦੇ ਹਨ, ਜਿਸ ਨੇ ਸਾਰੇ ਏਸ਼ੀਆ ਦੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ।

ਇਰਾਨ ਨੇ ਸਿਰਫ ਜੰਗੀ ਖੇਤਰ ਵਿੱਚ ਹੀ ਨਹੀਂ, ਸਗੋਂ ਕੂਟਨੀਤਿਕ ਅਤੇ ਪ੍ਰਾਪੇਗੰਡੇ ਦੀ ਦ੍ਰਿਸ਼ਟੀ ਤੋਂ ਵੀ ਆਪਣੇ ਨਾਲ ਖਹਿ ਰਹੇ ਦੋਹਾਂ ਮੁਲਕਾਂ ਨੂੰ ਬੇਹੱਦ ਪਰਪੱਕਤਾ ਨਾਲ ਮਾਤ ਦਿੱਤੀ। ਇਸ ਬਾਰਾਂ ਦਿਨ ਦੀ ਜੰਗ ਵਿੱਚ ਇਜ਼ਰਾਇਲ ਨੇ ਮੁਢਲੇ ਹਮਲੇ ਕਰਨ ਤੋਂ ਬਾਅਦ ਇਰਾਨ ਦੇ ਲੋਕਾਂ ਨੂੰ ਖੁਮੇਨੀ ਦੀ ਸੱਤਾ ਵਿਰੁੱਧ ਭੜਕਾਉਣ ਦਾ ਯਤਨ ਕੀਤਾ ਅਤੇ ਇਜ਼ਰਾਇਲ ਨੂੰ ਇਰਾਨ ਦੇ ਲੋਕਾਂ ਦਾ ਦੋਸਤ ਦੱਸਣਾ ਸ਼ੁਰੂ ਕਰ ਦਿੱਤਾ; ਪਰ ਇਸ ਦਾ ਕੋਈ ਅਸਰ ਨਾ ਹੋਇਆ। ਸਗੋਂ ਇਰਾਨ 'ਤੇ ਲਗਾਤਾਰ ਹੋ ਰਹੇ ਹਮਲਿਆਂ ਨੇ ਇਸ ਦੇਸ਼ ਦੇ ਲੋਕਾਂ ਨੂੰ ਆਪਣੇ ਹਾਕਮਾਂ ਦੇ ਹੋਰ ਨਜ਼ਦੀਕ ਕਰ ਦਿੱਤਾ। ਇਰਾਨ ਦਾ ਪੱਖ ਨਿਆਂਇਕ ਅਤੇ ਹਕਬਜ਼ਾਨਬ ਹੋਣ ਕਾਰਨ ਵੀ ਦੁਨੀਆਂ ਦੇ ਬਹੁਤੇ ਮੁਲਕਾਂ ਵਿੱਚ ਲੋਕ ਰਾਏ ਅਮਰੀਕਾ ਅਤੇ ਇਜ਼ਰਾਇਲ ਦੇ ਖਿਲਾਫ ਬਣਦੀ ਗਈ।

ਇਰਾਨ ਨੇ ਬੇਹੱਦ ਸਮਝਦਾਰੀ ਨਾਲ ਆਪਣੀਆਂ ਕੂਟਨੀਤਿਕ ਚਾਲਾਂ ਚੱਲੀਆਂ। ਇਰਾਨੀ ਵਿਦੇਸ਼ ਮੰਤਰੀ ਨੇ ਲਗਾਤਾਰ ਇਸ ਪੱਖ 'ਤੇ ਜ਼ੋਰ ਦਿੱਤਾ ਕਿ ਇਜ਼ਰਾਇਲ ਨੇ ਇਰਾਨ 'ਤੇ ਬਗੈਰ ਮਤਲਬ ਤੋਂ ਅਤੇ ਧੋਖੇ ਨਾਲ ਹਮਲਾ ਕੀਤਾ ਹੈ। ਇਰਾਨ ਦੀ ਸ਼ਿਕਾਇਤ 'ਤੇ ਇਨ੍ਹਾਂ 12 ਦਿਨਾਂ ਵਿੱਚ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਇਸ ਮਸਲੇ 'ਤੇ ਵਿਚਾਰ ਕਰਨ ਲਈ ਦੋ ਵਾਰ ਬੈਠੀ, ਜਿੱਥੇ ਅਮਰੀਕਾ ਇਜ਼ਰਾਇਲ ਦਾ ਬਚਾਅ ਕਰਦਾ ਰਿਹਾ; ਪਰ ਲੋਕ ਰਾਏ ਬਣਾਉਣ ਦੀ ਦ੍ਰਿਸ਼ਟੀ ਤੋਂ ਇਰਾਨ ਨੂੰ ਇਸ ਦਾ ਲਾਭ ਹੋਇਆ। ਇਸੇ ਕਾਰਨ ਚੀਨ ਅਤੇ ਰੂਸ ਨੂੰ ਵੀ ਇਰਾਨ ਦੇ ਪੱਖ ਵਿੱਚ ਸਟੈਂਡ ਲੈਣ ਵਿੱਚ ਸੌਖ ਹੋਈ। ਅਸਲ ਵਿੱਚ ਫਲਿਸਤੀਨੀ ਲੋਕਾਂ ਦੀ ਭਾਰੀ ਬਰਬਾਦੀ ਅਤੇ ਨਸਲਕੁਸ਼ੀ ਕਾਰਨ ਇਜ਼ਰਾਇਲ ਪਹਿਲਾਂ ਹੀ ਸੰਸਾਰ ਵਿੱਚ ਬਦਨਾਮ ਹੋ ਚੁਕਾ ਹੈ। ਇਰਾਨ 'ਤੇ ਬਿਨਾ ਵਜ੍ਹਾ ਹਮਲੇ ਨਾਲ ਤਾਂ ਇੰਜ ਲੱਗਾ ਕਿ ਨੇਤਨਯਾਹੂ ਨੇ ਜਿਵੇਂ ਹੁਣ ਅੱਤਿ ਚੁੱਕ ਲਈ ਹੈ। ਇਹ ਹਮਲਾ ਇੱਕ ਹੰਕਾਰੀ ਹੋਈ ਮੂਰਖਤਾ ਜਾਪੀ, ਜਿਸ ਦਾ ਅਸਫਲ ਹੋਣ ਤੈਅ ਸੀ। ਦੂਜੇ ਪਾਸੇ ਇਰਾਨ ਦੀ ਲੀਡਰਸ਼ਿਪ ਨੇ ਨਿਮਰਤਾ, ਦ੍ਰਿੜਤਾ, ਸਾਇਸ਼ਤਾ ਅਤੇ ਸੱਭਿਅਕ ਵਿਹਾਰ ਦਾ ਪੱਲਾ ਕਦੇ ਨਹੀਂ ਛੱਡਿਆ।

## ਗੁਰਦੁਆਰਾ ਪੈਲਾਟਾਈਨ ਵਿੱਚ ਗਰਮੀਆਂ ਦੀ ਕਾਰ ਸੇਵਾ 12 ਜੁਲਾਈ ਨੂੰ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਿੱਚ ਗਰਮੀਆਂ ਦੀ ਕਾਰ ਸੇਵਾ ਆਉਂਦੀ 12 ਜੁਲਾਈ, ਸਨਿਚਰਵਾਰ ਨੂੰ ਹੋਵੇਗੀ। ਕਾਰ ਸੇਵਾ ਸਵੇਰੇ 8 ਵਜੇ ਤੋਂ ਦੇਰ ਸ਼ਾਮ ਤੱਕ ਚੱਲੇਗੀ। ਕਾਰ ਸੇਵਾ ਦੇ ਮੋਢੀ ਸ. ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਵੈਸੇ ਤਾਂ ਰੋਜ਼ ਹੀ ਗੁਰੂ ਘਰ ਵਿੱਚ ਸੇਵਾਦਾਰਾਂ ਵੱਲੋਂ ਸੇਵਾ ਕੀਤੀ ਜਾਂਦੀ ਹੈ, ਪਰ ਗਰਮੀਆਂ ਦੀ ਇਸ ਕਾਰ ਸੇਵਾ ਦੌਰਾਨ ਗੁਰੂ ਘਰ ਦੇ ਅੰਦਰ ਅਤੇ ਬਾਹਰ ਦੀ ਵਿਸ਼ੇਸ਼ ਤੌਰ 'ਤੇ ਸਫਾਈ ਤੇ ਸਾਂਭ-ਸੰਭਾਲ ਕੀਤੀ ਜਾਵੇਗੀ। ਇਸ ਦੌਰਾਨ ਦਰਬਾਰ ਹਾਲ, ਰਸੋਈ, ਲੰਗਰ ਹਾਲ, ਗੁਰਮਤਿ ਸਕੂਲ ਸਮੇਤ ਹੋਰ ਲੋੜੀਂਦੀਆਂ ਥਾਵਾਂ ਉਤੇ ਸੇਵਾ ਨਿਭਾਈ ਜਾਵੇਗੀ। ਨਵੇਂ ਲਾਏ ਗਏ ਰੁੱਖਾਂ ਪੌਦਿਆਂ, ਫੁੱਲਾਂ, ਸਬਜ਼ੀਆਂ ਦੀ ਸੇਵਾ ਸੰਭਾਲ ਵੀ ਇਸ ਕਾਰ ਸੇਵਾ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਬੱਚੇ ਆਪਣੇ ਮਾਤਾ-ਪਿਤਾ ਦੀ ਨਿਗਰਾਨੀ ਵਿੱਚ ਸੇਵਾ ਕਰਨ ਦੀ ਸਿੱਖਿਆ ਲੈਣ।

ਸ. ਔਲਖ ਨੇ ਸੰਗਤ ਨੂੰ ਇਸ ਕਾਰ ਸੇਵਾ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ ਹੈ ਅਤੇ ਕਿਹਾ ਕਿ ਸਿੱਖ ਸਚੁ ਦੇ ਧਰਮ ਵਿੱਚ ਸੇਵਾ ਤੇ ਸਿਮਰਨ ਦੋ ਸਿੱਖੀ ਦੇ ਧੂਰੇ ਹਨ। ਗੁਰੂ ਸਾਹਿਬਾਨ ਨੇ ਆਪ ਸੇਵਾ ਤੇ ਸਿਮਰਨ ਕੀਤਾ ਤੇ ਸਮੂਹ ਜਗਤ ਨੂੰ ਕਰਨ ਦਾ ਉਪਦੇਸ਼ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਸਾਲ 2025 ਪੂਰੇ ਸਾਲ ਦੀ ਸਮੂਹ ਨਿਸ਼ਕਾਮ ਸੇਵਾ ਤੇ ਮਾਇਆ ਦਾਨ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਗੁਰਪੂਰਬ ਨੂੰ ਸਮਰਪਿਤ ਹੈ।

ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC - DBA Punjabi Parwaz

Address:
827 E. Kings Row, Unit# 7, Palatine, IL 60074

Managed by:
Anureet Kaur & Kuljeet Singh

Punjab Incharge:
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ


ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੈਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਪਰਮਜੀਤ ਸਿੰਘ ਸਿੱਧੂ (ਮਹਿਰਾਜ)
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਲਾਲੀ ਧਾਲੀਵਾਲ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਬੀ.ਬੀ.ਐਮ.ਬੀ. ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਦਾ ਮਾਮਲਾ

ਅਹਿਮ

**ਗੁਰਪ੍ਰੀਤ ਸਿੰਘ ਮੰਡਿਆਣੀ**
ਫੋਨ: +91-8872664000



ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਨੂੰ ਖਤਮ ਕਰਾਉਣ ਲਈ ਪੰਜਾਬ ਨੂੰ ਕਾਨੂੰਨੀ ਚਾਰਾਜੋਈ ਦੇ ਰਾਹ ਪੈਣਾ ਚਾਹੀਦਾ ਹੈ। 1966 ਵਾਲੇ ਪੰਜਾਬ ਪੁਨਰਗਠਨ ਐਕਟ ਦੀ ਦਫ਼ਾ 79 ਦੇ ਤਹਿਤ ਬੀ.ਬੀ.ਐਮ.ਬੀ. ਕਾਇਮ ਹੋਇਆ ਹੈ। ਇਹ ਦਫ਼ਾ 79 ਸੰਵਿਧਾਨ ਦੀ ਉਲੰਘਣਾ ਕਰਕੇ ਬਣਾਈ ਗਈ ਹੈ। ਜੇ ਦਫ਼ਾ 79 ਰੱਦ ਹੁੰਦੀ ਹੈ ਤਾਂ ਬੀ.ਬੀ.ਐਮ.ਬੀ. ਵੀ ਨਾਲੋ ਨਾਲ ਹੀ ਖਤਮ ਹੋ ਜਾਣਾ ਹੈ। ਪੰਜਾਬ ਨਾਲ ਪਾਣੀ ਦੀ ਵੰਡ ਬਾਬਤ ਬੀ.ਬੀ.ਐਮ.ਬੀ. ਵੱਲੋਂ ਕੀਤੇ ਜਾ ਰਹੇ ਧੱਕੇ ਦੇ ਖਿਲਾਫ ਤਾਂ ਪੰਜਾਬ ਸਰਕਾਰ ਸੁਪਰੀਮ ਕੋਰਟ ਵਿੱਚ ਪੁੱਜੀ ਹੈ, ਪਰ ਉਹਨੇ ਬੀ.ਬੀ.ਐਮ.ਬੀ. ਨੂੰ ਕਾਇਮ ਕਰਨ ਵਾਲੀ ਦਫ਼ਾ 79 ਦੀ ਸੰਵਿਧਾਨਿਕ ਹੈਸੀਅਤ 'ਤੇ ਉਜ਼ਰ ਨਹੀਂ ਕੀਤਾ। ਦਫ਼ਾ 79 ਦੀ ਕਲਾਜ਼ 6 ਵਿੱਚ ਲਿਖਿਆ ਗਿਆ ਹੈ ਕਿ ਬੀ.ਬੀ.ਐਮ.ਬੀ. ਦਾ ਮੁਕੰਮਲ ਕੰਟਰੋਲ ਕੇਂਦਰ ਸਰਕਾਰ ਦੇ ਹੱਥ ਵਿੱਚ ਹੋਵੇਗਾ ਤੇ ਕੇਂਦਰ ਜੋ ਵੀ ਹਦਾਇਤਾਂ ਬੋਰਡ ਨੂੰ ਦੇਵੇਗਾ, ਉਹ ਸਾਰੀਆਂ ਹਦਾਇਤਾਂ ਬੀ.ਬੀ.ਐਮ.ਬੀ. ਨੂੰ ਮੰਨਣੀਆਂ ਪੈਣਗੀਆਂ। ਯਾਨੀ ਕਿ ਬੀ.ਬੀ.ਐਮ.ਬੀ. ਇੱਕ ਖੁਦਮੁਖਤਾਰ (ਅਟਾਨੋਮਸ) ਸੰਸਥਾ ਨਾ ਹੋ ਕੇ ਕੇਂਦਰ ਦੇ ਇਸ਼ਾਰਿਆਂ 'ਤੇ ਚੱਲਣ ਲਈ ਮਜਬੂਰ ਇੱਕ ਅਦਾਰਾ ਹੈ।

ਦਫ਼ਾ 79 ਦੀ ਕਲਾਜ਼ 8 'ਚ ਲਿਖਿਆ ਹੈ ਕਿ ਬੋਰਡ ਦੇ ਕੰਮ ਕਾਜ ਨੂੰ ਸੁਚਾਰੂ ਰੂਪ 'ਚ ਚਲਾਉਣ ਖਾਤਰ ਕੇਂਦਰ ਜੋ ਜੋ ਹਦਾਇਤਾਂ ਬੋਰਡ ਨਾਲ ਸਬੰਧਤ ਸੂਬਿਆਂ ਨੂੰ ਦੇਵੇਗੀ, ਪੰਜਾਬ, ਹਰਿਆਣਾ, ਰਾਜਸਥਾਨ ਤੇ ਹਿਮਾਚਲ ਉਨ੍ਹਾਂ ਨੂੰ ਮੰਨਣ ਲਈ ਪਾਬੰਦ ਹੋਣਗੇ। ਉਕਤ ਕਾਨੂੰਨ ਤਹਿਤ ਸੂਬਿਆਂ ਨੂੰ ਇਨਸਾਫ਼ ਦੇਣਾ ਜਾਂ ਧੱਕਾ ਕਰਨਾ ਨਿਰੀ ਪੂਰੀ ਬੋਰਡ ਦੀ ਮਰਜ਼ੀ ਵੀ ਨਹੀਂ ਹੈ। ਸੋ ਕਲਾਜ਼ 6 ਅਤੇ 8 ਦੇ ਸਾਹਮਣੇ ਪੰਜਾਬ ਵੱਲੋਂ ਬੋਰਡ ਦੀ ਬਣਤਰ, ਮੈਂਬਰਾਂ ਦੇ ਸੂਬਾਈ ਅਨੁਪਾਤ ਜਾਂ ਫੈਸਲਿਆਂ ਦੀ ਸੁਧਾਈ ਕਰਾਉਣਾ ਕੋਈ ਸਥਾਈ ਹੱਲ ਨਹੀਂ। ਯਾਨੀ ਕਿ ਬੋਰਡ ਵਿੱਚ ਅਗਰ ਪੰਜਾਬ ਨੂੰ 60 ਫੀਸਦ ਵੋਟਿੰਗ ਦਾ ਅਖਤਿਆਰ ਵੀ ਮਿਲ ਜਾਵੇ ਤਾਂ ਕੇਂਦਰ ਸਰਕਾਰ ਦੀ ਵੀਟੋ ਪਾਵਰ ਮੂਹਰੇ ਬੋਰਡ ਦੇ ਫੈਸਲਿਆਂ ਦੀ ਕੋਈ ਵੁੱਕਤ ਨਹੀਂ ਹੈ। ਦਫ਼ਾ 79 ਦੀ ਕਲਾਜ਼ 7 ਮੁਤਾਬਕ ਕੇਂਦਰ ਸਰਕਾਰ ਦੀ ਸਹਿਮਤੀ ਨਾਲ ਬੀ.ਬੀ.ਐਮ.ਬੀ. ਆਪਦੇ ਸਾਰੇ ਅਖਤਿਆਰ ਬੋਰਡ ਦੇ ਚੇਅਰਮੈਨ ਜਾਂ ਬੋਰਡ ਦੇ ਕਿਸੇ ਹੋਰ ਅਫਸਰ ਨੂੰ ਵੀ ਦੇ ਸਕਦਾ ਹੈ। ਯਾਨੀ ਕਿ ਬੋਰਡ ਦੀਆਂ ਸਾਰੀਆਂ ਤਾਕਤਾਂ ਇੱਕ ਬੰਦੇ ਨੂੰ ਵੀ ਦਿੱਤੀਆਂ ਜਾ ਸਕਦੀਆਂ ਹਨ। ਕੱਲ੍ਹ ਨੂੰ ਕੇਂਦਰ ਸਰਕਾਰ ਕਲਾਜ਼ 6 ਤਹਿਤ ਅਗਰ ਬੋਰਡ ਨੂੰ ਹਦਾਇਤ ਜਾਰੀ ਕਰੇ ਕਿ ਕਲਾਜ਼ 7 ਤਹਿਤ ਬੋਰਡ ਦੇ ਫਲਾਣੇ ਇੰਜੀਨੀਅਰ ਨੂੰ ਬੋਰਡ ਦੀਆਂ ਸਾਰੀਆਂ ਪਾਵਰਾਂ ਡੈਲੀਗੇਟ ਕਰੋ ਤਾਂ ਚੇਅਰਮੈਨ ਸਣੇ ਬੋਰਡ ਦੇ ਸਾਰੇ ਮੈਂਬਰ ਧਰੇ ਧਰਾਏ ਰਹਿ ਜਾਣੇ ਹਨ। ਯਾਨੀ ਕਿ ਬੋਰਡ ਦੀ ਬਣਤਰ ਅਤੇ ਇਹਦੇ ਵੋਟਿੰਗ ਰਾਈਟ 'ਚ ਸੋਧ ਕਰਾਉਣ ਦੀ ਮੰਗ ਕਰਨਾ ਕੋਈ ਸਥਾਈ ਹੱਲ ਨਹੀਂ ਹੈ।

ਪੰਜਾਬ ਨੂੰ ਦਫ਼ਾ 79 ਖਤਮ ਕਰਾਉਣ ਦੀ ਕਾਨੂੰਨੀ ਅਤੇ ਸਿਆਸੀ ਚਾਰਾਜੋਈ ਦੇ ਰਾਹ ਪੈਣਾ ਚਾਹੀਦਾ ਹੈ। ਕੀ ਹੋ ਸਕਦੀ ਹੈ ਕਾਨੂੰਨੀ ਚਾਰਾਜੋਈ, ਆਓ ਦੇਖਦੇ ਹਾਂ:

ਕੇਂਦਰ ਸਰਕਾਰ ਵੱਲੋਂ ਬਣਾਏ ਪੰਜਾਬ ਪੁਨਰਗਠਨ ਐਕਟ 1966 ਦੀ ਦਫ਼ਾ 78 ਤਹਿਤ ਪੰਜਾਬ, ਰਾਜਸਥਾਨ ਅਤੇ ਹਰਿਆਣਾ ਦਰਮਿਆਨ ਪਾਣੀ ਵੰਡ ਕਰਨ ਜਾਂ ਵੰਡ ਬਾਰੇ ਸਮਝੌਤਾ ਕਰਾਉਣ ਦੇ ਅਖਤਿਆਰ ਕੇਂਦਰ ਸਰਕਾਰ ਨੂੰ ਦਿੱਤੇ ਗਏ ਹਨ। ਇਹਦੀ ਦਫਾ 79 ਤਹਿਤ ਬੀ.ਬੀ.ਐਮ.ਬੀ. ਸਥਾਪਨਾ ਹੁੰਦੀ ਹੈ, ਜੀਹਨੂੰ ਦਫ਼ਾ 78 ਤਹਿਤ ਹੋਈ ਵੰਡ ਮੁਤਾਬਿਕ ਸੰਬੰਧਿਤ ਸੂਬਿਆਂ ਨੂੰ ਪਾਣੀ ਦੀ ਸਪਲਾਈ ਦੇ ਕੰਟਰੋਲ ਕਰਨ ਦੇ ਨਾਲ ਨਾਲ ਬਿਜਲੀ ਦੀ ਵੰਡ ਕਰਨ ਦਾ ਵੀ ਹੱਕ ਮਿਲਦਾ ਹੈ। ਦਫ਼ਾ 80 ਤਹਿਤ "ਬਿਆਸ ਕਨਸਟਰੱਕਸ਼ਨ ਬੋਰਡ" ਦੀ ਸਥਾਪਨਾ ਹੋਣੀ ਸੀ, ਜੀਹਨੇ ਉਕਤ ਚਾਰੇ ਸੂਬਿਆਂ ਦੇ ਲਾਭ ਵਾਲੇ ਸਿੰਜਾਈ ਅਤੇ ਬਿਜਲੀ ਪ੍ਰਾਜੈਕਟਾਂ ਦੀ ਉਸਾਰੀ ਕਰਨੀ ਸੀ।

ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ੈਡਿਊਲ ਦੀ ਦੂਜੀ ਲਿਸਟ (ਸਟੇਟ ਲਿਸਟ) ਦੀ 17ਵੀਂ ਐਂਟਰੀ ਮੁਤਾਬਿਕ ਸਿੰਜਾਈ, ਨਹਿਰਾਂ, ਪਣ ਬਿਜਲੀ ਪ੍ਰਾਜੈਕਟ ਸੂਬਿਆਂ ਦੇ ਕੰਟਰੋਲ ਅਧੀਨ ਹੋਣਗੇ। ਸੰਵਿਧਾਨ ਦੇ ਸੱਤਵੇਂ ਸ਼ੈਡਿਊਲ ਦੀ (ਯੂਨੀਅਨ ਲਿਸਟ) ਦੀ ਐਂਟਰੀ 56 ਮੁਤਾਬਿਕ ਅਤੇ ਸੰਵਿਧਾਨ ਦੀ ਦਫ਼ਾ 262 ਤਹਿਤ ਇੰਟਰ ਸਟੇਟ ਦਰਿਆਵਾਂ ਦੇ ਪਾਣੀਆਂ ਦੀ ਵੰਡ ਮੁਤੱਲਕ ਪੈਦਾ ਹੁੰਦੇ ਝਗੜਿਆਂ ਦੇ ਨਬੇੜੇ ਦਾ ਕਾਨੂੰਨ ਬਣਾਉਣ ਦਾ ਹੱਕ ਹੈ। ਪੰਜਾਬ ਦੇ ਤਿੰਨੇ ਦਰਿਆਵਾਂ ਦਾ ਇੰਟਰ ਸਟੇਟ ਰਿਲੇਸ਼ਨ ਸਿਰਫ ਹਿਮਾਚਲ ਨਾਲ ਹੈ, ਰਾਜਸਥਾਨ ਤੇ ਹਰਿਆਣੇ ਨਾਲ ਬਿਲਕੁਲ ਨਹੀਂ। ਸੋ ਪਾਣੀ ਤੇ ਬਿਜਲੀ ਦੀ ਵੰਡ ਬਾਬਤ 1966 ਵਾਲੇ ਕਾਨੂੰਨ ਦੀਆਂ ਧਾਰਾਵਾਂ 78, 79, 80 ਗੈਰ-ਸੰਵਿਧਾਨਕ ਹਨ, ਜਿਨ੍ਹਾਂ ਤਹਿਤ ਪੰਜਾਬ ਦੇ ਦਰਿਆਵਾਂ ਨਾਲ ਕੋਈ ਵਾਹ-ਵਾਸਤਾ ਨਾ ਰੱਖਣ ਵਾਲੇ ਰਾਜਸਥਾਨ ਤੇ ਹਰਿਆਣਾ ਵੀ ਕਵਰ ਕੀਤੇ ਗਏ ਹਨ।

ਹੁਣ ਗੱਲ ਕਰੀਏ ਬੀ.ਬੀ.ਐਮ.ਬੀ. ਦੀ ਸਥਾਪਨਾ ਬਾਰੇ। ਕੇਂਦਰ ਸਰਕਾਰ ਦਾ ਇੱਕ ਕਾਨੂੰਨ ਹੈ "ਰਿਵਰ ਬੋਰਡ ਐਕਟ ਆਫ 1956", ਇਸ ਐਕਟ ਅਧੀਨ ਇੰਟਰ ਸਟੇਟ ਦਰਿਆਵਾਂ ਦੇ ਪਾਣੀ ਦੇ ਵਧੀਆ ਇਸਤੇਮਾਲ ਕਰਨ ਵਾਲੀਆਂ ਸਕੀਮਾਂ 'ਤੇ ਕੰਮ ਕਰਨਾ। ਇਸ ਐਕਟ ਅਧੀਨ ਬੋਰਡ ਸਬੰਧਿਤ ਸੂਬਿਆਂ ਦੀ ਸਹਿਮਤੀ ਅਤੇ ਬੇਨਤੀ 'ਤੇ ਕੇਂਦਰ ਸਰਕਾਰ ਬਣਾਉਂਦੀ ਹੈ। ਜਿੱਥੇ ਸੂਬਿਆਂ ਦੀ ਸਹਿਮਤੀ ਨਾ ਹੋਵੇ, ਉਥੇ ਇੱਕ ਕੇਂਦਰੀ ਕਾਨੂੰਨ "ਇੰਟਰ ਸਟੇਟ ਰਿਵਰ ਵਾਟਰ ਡਿਸਪਿਊਟ ਐਕਟ 1956" ਅਧੀਨ ਕੇਂਦਰ ਸਰਕਾਰ ਬੋਰਡ ਬਣਾਉਂਦੀ ਹੈ। ਜਿਵੇਂ ਕਿ "ਨਰਮਦਾ ਕੰਟਰੋਲ ਅਥਾਰਿਟੀ" ਬਣੀ ਹੈ। ਜਿਵੇਂ ਭਾਖੜਾ ਡੈਮ ਇੰਟਰ ਸਟੇਟ ਦਰਿਆ 'ਤੇ ਬਣਿਆ ਹੈ। ਉਸ 'ਤੇ ਬਣੇ ਡੈਮ ਨੂੰ ਕੰਟਰੋਲ ਕਰਨ ਲਈ ਕੋਈ ਬੋਰਡ 1956 ਵਾਲੇ ਉਕਤ ਦੋਵਾਂ ਐਕਟਾਂ 'ਚੋਂ ਹਾਲਾਤ ਮੁਤਾਬਿਕ ਕਿਸੇ ਇੱਕ ਐਕਟ ਤਹਿਤ ਬਣ ਸਕਦਾ ਸੀ, ਨਾ ਕਿ 1966 ਵਾਲੇ ਐਕਟ ਦੀ ਦਫ਼ਾ 79 ਤਹਿਤ। ਇਹ ਬੋਰਡ ਵੀ ਸਿਰਫ ਹਿਮਾਚਲ ਅਤੇ ਪੰਜਾਬ ਦਾ ਸਾਂਝਾ ਬਣ ਸਕਦਾ ਸੀ।

BHAKRA BEAS MANAGEMENT BOARD
An ISO 9001, 14001 Certified Board

ਸੋ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ 1966 ਵਾਲੇ ਐਕਟ ਦੀ ਦਫ਼ਾ 79 ਨੂੰ ਗੈਰ-ਸੰਵਿਧਾਨਿਕ ਦੱਸ ਕੇ ਇਹਨੂੰ ਰੱਦ ਕਰਨ ਦੀ ਬੇਨਤੀ ਸੁਪਰੀਮ ਕੋਰਟ ਕੋਲ ਕਰੇ। ਇਸ ਤੋਂ ਪਹਿਲਾਂ ਜੁਲਾਈ 1979 'ਚ ਪੰਜਾਬ ਸਰਕਾਰ ਨੇ ਸੁਪਰੀਮ ਕੋਰਟ 'ਚ ਇਸੇ ਐਕਟ ਦੀ ਦਫ਼ਾ 78 ਨੂੰ ਗੈਰ-ਸੰਵਿਧਾਨਿਕ ਕਹਿ ਕੇ ਰੱਦ ਕਰਨ ਲਈ ਇੱਕ ਪਟੀਸ਼ਨ ਦਾਇਰ ਕੀਤੀ ਸੀ। ਪੰਜਾਬ ਨੇ ਇਹ ਪਟੀਸ਼ਨ ਹਰਿਆਣੇ ਵੱਲੋਂ ਅਪਰੈਲ 1979 'ਚ ਪਾਈ ਉਸ ਪਟੀਸ਼ਨ ਦੇ ਜਵਾਬ ਵਿੱਚ ਪਾਈ ਸੀ, ਜਿਹਦੇ ਉਹਨੇ ਦਫ਼ਾ 78 ਤਹਿਤ ਹੋਏ ਕੇਂਦਰੀ ਐਵਾਰਡ ਨੂੰ ਲਾਗੂ ਕਰਾਉਣ ਲਈ ਸਤਲੁਜ-ਯਮਨਾ ਲਿੰਕ ਨਹਿਰ ਪੁੱਟਣ ਦੇ ਹੁਕਮ ਪੰਜਾਬ ਨੂੰ ਕਰਾਉਣ ਵਾਸਤੇ ਮੰਗ ਕੀਤੀ ਗਈ ਸੀ। ਦਫ਼ਾ 78 ਨੂੰ ਰੱਦ ਕਰਾਉਣ ਵਾਲੀ ਪਟੀਸ਼ਨ ਦਾ ਅਜੇ ਨਿਬੇੜਾ ਨਹੀਂ ਸੀ ਹੋਇਆ, ਉਹਤੋਂ ਹੀ ਪਹਿਲਾਂ ਹੋਏ ਇੱਕ ਸਮਝੌਤੇ ਤਹਿਤ ਪੰਜਾਬ ਨੇ ਆਪਦੀ ਪਟੀਸ਼ਨ ਵਾਪਸ ਲੈ ਲਈ। ਹਰਿਆਣੇ ਵੱਲੋਂ ਜਨਵਰੀ 2004 ਵਿੱਚ ਸੁਪਰੀਮ ਕੋਰਟ ਕੋਲ ਇੱਕ ਡਿਗਰੀ ਦਾ ਦਾਅਵਾ ਕੀਤਾ, ਜਿਸ 'ਚ ਮੰਗ ਕੀਤੀ ਸੀ ਕਿ ਸਤਲੁਜ-ਯਮਨਾ ਨਹਿਰ ਪੁੱਟਣ ਲਈ ਕੇਂਦਰ ਸਰਕਾਰ ਨੂੰ ਹੁਕਮ ਕੀਤਾ ਜਾਵੇ। ਪੰਜਾਬ ਸਰਕਾਰ ਨੇ ਇੱਕ ਵਾਰ ਮੁੜ ਦਫ਼ਾ 78 ਨੂੰ ਸੁਪਰੀਮ ਕੋਰਟ ਵਿੱਚ ਚੈਲੰਜ ਕੀਤਾ, ਜਿਸ ਨੂੰ ਹਰਿਆਣੇ ਵੱਲੋਂ ਦਾਇਰ ਡਿਗਰੀ ਕਰਨ ਵਾਲੇ ਕੇਸ ਦੇ ਨਾਲ ਹੀ ਕੋਰਟ ਨੇ ਸੁਣਿਆ। ਸੁਪਰੀਮ ਕੋਰਟ ਵੱਲੋਂ 4 ਜੂਨ 2004 ਨੂੰ ਸੁਣੇ ਫੈਸਲੇ 'ਚ ਪੰਜਾਬ ਦੀ ਦਰਖਾਸਤ ਨੂੰ ਰੱਦ ਕਰ ਦਿੱਤਾ ਗਿਆ।


ਸੁਪਰੀਮ ਕੋਰਟ ਰੂਲਜ਼ ਦਾ ਹਵਾਲਾ ਦਿੰਦਿਆਂ ਕੋਰਟ ਨੇ ਕਿਹਾ, ਕਿਉਂਕਿ ਪੰਜਾਬ ਦਫ਼ਾ 78 ਨੂੰ ਰੱਦ ਕਰਾਉਣ ਦੀ ਪਟੀਸ਼ਨ ਇੱਕ ਪਹਿਲਾਂ ਦਾਇਰ ਕਰਕੇ ਵਾਪਸ ਲੈ ਚੁੱਕਿਆ ਹੈ, ਸੋ ਰੂਲ ਮੁਤਾਬਿਕ ਇੱਕ ਵਾਰ ਵਾਪਿਸ ਲਈ ਗਈ ਪਟੀਸ਼ਨ ਦੁਬਾਰਾ ਦਾਇਰ ਨਹੀਂ ਕੀਤੀ ਜਾ ਸਕਦੀ। ਸੋ 78 ਨੂੰ ਰੱਦ ਕਰਾਉਣ ਵਾਲਾ ਕਾਨੂੰਨੀ ਰਾਹ ਜਿੱਥੇ ਬੰਦ ਹੈ, ਉਥੇ ਦਫ਼ਾ 79 ਨੂੰ ਚੈਲੰਜ ਕਰਨ ਵਾਲਾ ਰਾਹ ਖੁੱਲ੍ਹਾ ਹੈ। ਸਿਆਸੀ ਚਾਰਾਜੋਈ ਤਹਿਤ ਪੰਜਾਬ ਵਿਧਾਨ ਸਭਾ ਇੱਕ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜ ਕੇ ਮੰਗ ਕੀਤੀ ਜਾਵੇ ਕਿ ਕੇਂਦਰੀ ਐਕਟ "ਪੰਜਾਬ ਪੁਨਰਗਠਨ ਐਕਟ 1966" ਦੀਆਂ ਗੈਰ-ਸੰਵਿਧਾਨਿਕ ਧਾਰਾਵਾਂ 78, 79, 80 ਰੱਦ ਕੀਤੀਆਂ ਜਾਣ। ਪੰਜਾਬ ਸਰਕਾਰ ਨੇ 1966 ਤੋਂ ਲੈ ਕੇ ਅੱਜ ਤੱਕ ਇਨ੍ਹਾਂ ਧਾਰਾਵਾਂ ਨੂੰ ਰੱਦ ਕਰਾਉਣ ਖਾਤਰ ਕੇਂਦਰ ਸਰਕਾਰ ਨੂੰ ਇੱਕ ਚਿੱਠੀ ਤੱਕ ਨਹੀਂ ਲਿਖੀ। ਭਾਵੇਂ ਪੰਜਾਬ ਦੀ ਇਸ ਮੰਗ 'ਤੇ ਕੇਂਦਰ ਵੱਲੋਂ ਕੰਨ ਧਰਨ ਦੀ ਕੋਈ ਉਮੀਦ ਨਹੀਂ, ਪਰ ਵਿਧਾਨ ਸਭਾ ਦੇ ਇਹ ਮਤੇ ਸਿਆਸੀ ਕੋਸ਼ਿਸ਼ਾਂ ਦਾ ਰਾਹ ਖੋਲ੍ਹਣਗੇ।

## ਗੁਰਮਤਿ ਸਕੂਲ ਵਿੱਚ 'ਸਾਇੰਸ' ਸਬੰਧੀ ਪ੍ਰੋਗਰਾਮ ਕਰਵਾਇਆ

**ਸ਼ਿਕਾਗੋ:** ਪੈਲਾਟਾਈਨ ਗੁਰੂਘਰ ਵਿੱਚ ਲੰਘੇ ਦਿਨੀਂ ਗੁਰਮਤਿ ਸਕੂਲ ਦੇ ਬੱਚਿਆਂ ਲਈ 'ਸਾਇੰਸ ਦਾ ਜਾਦੂ' ਤਜਰਬਾ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਦੇ ਨਾਲ ਨਾਲ ਵੱਡਿਆਂ ਨੇ ਵੀ ਹਿੱਸਾ ਲਿਆ। ਇਸ ਮੌਕੇ ਦੱਸਿਆ ਗਿਆ ਕਿ ਆਕਸੀਜ਼ਨ ਤੇ ਅੱਗ ਕਿਵੇਂ ਬਣਦੀ ਹੈ! ਗੁਰਮਤਿ ਸਕੂਲ ਦੇ ਅਹਾਤੇ ਵਿੱਚ ਕਰਵਾਏ ਗਏ ਇਸ ਪ੍ਰੋਗਰਾਮ ਵਿੱਚ ਫਰੈਸ਼ਮੈਨ ਐਟ ਸਟੀਵਸਨ ਹਾਈ ਸਕੂਲ ਦੇ ਵਿਦਿਆਰਥੀ ਅਭੀਜੋਤ ਸਿੰਘ ਨੇ ਆਪਣੇ ਘਰ ਵਿੱਚ ਅਤੇ ਆਮ ਜ਼ਿੰਦਗੀ ਵਿੱਚ ਵਰਤ ਹੁੰਦੀਆਂ ਚੀਜ਼ਾਂ ਨਾਲ ਤਜਰਬੇ ਕਰ ਕੇ ਬੱਚਿਆਂ ਨੂੰ ਦਿਖਾਏ।

ਇਸ ਮੌਕੇ ਗੁਰਮਤਿ ਸਕੂਲ ਦੇ ਪ੍ਰਿੰਸੀਪਲ ਸਲਵਿੰਦਰ ਕੌਰ ਸੰਧੂ ਨੇ ਬੱਚਿਆਂ ਨੂੰ ਸਵਾਲ-ਜਵਾਬ ਵੀ ਕੀਤੇ ਅਤੇ ਗੁਰਬਾਣੀ ਮੁਤਾਬਕ 'ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤ ਮਹਤੁ' ਦੇ ਅਰਥ ਸਮਝਾਏ। ਬੀਬੀ ਸੰਧੂ, ਪ੍ਰੀ-ਸਕੂਲ ਦੀ ਅਧਿਆਪਕਾ ਜਸਪ੍ਰੀਤ ਕੌਰ ਗਿੱਲ ਅਤੇ ਬੋਰਡ ਮੈਂਬਰ ਅੱਛਰ ਸਿੰਘ ਨੇ ਅਭਿਜੋਤ ਸਿੰਘ ਨੂੰ ਪ੍ਰੋਗਰਾਮ ਦੇ ਅੰਤ ਵਿੱਚ ਗਿਫਟ ਹੈਂਪਰ ਦਿੱਤਾ। ਇਸ ਮੌਕੇ ਕੁਝ ਮਾਪਿਆਂ ਦਾ ਸੁਝਾਅ ਸੀ ਕਿ ਗੁਰਮਤਿ ਸਕੂਲ ਵੱਲੋਂ ਇੰਜ ਦੇ ਹੋਰ ਪ੍ਰੋਗਰਾਮ ਹੁੰਦੇ ਰਹਿਣੇ ਚਾਹੀਦੇ ਹਨ, ਜਿਸ ਨਾਲ ਬੱਚਿਆਂ ਦਾ ਉਤਸ਼ਾਹ ਬਣਿਆ ਰਹੇ।







ਅਕਾਲ ਤਖ਼ਤ ਸਾਹਿਬ ਦਾ ਧਿਆਨ ਧਰਦਿਆਂ...

# ਸਰਵ ਉੱਚ ਸੰਸਥਾ, ਪੰਚ-ਪ੍ਰਧਾਨੀ ਸਿਧਾਂਤ ਤੇ ਜਥੇਦਾਰ

ਪੰਥਕ ਮਸਲੇ

ਡਾ. ਰੂਪ ਸਿੰਘ
ਫੋਨ:+91-9814637979



## ਕਿੰਜ ਕਾਇਮ ਰਹੇ ਸਿੱਖੀ ਸੋਚ, ਸਿਧਾਂਤ ਦੀ ਸਰਦਾਰੀ?

*ਅਕਾਲ ਤਖਤ ਸਾਹਿਬ ਦੇ ਸਿਧਾਂਤਕੀ ਮਾਡਲ ਦੇ ਸੰਦਰਭ ਵਿੱਚ ਇਹ ਬਹੁਤ ਮਾਇਨੇ ਰੱਖਦਾ ਹੈ ਕਿ ਸੂਖਮ ਸਿੱਖ ਸਿਧਾਂਤਾਂ ਨੂੰ ਪ੍ਰਚਾਰਨ-ਪ੍ਰਸਾਰਨ ਤੇ ਅਮਲ 'ਚ ਪ੍ਰਗਟ ਕਰਨ ਲਈ ਗੁਰੂ ਸਾਹਿਬਾਨ ਨੇ ਸਮੇਂ ਸਮੇਂ 'ਸੰਸਥਾਵਾਂ' ਦੀ ਸਿਰਜਣਾ ਕੀਤੀ; ਪਰ ਜਿਸ ਤਰ੍ਹਾਂ ਨਿੱਜੀ ਸਿਆਸਤ ਜਾਂ ਸੱਤਾ ਦੀ ਸਰਦਾਰੀ ਕਾਇਮ ਰੱਖਣ ਲਈ ਸਿੱਖ ਪੰਥ ਦੀ ਸਰਵ ਉੱਚ ਸੰਸਥਾ ਅਕਾਲ ਤਖਤ ਸਾਹਿਬ ਦੀ ਸਿਧਾਂਤਕੀ ਸਰਦਾਰੀ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ, ਪ੍ਰਤੱਖ-ਅਪ੍ਰਤੱਖ ਰੂਪ ਵਿੱਚ ਸਭ ਦੇ ਸਾਹਮਣੇ ਹੈ। ਇਸ ਵਰਤਾਰੇ ਨੂੰ ਠੱਲ੍ਹਣਾ ਬੇਹਦ ਜ਼ਰੂਰੀ ਹੈ। ਸਿਧਾਂਤ ਆਧਾਰਿਤ, ਸਿਧਾਂਤਕ ਸਿੱਖ ਸੰਸਥਾਵਾਂ ਦੀ ਸਿਰਜਣਾ 'ਸ਼ਖ਼ਸੀ' ਗੁਲਾਮੀ ਤੋਂ ਨਿਜ਼ਾਤ ਦਿਵਾਉਣ ਵੱਲ ਇੱਕ ਪੜਾਅ ਸੀ, ਪਰ ਪਿਛਲੇ ਲੰਮੇ ਸਮੇਂ ਤੋਂ ਹੋ ਇਹ ਰਿਹਾ ਹੈ ਕਿ ਸਿੱਖ ਧਰਮ ਵਿੱਚ 'ਵਿਚਾਰ' ਦੀ ਪ੍ਰਮੁੱਖਤਾ ਨਾਲੋਂ 'ਵਿਅਕਤੀ ਵਿਸ਼ੇਸ਼' ਦੀ ਅਹਿਮੀਅਤ ਦਾ ਪੜੁੱਲ ਬੱਝ ਗਿਆ ਹੋਇਆ ਹੈ। ਸਿੱਖੀ ਸੋਚ, ਸਿਧਾਂਤ ਦੀ ਸਰਦਾਰੀ ਕਿੰਜ ਕਾਇਮ ਰਹੇ? ਇਹ ਸਵਾਲ ਸਿੱਖ ਪੰਥਕ ਸਫਾਂ ਲਈ ਅਹਿਮ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਡਾ. ਰੂਪ ਸਿੰਘ ਵੱਲੋਂ ਭੇਜਿਆ ਗਿਆ ਹਥਲਾ ਲੰਮਾ ਤੇ ਅਹਿਮ ਲੇਖ ਪੜ੍ਹਨ ਤੇ ਵਿਚਾਰਨ ਯੋਗ ਹੈ। ਪੇਸ਼ ਹੈ, ਇਸ ਲੇਖ ਦੀ ਪਹਿਲੀ ਕਿਸ਼ਤ... -ਪ੍ਰਬੰਧਕੀ ਸੰਪਾਦਕ*

ਕਿਰਤ ਕਰਨੀ, ਨਾਮ ਜਪਣਾ, ਵੰਡ ਛੱਕਣਾ ਸਿੱਖ ਜੀਵਨ ਜਾਚ ਹੈ। ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ, ਦੀਦਾਰ ਖਾਲਸੇ ਦੇ ਧਾਰਣੀ ਹੋ, ਨਿਰੰਕਾਰੁ 'ਚ ਅਭੇਦ ਹੋਣਾ ਸਿੱਖ ਦੀ ਮੰਜ਼ਲ। ਸਿੱਖ ਧਰਮ ਸਥੂਲ ਤੋਂ ਸੂਖਮਤਾ ਦੀ ਸਿਖ਼ਰ ਵੱਲ ਯਾਤਰਾ ਹੈ। ਸਿੱਖ ਸਿਧਾਂਤਕ ਤੇ ਸੰਗਤੀ ਧਰਮ ਹੋਣ ਕਾਰਨ ਸਮੇਂ-ਸਥਾਨ, ਸਥੂਲਤਾ ਤੇ ਸ਼ਖ਼ਸ-ਪ੍ਰਸਤੀ ਦੀਆਂ ਸੀਮਾਵਾਂ ਤੋਂ ਸੁਤੰਤਰ ਹੈ। ਸ਼ਬਦ-ਗੁਰੂ ਦਾ ਸਿਧਾਂਤ ਸਿੱਖ ਦੀ ਅਗਵਾਈ ਕਰਦਾ ਹੈ। ਸਿੱਖ ਸ਼ਬਦ-ਪ੍ਰਸਤ ਹੈ, ਕਿਸੇ ਵੀ ਰੂਪ 'ਚ ਸ਼ਖ਼ਸ-ਪ੍ਰਸਤ ਨਹੀਂ। ਮੂਲ ਰੂਪ 'ਚ ਸਿੱਖ ਧਰਮ ਤੌਹੀਦ-ਪ੍ਰਸਤ ਹੋਣ ਕਾਰਨ ਸਿੱਖ 'ਸ਼ਖ਼ਸ'-ਪ੍ਰਸਤ ਹੋ ਹੀ ਨਹੀਂ ਸਕਦਾ। ਬ੍ਰਹਿਮੰਡ ਦੇ ਹਰ ਕੋਨੇ 'ਚ ਸਿੱਖ, ਸਿੱਖ ਧਰਮ ਨੂੰ ਅਪਨਾ-ਸਵੀਕਾਰ ਕਰ, ਬ੍ਰਹਿਮੰਡੀ ਸ਼ਹਿਰੀ ਵਜੋਂ 'ਮੌਜ' ਨੂੰ ਮਾਣ ਸਕਦਾ ਹੈ। ਸਿੱਖ ਗੁਰੂ ਸਾਹਿਬਾਨ, ਅਕਾਲ ਪੁਰਖ ਦਾ 'ਨਿਰਗੁਣ-ਸਰਗੁਣ' ਸਮਰੱਥ ਸਾਕਾਰ ਰੂਪ ਹਨ। ਫ਼ਿਰ ਵੀ ਅਸੀਂ ਦੇਖਦੇ ਹਾਂ ਕਿ ਸ਼ਖ਼ਸ-ਪ੍ਰਸਤੀ ਤੋਂ ਬਚਣ ਲਈ ਗੁਰਬਾਣੀ ਕੇਵਲ 'ਨਾਨਕ ਜੋਤਿ' ਦੀ ਮੋਹਰ ਅਧੀਨ ਅੰਕਿਤ ਕੀਤੀ ਗਈ। ਸੰਸਾਰਿਕ ਭਰਮਣ ਸਮੇਂ ਵੀ ਗੁਰੂ ਸਾਹਿਬਾਨ ਵਿਅਕਤੀਗਤ ਰੂਪ 'ਚ ਨਹੀਂ ਵਿਚਰਦੇ ਦਿਖਾਈ ਦਿੰਦੇ, ਸਗੋਂ ਸੰਗੀ-ਸਾਥੀ ਸਾਥ ਰਹੇ। ਜਗਤ ਸੁਧਾਰ ਯਾਤਰਾਵਾਂ ਤੇ ਸ਼ਹਾਦਤ ਦੇਣ ਸਮੇਂ ਵੀ ਸਿੱਖਾਂ ਨੂੰ ਸਾਥ ਰੱਖਿਆ। 'ਇਕੁ ਸਿਖੁ ਦੁਇ ਸਾਧਸੰਗ ਪੰਜੀਂ ਪਰਮੇਸਰੁ' ਦੀ ਭਾਵਨਾ ਸਦ ਬਰਕਰਾਰ ਰਹੀ ਤੇ 'ਗੁਰੂ-ਸਿੱਖ' ਦੀ ਪ੍ਰੀਤ-ਰੀਤ ਵੀ ਪ੍ਰਗਟ ਹੈ।

ਸੂਖਮ ਸਿੱਖ ਸਿਧਾਂਤਾਂ ਨੂੰ ਪ੍ਰਚਾਰਨ-ਪ੍ਰਸਾਰਨ ਤੇ ਅਮਲ 'ਚ ਪ੍ਰਗਟ ਕਰਨ ਲਈ ਗੁਰੂ-ਸਾਹਿਬਾਨ ਨੇ ਸਮੇਂ ਸਮੇਂ 'ਸੰਸਥਾਵਾਂ' ਦੀ ਸਿਰਜਣਾ ਕੀਤੀ। ਸੰਗਤ-ਪੰਗਤ, ਗੁਰਦੁਆਰੇ, ਅਕਾਲ ਤਖ਼ਤ ਸਾਹਿਬ, ਪੰਜ ਪਿਆਰੇ, 'ਗੁਰੂ-ਪੰਥ' ਦੀਆਂ ਪ੍ਰਮੁੱਖ ਸਿਧਾਂਤਕ-ਸੰਗਤੀ ਸੰਸਥਾਵਾਂ ਹਨ। ਸਿਧਾਂਤ ਆਧਾਰਿਤ, ਸਿਧਾਂਤਕ ਸਿੱਖ ਸੰਸਥਾਵਾਂ ਦੀ ਸਿਰਜਣਾ ਵੀ 'ਸ਼ਖ਼ਸੀ' ਗੁਲਾਮੀ ਤੋਂ ਨਿਜ਼ਾਤ ਦਿਵਾਉਣ ਵੱਲ ਇੱਕ ਪੜਾਅ ਸੀ। ਸਿੱਖ ਧਰਮ ਵਿੱਚ 'ਵਿਚਾਰ' ਦੀ ਪ੍ਰਮੁੱਖਤਾ ਹੈ, ਵਿਅਕਤੀ ਵਿਸ਼ੇਸ਼ ਦੀ ਨਹੀਂ। ਸੰਗਤ ਪ੍ਰਮੁੱਖ ਹੈ, ਸ਼ਖ਼ਸੀਅਤ ਨਹੀਂ। ਸਿੱਖ ਪਰੰਪਰਾ ਤਾਂ 'ਗੁਰੂ ਵੀਹ ਵਿਸਵੇ, ਸੰਗਤ ਇੱਕੀ ਵਿਸਵੇ' ਨੂੰ ਪ੍ਰਵਾਨ ਕਰਦੀ ਹੈ। ਗੁਰਮਤਿ ਵਿਚਾਰਧਾਰਾ ਵਿੱਚ 'ਪੰਚ-ਪ੍ਰਧਾਨੀ' ਦੀ ਪ੍ਰਧਾਨਤਾ ਪਹਿਲੇ ਦਿਨ ਤੋਂ ਹੈ। ਪ੍ਰਮੁੱਖ ਸਿਧਾਂਤਕ ਸਿੱਖ ਸੰਸਥਾ 'ਸ੍ਰੀ ਅਕਾਲ ਤਖ਼ਤ ਸਾਹਿਬ' ਦੀ ਸਿਰਜਣਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਦ 'ਸੰਗਤੀ' ਰੂਪ 'ਚ ਧਰਮੀ ਪੁਰਸ਼ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਤੋਂ ਕਰਵਾਈ। ਸਿੱਖਾਂ ਨੂੰ ਆਦੇਸ਼ ਕੀਤਾ ਕਿ ਜੁਆਨੀਆਂ, ਚੰਗੇ ਘੋੜੇ ਤੇ ਸ਼ਸ਼ਤਰ ਭੇਟ ਕੀਤੇ ਜਾਣ। ਤਖ਼ਤ ਅਸਥਾਨ 'ਤੇ ਸ਼ਸ਼ਤਰ ਬਿਰਾਜਮਾਨ ਹਨ, ਜੋ ਰੂਹਾਨੀ ਸ਼ਕਤੀ ਨੂੰ ਦੈਵੀ ਤਰੰਗਾਂ ਜ਼ਰੀਏ ਨਿਰੰਤਰ ਬਿਖੇਰਦੇ ਹਨ। ਸ਼ਾਇਦ ਏਹੀ 'ਸ਼ਸ਼ਤਰਨ ਕੇ ਅਧੀਨ ਹੈ ਰਾਜ' ਦਾ ਰਾਜ਼ ਹੈ।

ਸਿਰਦਾਰ ਕਪੂਰ ਸਿੰਘ ਦੇ ਲਿਖਣ ਅਨੁਸਾਰ, 'ਇਉਂ ਗੁਰੂ ਹਰਿਗੋਬਿੰਦ ਜੀ ਨੇ ਭਾਰਤ ਦੇ ਮੁਗਲ ਰਾਜ ਨੂੰ ਅਸਵੀਕਾਰ ਕਰਕੇ ਸਿੱਖਾਂ ਦੇ ਪ੍ਰਭੂਤਾ-ਸੰਪੰਨ ਹੋਣ ਦਾ ਐਲਾਨ ਕਰ ਦਿੱਤਾ। ਅਠਾਰਵੀਂ, ਉਨੀਵੀਂ ਤੇ ਵੀਹਵੀਂ ਸਦੀ ਵਿੱਚ "ਸਿੱਖ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਸ਼ੇਸ਼ ਮੋਕਿਆਂ ਉੱਪਰ ਇਕੱਠੀ ਹੋ ਕੇ ਸਰਬ ਸੰਮਤੀ ਨਾਲ ਕੌਮੀ ਫ਼ੈਸਲੇ ਲੈਂਦੀ ਰਹੀ", ਜਿਨ੍ਹਾਂ ਦੀ ਪਾਲਣਾ ਕਰਨੀ ਸਿੱਖ ਲਈ ਜਰੂਰੀ ਮੰਨੀ ਜਾਂਦੀ ਹੈ।...ਤਖ਼ਤਾਂ ਦੇ ਮੁੱਖ ਪ੍ਰਬੰਧਕ ਨੂੰ 'ਜਥੇਦਾਰ' ਕਿਹਾ ਜਾਂਦਾ ਹੈ। ਸ਼ਾਬਦਿਕ ਤੌਰ 'ਤੇ 'ਜਥੇਦਾਰ' ਤੋਂ ਭਾਵ ਹੈ- ਆਗੂ। ਸਿੱਖ ਬੋਲਚਾਲ ਵਿੱਚ ਸਿੱਖ ਸਵੈ-ਸੇਵਕਾਂ ਦੇ ਦਸਤੇ ਦੇ ਆਗੂ ਨੂੰ 'ਜਥੇਦਾਰ' ਕਿਹਾ ਜਾਂਦਾ ਹੈ, ਜਿਹੜਾ ਉਨ੍ਹਾਂ ਨੂੰ ਜੀਵਨ ਭਰ ਪੰਥ ਲਈ ਜਾਂ ਸਿੱਖ-ਉਦੇਸ਼ਾਂ ਦੀ ਪੂਰਤੀ ਲਈ ਲਾਮਬੰਦ ਕਰਦਾ ਸੀ (ਗੁਰਮਤਿ ਪ੍ਰਕਾਸ਼ ਅਗਸਤ, 1998 ਪੰਨਾ 33)। ਅਸੀਂ ਕਹਿ ਸਕਦੇ ਹਾਂ ਕਿ 'ਸ੍ਰੀ ਅਕਾਲ ਤਖ਼ਤ ਸਾਹਿਬ', 'ਗੁਰੂ-ਪੰਥ' ਦੀ ਸਰਵ ਉੱਚ ਸੰਸਥਾ ਹੈ, ਜੋ ਹਰ ਸਮੇਂ ਸਿੱਖ ਧਰਮ ਦੇ ਵਿਕਾਸ-ਵਿਗਾਸ ਦੇ ਸਮਰੱਥ ਹੈ। ਇਹ ਕੌਮੀ ਸਿਧਾਂਤਕ ਸਿੰਘਾਸਨ ਹੈ, ਜੋ ਪੰਜ ਪਿਆਰਿਆਂ ਦੇ ਰੂਪ ਵਿੱਚ 'ਪੰਚ-ਪ੍ਰਧਾਨੀ' ਪ੍ਰਥਾ ਦਾ ਪ੍ਰਗਟਾਅ ਹੈ। ਪ੍ਰਮੁੱਖਤਾ ਪੰਜ ਪਿਆਰਿਆਂ ਦੀ ਹੈ, ਕਿਸੇ ਵਿਅਕਤੀ ਵਿਸ਼ੇਸ਼ ਦੀ ਨਹੀਂ। ਸਿਧਾਂਤਕ ਸੰਸਥਾ 'ਚ 'ਸ਼ਖ਼ਸੀਅਤ' ਪ੍ਰਮੁੱਖ ਹੋ ਨਹੀਂ ਸਕਦੀ। ਗੁਰਮਤਿ ਵਿਚਾਰਧਾਰਾ ਅਨੁਸਾਰ 'ਗੁਰੂ' ਤੇ 'ਸਿੱਖ' ਦਾ ਸਿੱਧਾ ਸਬੰਧ ਹੈ, ਕਿਸੇ ਵੀ ਰੂਪ 'ਚ 'ਵਿਚੋਲੇ' ਨੂੰ ਪ੍ਰਵਾਨਗੀ ਨਹੀਂ।

ਸਿਧਾਂਤਕ ਤੌਰ 'ਤੇ 'ਪੰਜ ਪਿਆਰੇ' ਗੁਰੂ-ਜੋਤਿ ਦਾ



ਪ੍ਰਗਟਾਅ ਹਨ। 'ਪੰਜ ਪਿਆਰੇ' ਰਹੱਸਮਈ ਸਿਧਾਂਤਕ ਸੰਸਥਾ ਹੈ, ਪੰਜ ਸਰੀਰ ਨਹੀਂ, 'ਗੁਰੂ-ਜੋਤਿ' ਰੂਪ 'ਚ ਇੱਕ ਹਨ। ਜੇ ਸਰੀਰ ਹੁੰਦੇ ਤਾਂ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਸਜਾਉਣ ਲੱਗਿਆਂ, ਚਮਕੌਰ ਦੀ ਗੜ੍ਹੀ ਛੱਡਣ ਦਾ ਹੁਕਮ ਦੇਣ ਤੇ ਦਾਦੂ ਦੀ ਸਮਾਧ ਨੂੰ ਤੀਰ ਦੇ ਗੋਛੇ ਨਾਲ ਨਮਸ਼ਕਾਰ ਕਰਨ 'ਤੇ ਤਨਖਾਹ ਲਾਉਣ ਵਾਲੇ 'ਪੰਜ ਪਿਆਰੇ' ਭਿੰਨ ਨਾ ਹੁੰਦੇ! ਸ਼ਖ਼ਸੀਅਤ ਦੀ ਪ੍ਰਮੁੱਖਤਾ ਪ੍ਰਵਾਨ ਹੋਣ ਨਾਲ 'ਸਿਧਾਂਤਕ ਸਿੰਘਾਸਨ' ਦੀ ਸ਼ਕਤੀ ਗੌਣ ਹੋ, 'ਨਿੱਜ' ਲਈ ਵਰਤੀ ਜਾਵੇਗੀ। ਇਤਿਹਾਸ 'ਚ ਇਸ ਤਰ੍ਹਾਂ ਵਾਪਰਿਆ, ਪੁਜਾਰੀਆਂ ਨਿੱਜੀ ਹਿੱਤਾਂ ਦੀ ਪੂਰਤੀ ਤੇ ਆਪਣੀਆਂ ਘਾਟਾਂ-ਕਮਜ਼ੋਰੀਆਂ ਛੁਪਾਉਣ ਲਈ 18 ਮਾਰਚ 1887 ਨੂੰ ਪ੍ਰੋਫ਼ੈਸਰ ਗੁਰਮੁੱਖ ਸਿੰਘ ਨੂੰ ਪੰਥ 'ਚੋਂ ਖਾਰਜ ਕਰਨ ਦਾ ਹੁਕਨਾਮਾ ਜਾਰੀ ਕੀਤਾ ਗਿਆ। ਸ਼ਬਦ ਸਨ: ਹਮ ਤਮਾਮ ਪੁਜਾਰੀਆਨ ਵ ਗ੍ਰੰਥੀਆਨ ਵ ਨੰਬਰਦਾਰਾਨ ਸ੍ਰੀ ਗੁਰਦਵਾਰੇ ਹਾਇ ਮਮਦੂਰ ਤਹਿਰੀਰ ਕਰਤੇ ਹੈਂ ਕਿ, 'ਗੁਰਮੁਖ ਸਿੰਘ ਮਜਕੂਰ ਪੰਥ ਖਾਲਸਾ ਸੇ ਅਲਹਿਦਾ ਕੀਆ ਗਿਆ ਹੈ,...ਦਸਤਖ਼ਤ ਹਾਜ਼ਰੀਨ ਸਿੰਘਾਨ ਅਹੁਦੇਦਾਰਾਨ ਵ ਗ੍ਰੰਥੀਆਨ ਵ ਪੁਜਾਰੀਆਨ: ਸਰਦਾਰ ਮਾਨ ਸਿੰਘ ਸਰਬਰਾਹ ਗੁਰਦਵਾਰੇ ਸਾਹਿਬਾਨ, ਸ: ਕਾਨ੍ਹ ਸਿੰਘ ਮਜੀਠੀਆ ਰਈਸ, ਭਾਈ ਹਰਨਾਮ ਸਿੰਘ ਗ੍ਰੰਥੀ ਦਰਬਾਰ ਸਾਹਿਬ, ਭਾਈ ਗੁਲਾਬ ਸਿੰਘ ਮਹੰਤ ਸ੍ਰੀ ਅਕਾਲ ਬੁੰਗਾ ਸਾਹਿਬ ਆਦਿ... (ਕੁਲ 31 ਨਾਮ ਅੰਕਿਤ ਹਨ)। 'ਪੁਜਾਰੀਆਂ' ਦੇ ਉਕਤ 'ਪੰਥਕ-ਜੁਗਤਿ' ਵਿਹੂਣੇ ਹੁਕਮਨਾਮੇ ਨੂੰ ਗੁਰੂ-ਪੰਥ ਵੱਲੋਂ ਰੱਦ ਕਰਦਿਆਂ ਪ੍ਰੋਫ਼ੈਸਰ ਗੁਰਮੁੱਖ ਸਿੰਘ ਨੂੰ ਅਕਾਲ ਚਲਾਣੇ ਉਪਰੰਤ 25 ਸਤੰਬਰ 1995 ਨੂੰ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਿਤ ਕੀਤਾ ਗਿਆ।

> *ਸਾਡੇ ਪੁਰਖੇ ਕਿੰਨੇ ਸੁਚੇਤ ਸਨ ਕਿ ਅਰਦਾਸ 'ਚ 'ਪੰਜਾਂ ਪਿਆਰਿਆਂ' ਤੇ ਮਹਾਨ ਸ਼ਹੀਦਾਂ ਦੇ ਪਵਿੱਤਰ ਨਾਮ ਵੀ ਸ਼ਾਮਲ ਨਹੀਂ ਕੀਤੇ। ਕੜਾਹ ਪ੍ਰਸਾਦਿ ਦੀ ਦੇਗ ਵਰਤਾਉਣ ਤੋਂ ਪਹਿਲਾਂ 'ਪੰਜ ਪਿਆਰਿਆਂ' ਦਾ ਗਫ਼ਾ ਕੱਢਣ ਦਾ ਵਿਧਾਨ ਤੇ ਬਲਵਾਨ ਪਰੰਪਰਾ ਹੈ, ਪਰ ਕਿਸੇ ਵਿਅਕਤੀ-ਵਿਸ਼ੇਸ਼ ਲਈ ਅਜਿਹਾ ਨਹੀਂ ਕੀਤਾ ਜਾ ਸਕਦਾ। 'ਪੰਜ ਪਿਆਰੇ' ਇਕਾਈ ਰੂਪ 'ਚ ਸਿਧਾਂਤ ਅਨੁਸਾਰ ਕਾਰਜਸਿੱਧਿ ਤੱਕ 'ਗੁਰੂ-ਜੋਤਿ' ਹਨ। ਸ਼ਪੱਸਟ ਹੈ ਕਿ ਵਿਅਕਤੀ ਵਿਸ਼ੇਸ਼ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ।*

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਮੂਲ ਮਨੋਰਥ, ਗੁਰਦੁਆਰਿਆਂ ਦਾ ਪ੍ਰਬੰਧ 'ਸ਼ਖ਼ਸੀ-ਮਹੰਤਾਂ' ਤੋਂ 'ਸੰਗਤੀ' ਪ੍ਰਬੰਧ ਅਧੀਨ ਲਿਆਉਣਾ ਸੀ ਤਾਂ ਜੋ 'ਸੰਗਤੀ-ਸਿਧਾਂਤ' 'ਤੇ ਅਮਲ ਹੋ ਸਕੇ। ਸਿਧਾਂਤਕ ਰੂਪ 'ਚ ਸ਼ਖ਼ਸੀਅਤ ਪ੍ਰਸਤੀ ਨੂੰ ਕੋਈ ਥਾਂ ਨਹੀਂ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ 'ਗੁਰੂ ਪੰਥ' : ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਿਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚ 'ਪੰਜ ਪਿਆਰੇ' ਹੀ ਅੰਮ੍ਰਿਤ ਅਭਿਲਾਖੀ ਨੂੰ ਅੰਮ੍ਰਿਤ ਸੰਚਾਰ ਰਾਹੀਂ, ਸਿੱਖ ਤੋਂ 'ਸਿੰਘ ਪਦਵੀ' ਬਖ਼ਸ਼ਿਸ਼ ਕਰਨ ਤੇ ਭੁੱਲ ਸਮੇਂ ਤਨਖ਼ਾਹ ਲਾਉਣ ਦੇ ਅਧਿਕਾਰੀ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਵੀ ਗੁਰੂ ਪੰਥ ਦੇ ਪ੍ਰਤੀਨਿਧ 'ਪੰਜ ਪਿਆਰੇ' ਸਾਹਿਬਾਨ ਰਾਹੀਂ ਹੀ ਹੋ ਸਕਦੀ ਹੈ। 'ਪੰਜ ਪਿਆਰੇ' ਸਾਹਿਬਾਨ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਮੁੱਖ ਗ੍ਰੰਥੀ/ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਤਖ਼ਤਾਂ ਦੇ ਜਥੇਦਾਰ ਸਾਹਿਬਾਨ, ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ ਸ਼ਾਮਲ ਹੋ ਸਕਦੇ ਹਨ। ਰੁਤਬਾ 'ਪੰਜ ਪਿਆਰੇ' ਸਾਹਿਬਾਨ ਦਾ ਹੀ ਸਰਵ ਉੱਚ ਹੈ। ਅਰਦਾਸ ਵਿੱਚ ਵੀ ਗੁਰੂ ਸਾਹਿਬਾਨ ਤੋਂ ਉਪਰੰਤ 'ਪੰਜ ਪਿਆਰੇ' ਸਾਹਿਬਾਨ ਨੂੰ ਹੀ ਸਿਮਰਦੇ ਹਾਂ, ਕਿਸੇ ਵਿਅਕਤੀ-ਵਿਸ਼ੇਸ਼ ਨੂੰ ਨਹੀਂ। ਸਾਡੇ ਪੁਰਖੇ ਕਿੰਨੇ ਸੁਚੇਤ ਸਨ ਕਿ ਅਰਦਾਸ 'ਚ 'ਪੰਜਾਂ ਪਿਆਰਿਆਂ' ਤੇ ਮਹਾਨ ਸ਼ਹੀਦਾਂ ਦੇ ਪਵਿੱਤਰ ਨਾਮ ਵੀ ਸ਼ਾਮਲ ਨਹੀਂ ਕੀਤੇ। ਕੜਾਹ ਪ੍ਰਸਾਦਿ ਦੀ ਦੇਗ ਵਰਤਾਉਣ ਤੋਂ ਪਹਿਲਾਂ 'ਪੰਜ ਪਿਆਰਿਆਂ' ਦਾ ਗੱਫ਼ਾ ਕੱਢਣ ਦਾ ਵਿਧਾਨ ਤੇ ਬਲਵਾਨ ਪਰੰਪਰਾ ਹੈ, ਪਰ ਕਿਸੇ ਵਿਅਕਤੀ-ਵਿਸ਼ੇਸ਼ ਲਈ ਅਜਿਹਾ ਨਹੀਂ ਕੀਤਾ ਜਾ ਸਕਦਾ। 'ਪੰਜ ਪਿਆਰੇ' ਇਕਾਈ ਰੂਪ 'ਚ ਸਿਧਾਂਤ ਅਨੁਸਾਰ ਕਾਰਜਸਿੱਧਿ ਤੱਕ 'ਗੁਰੂ-ਜੋਤਿ' ਹਨ। ਸ਼ਪੱਸਟ ਹੈ ਕਿ ਵਿਅਕਤੀ ਵਿਸ਼ੇਸ਼ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ।

ਕੌਮੀ ਪੱਧਰ 'ਤੇ ਫ਼ੈਸਲੇ ਲੈਣ ਦਾ ਅਧਿਕਾਰ 'ਗੁਰੂ-ਪੰਥ' ਪਾਸ ਹੈ। 'ਗੁਰੂ-ਪੰਥ' ਦੀ ਸਰਵ-ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਹਿਬ ਹੈ। ਪੰਥ ਪ੍ਰਵਾਨਿਤ ਸਿੱਖ ਰਹਿਤ ਮਰਯਾਦਾ ਅਨੁਸਾਰ, 'ਗੁਰਮਤਾ ਗੁਰੂ-ਪੰਥ ਦਾ ਚੁਣਿਆ ਹੋਇਆ ਕੇਵਲ ਸ਼੍ਰੋਮਣੀ ਜਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।' ਸ਼੍ਰੋਮਣੀ ਕਮੇਟੀ ਦੇ ਜਨਰਲ ਅਜਲਾਸ ਨੂੰ ਚੁਣੇ ਹੋਏ ਸਿੱਖਾਂ ਦੇ ਪ੍ਰਤੀਨਿੱਧ ਇਕੱਠ (ਸਰਬੱਤ ਖਾਲਸਾ) ਹੋਣ ਦਾ ਮਾਣ-ਸਤਿਕਾਰ ਹਾਸਲ ਹੈ। ਵੀਹਵੀਂ ਸਦੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਜਨਰਲ ਅਜਲਾਸ ਸਮੇਂ ਤਖ਼ਤ ਸਾਹਿਬਾਨ ਦੇ ਜਥੇਦਾਰ ਵੀ ਬਤੌਰ ਮੈਂਬਰ ਹਾਜ਼ਰ ਹੁੰਦੇ ਹਨ ਅਤੇ ਬਾਕਾਇਦਾ ਹਾਜ਼ਰੀ ਰਜਿਸਟਰ 'ਤੇ ਹਾਜ਼ਰੀ ਲਾਉਂਦੇ ਹਨ। ਕੌਮੀ ਫ਼ੈਸਲੇ ਜਨਰਲ ਅਜਲਾਸ ਸਮੇਂ ਹੀ ਲਏ ਜਾਂਦੇ ਸਨ। ਪ੍ਰਮਾਣ ਵਜੋਂ, ਨਾਭੇ ਦੇ ਅਹਿਲਕਾਰ ਗੁਰਦਿਆਲ ਸਿੰਘ ਪ੍ਰਤੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਤੰਬਰ 1923 'ਚ ਜਾਰੀ ਹੁਕਮਨਾਮੇ ਦੀ ਸਿਧਾਂਤਕ ਇਬਾਰਤ ਬਹੁਤ ਕੁਝ ਸਪੱਸ਼ਟ ਕਰਦੀ ਹੈ: ...ਇਸ ਲਈ ਗੁਰੂ-ਪੰਥ ਵੱਲੋਂ ਪ੍ਰਾਪਤ ਧਾਰਮਿਕ ਵਸੀਕਾਰਾਂ ਅਤੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ, 'ਸ੍ਰੀ ਅਕਾਲ ਤਖ਼ਤ ਦੇ ਹਜ਼ੂਰੋਂ ਹੁਕਮਨਾਮਾ ਜਾਰੀ ਕਰਕੇ' ਸਰਬੱਤ ਪੰਥ ਖਾਲਸਾ ਪ੍ਰਤੀ ਪ੍ਰਗਟ ਕੀਤਾ ਜਾਂਦਾ ਹੈ ਕਿ ਉਕਤ ਗੁਰਦਿਆਲ ਸਿੰਘ ਨੂੰ ਉਸਦੇ ਕੁਕਰਮਾਂ ਕਰਕੇ ਸਿੱਖ ਪੰਥ ਵਿੱਚ ਰਹਿਣ ਦੇ ਮਾਣ ਤੋਂ ਵਾਂਝਿਆ ਗਿਆ ਹੈ ਅਤੇ ਉਹ ਸਿੱਖ ਨਹੀਂ ਹੈ। ਸਿੱਖਾਂ ਵਾਲੇ ਹੱਕ-ਹਕੂਕ ਉਸਦੇ ਨਸੀਬ ਨਹੀਂ ਹੋਣਗੇ... ਸਹੀ/ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ (ਹੁਕਮਨਾਮੇ ਆਦੇਸ਼ ਸੰਦੇਸ਼ ਪੰਨਾ 74)।

ਅੰਤ੍ਰਿੰਗ ਕਮੇਟੀ ਮਤਾ ਨੰਬਰ 27, ਮਿਤੀ 26 ਜੂਨ 1948 ਰਾਹੀਂ ਅਕਾਲ ਤਖ਼ਤ ਸਾਹਿਬ ਲਈ ਬਣਾਏ ਨਿਯਮਾਂ ਅਨੁਸਾਰ, 'ਤਖ਼ਤ ਸਾਹਿਬਾਨ ਸੰਬੰਧੀ ਧਾਰਮਿਕ ਮਰਯਾਦਾ ਦੀ ਜ਼ਿੰਮੇਵਾਰੀ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹੋਵੇਗੀ ਪ੍ਰੰਤੂ ਹੁਕਮਨਾਮਾ ਜਨਰਲ ਕਮੇਟੀ (ਹਾਊਸ) ਦੀ ਪ੍ਰਵਾਨਗੀ ਨਾਲ ਹੀ ਜਾਰੀ ਕੀਤਾ ਜਾ ਸਕੇਗਾ। ਜਥੇਦਾਰ ਸਾਹਿਬ ਨੂੰ ਮੁਅੱਤਲ ਕਰਨ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਨੂੰ ਹੋਵੇਗਾ।' (ਗੁਰਦੁਆਰਾ ਗਜ਼ਟ, ਦਸੰਬਰ 1948, ਪੰਨਾ 53) ਜਥੇਦਾਰ ਮੋਹਨ ਸਿੰਘ ਜੀ ਨਾਗੋਕੇ 19 ਨਵੰਬਰ 1944 ਤੋਂ 28 ਮਈ 1948 ਤੀਕ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਪ੍ਰਧਾਨ, ਸ਼੍ਰੋਮਣੀ ਕਮੇਟੀ ਦੇ ਅਹੁਦੇ 'ਤੇ ਵੀ ਬਿਰਾਜਮਾਨ ਰਹੇ। ਜਥੇਦਾਰ ਸਾਹਿਬ ਦੇ ਸਮੇਂ ਹੀ ਮਤਾ ਨੰਬਰ 97 ਰਾਹੀਂ ਮਿਤੀ 3 ਫਰਵਰੀ 1945 ਨੂੰ ਸਿੱਖ ਰਹਿਤ ਮਰਯਾਦਾ ਦੀ ਪੰਥਕ ਪ੍ਰਵਾਨਗੀ ਜਨਰਲ ਅਜਲਾਸ ਸਮੇਂ ਹੋਈ। ਜਥੇਦਾਰ ਸਾਹਿਬਾਨ ਦੀ ਚੋਣ ਵੀ ਜਨਰਲ ਅਜਲਾਸ ਸਮੇਂ ਹੀ ਕੀਤੀ ਜਾਂਦੀ ਸੀ। ਇੱਕ ਉਦਾਹਰਣ: ਜੂਨ 1952 ਨੂੰ ਹੋਏ ਜਨਰਲ ਅਜਲਾਸ ਸਮੇਂ ਗਿਆਨੀ ਪ੍ਰਤਾਪ ਸਿੰਘ ਜੀ ਤਿੰਨ ਵੋਟਾਂ ਦੇ ਫ਼ਰਕ ਨਾਲ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ ਚੁਣੇ ਗਏ (ਗੁਰਦੁਆਰਾ ਗਜ਼ਟ, ਜੁਲਾਈ 1952, ਪੰਨਾ-48)।

ਅੱਜ ਤੱਕ ਦਾ ਸਭ ਤੋਂ ਵੱਧ ਸਵੀਕਾਰਿਆਂ ਗਿਆ 'ਹੁਕਮਨਾਮਾ' ਵੀ ਜਨਰਲ ਅਜਲਾਸ ਸਮੇਂ ਹੀ ਪ੍ਰਵਾਨ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਕਰਾਉਣ ਦਾ ਫ਼ੈਸਲਾ ਕੀਤਾ ਗਿਆ ਸੀ। 28 ਅਕਤੂਬਰ 1951 ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਸਮੇਂ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਪਾਕਿਸਤਾਨ ਵਿੱਚ ਰਹਿ ਗਏ ਗੁਰਦੁਆਰਿਆਂ ਦੇ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਅੱਖਰ ਅਰਦਾਸ ਵਿੱਚ ਸ਼ਾਮਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕੀਤੇ ਜਾਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ, 'ਹੇ ਅਕਾਲ ਪੁਰਖ! ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ। ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁੱਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ।' (ਗੁਰਦੁਆਰਾ ਗਜ਼ਟ, ਪੰਨਾ 38, ਨਵੰਬਰ 1951) ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 25 ਜਨਵਰੀ 1952 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੋਹਰ ਹੇਠ ਜਾਰੀ ਹੋਇਆ (ਗੁਰਦੁਆਰਾ ਗਜ਼ਟ, ਫ਼ਰਵਰੀ 1952)।

ਗੁਰਦੁਆਰਾ ਜਨਮ ਅਸਥਾਨ, ਨਨਕਾਣਾ ਸਾਹਿਬ (ਪਾਕਿਸਤਾਨ) ਤੋਂ ਲੈ ਕੇ ਵਿਸ਼ਵ ਭਰ ਵਿੱਚ ਅੱਜ ਵੀ ਇਹ ਸ਼ਬਦ ਹਰ ਸਿੱਖ ਅਰਦਾਸ 'ਚ ਬੋਲੇ-ਸੁਣੇ ਜਾਂਦੇ ਹਨ, ਜੋ ਜਥੇਬੰਧਕ ਚੇਤੰਨਤਾ ਦਾ ਪ੍ਰਤੱਖ ਪ੍ਰਗਟਾਅ ਹੈ। ਨਾਨਕ ਨਿਰਮਲ ਪੰਥ ਦੀ ਵਿਚਾਰਧਾਰਾ ਦਾ ਧਾਰਨੀ ਸਿੱਖ ਸਦਵਾਉਣ ਵਾਲਾ 'ਅਕਾਲ ਤਖ਼ਤ ਸਾਹਿਬ', 'ਗੁਰੂ-ਪੰਥ' ਦੀ ਸਰਵ ਉੱਚ ਸੰਸਥਾ ਤੋਂ 'ਜਥੇਦਾਰ' ਵੱਲੋਂ ਸੁਣਾਏ ਹਰ ਫ਼ੈਸਲੇ ਨੂੰ 'ਸਤਿ ਬਚਨ' ਕਹਿ ਸਵੀਕਾਰਦਾ-ਸਤਿਕਾਰਦਾ ਹੈ। ਫ਼ੈਸਲੇ ਪੰਜ ਪਿਆਰਿਆਂ ਵੱਲੋਂ ਲਏ ਜਾਂਦੇ ਹਨ, ਸੁਣਾਏ ਜਥੇਦਾਰ ਦੀ ਤਰਫ਼ੋ ਜਾਂਦੇ ਹਨ। ਇਸ ਵਿੱਚ 'ਗੁਰੂ-ਪੰਥ' ਦੇ ਸਿਧਾਂਤ ਦੀ ਹੀ ਪ੍ਰਮੁੱਖਤਾ ਹੈ, ਤੇ ਰਹਿਣੀ ਚਾਹੀਦੀ ਹੈ।

⇒ ਬਾਕੀ ਅਗਲੇ ਅੰਕ ਵਿੱਚ...

# ਬੋਇੰਗ-787 ਡ੍ਰੀਮਲਾਈਨਰ ਸਵਾਲਾਂ ਦੇ ਘੇਰੇ 'ਚ ਕਿਉਂ?

## *ਕਦੇ ਜਹਾਜ਼ਾਂ ਵਿੱਚੋਂ 'ਸਭ ਤੋਂ ਸੁਰੱਖਿਅਤ' ਮੰਨਿਆ ਜਾਂਦਾ ਸੀ...

**ਥੀਓ ਲੈਗੇਟ**
**ਅੰਤਰਰਾਸ਼ਟਰੀ ਬਿਜ਼ਨਸ ਪੱਤਰਕਾਰ**

ਏਅਰ ਇੰਡੀਆ ਦਾ ਜੋ ਜਹਾਜ਼ ਹਾਦਸੇ ਦਾ ਸ਼ਿਕਾਰ ਹੋਇਆ, ਉਹ ਬੋਇੰਗ ਦੇ ਸਭ ਤੋਂ ਹਾਲੀਆ ਅਤੇ ਚਰਚਿਤ ਜਹਾਜ਼ਾਂ ਵਿੱਚੋਂ ਇੱਕ ਸੀ। ਹੁਣ ਤੱਕ ਇਸਨੂੰ ਬੋਇੰਗ ਦੇ ਸਭ ਤੋਂ ਸੁਰੱਖਿਅਤ ਜਹਾਜ਼ਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ। ਜਾਂਚਕਰਤਾਵਾਂ ਨੇ ਫਲਾਈਟ ਰਿਕਾਰਡਰ ਡੇਟਾ ਤਾਂ ਪ੍ਰਾਪਤ ਕਰ ਲਿਆ ਹੈ, ਪਰ ਫਲਾਈਟ 171 ਟੇਕ-ਆਫ ਤੋਂ ਤੁਰੰਤ ਬਾਅਦ ਹੀ ਕਿਉਂ ਕ੍ਰੈਸ਼ ਹੋ ਗਈ, ਇਹ ਭੇਤ ਹਾਲੇ ਤੱਕ ਬਰਕਰਾਰ ਹੈ। ਬੋਇੰਗ-787 ਡ੍ਰੀਮਲਾਈਨਰ, ਜੋ ਕਿ ਆਧੁਨਿਕ ਪੀੜ੍ਹੀ ਦੇ ਕੁਸ਼ਲ ਜਹਾਜ਼ਾਂ ਵਿੱਚੋਂ ਪਹਿਲਾ ਹੈ, ਦੁਰਘਟਨਾ ਤੋਂ ਪਹਿਲਾਂ ਲਗਭਗ ਡੇਢ ਦਹਾਕੇ ਤੱਕ ਬਿਨਾਂ ਕਿਸੇ ਵੱਡੇ ਹਾਦਸੇ ਦੇ ਉਡਦਾ ਰਿਹਾ ਹੈ। ਬੋਇੰਗ ਅਨੁਸਾਰ, ਇਸ ਸਮੇਂ ਦੌਰਾਨ ਇਸਨੇ ਇੱਕ ਅਰਬ ਤੋਂ ਵੀ ਵੱਧ ਯਾਤਰੀਆਂ ਨੂੰ ਉਨ੍ਹਾਂ ਦੀ ਮੰਜ਼ਿਲ 'ਤੇ ਪਹੁੰਚਾਇਆ ਹੈ। ਹਾਲਾਂਕਿ, ਇਸ ਨੂੰ ਗੁਣਵੱਤਾ ਨਿਯੰਤਰਣ ਸਬੰਧੀ ਕਈ ਸਮੱਸਿਆਵਾਂ ਦਾ ਵੀ ਸਾਹਮਣਾ ਕਰਨਾ ਪਿਆ ਹੈ। ਇਸ ਸਮੇਂ ਦੁਨੀਆ ਭਰ ਵਿੱਚ 1,100 ਤੋਂ ਵੱਧ ਅਜਿਹੇ ਜਹਾਜ਼ ਸੇਵਾ ਵਿੱਚ ਹਨ।

ਜਹਾਜ਼ 'ਤੇ ਕੰਮ ਕਰਨ ਵਾਲੇ ਵ੍ਹਿਸਲਬਲੋਅਰਾਂ ਨੇ ਉਤਪਾਦਨ ਦੇ ਮਿਆਰਾਂ ਬਾਰੇ ਕਈ ਚਿੰਤਾਵਾਂ ਜ਼ਾਹਰ ਕੀਤੀਆਂ ਹਨ। ਕੁਝ ਨੇ ਦਾਅਵਾ ਕੀਤਾ ਹੈ ਕਿ ਸੰਭਾਵੀ ਤੌਰ 'ਤੇ ਅਜਿਹੇ ਜਹਾਜ਼ਾਂ ਨੂੰ ਸੇਵਾ ਵਿੱਚ ਆਉਣ ਦੀ ਇਜਾਜ਼ਤ ਦਿੱਤੀ ਗਈ, ਜਿਨ੍ਹਾਂ ਵਿੱਚ ਕਈ ਕਮੀਆਂ ਹਨ ਅਤੇ ਜੋ ਖ਼ਤਰਨਾਕ ਹੈ। ਇਹ ਅਜਿਹੇ ਇਲਜ਼ਾਮ ਹਨ, ਜਿਨ੍ਹਾਂ ਤੋਂ ਕੰਪਨੀ ਲਗਾਤਾਰ ਇਨਕਾਰ ਕਰਦੀ ਰਹੀ ਹੈ। ਸਾਲ 2009 ਵਿੱਚ ਦਸੰਬਰ ਮਹੀਨੇ ਜਦੋਂ ਸਿਆਟਲ ਦੇ ਨੇੜੇ ਪੇਨ ਫੀਲਡ ਹਵਾਈ ਅੱਡੇ 'ਤੇ ਇੱਕ ਬਿਲਕੁਲ ਨਵਾਂ ਜਹਾਜ਼ ਰਨਵੇਅ 'ਤੇ ਆਇਆ ਅਤੇ ਵਾਹ-ਵਾਹੀ ਕਰਦੀ ਭੀੜ ਦੇ ਦੇਖਦਿਆਂ-ਦੇਖਦਿਆਂ ਹੀ ਬੱਦਲਾਂ ਨਾਲ ਘਿਰੇ ਅਸਮਾਨ ਵਿੱਚ ਉਡਾਣ ਭਰ ਗਿਆ। ਇਹ ਉਡਾਣ ਕਈ ਸਾਲਾਂ ਦੇ ਵਿਕਾਸ ਅਤੇ ਅਰਬਾਂ ਡਾਲਰ ਦੇ ਨਿਵੇਸ਼ ਦਾ ਨਤੀਜਾ ਸੀ।

ਬੋਇੰਗ-787 ਦੀ ਕਲਪਨਾ 2000 ਦੇ ਦਹਾਕੇ ਦੇ ਸ਼ੁਰੂ ਵਿੱਚ ਕੀਤੀ ਗਈ ਸੀ, ਜਦੋਂ ਤੇਲ ਦੀਆਂ ਕੀਮਤਾਂ ਵਧ ਰਹੀਆਂ ਸਨ। ਬੋਇੰਗ ਨੇ ਉਨ੍ਹਾਂ ਲਈ ਇੱਕ ਲੰਬੀ ਦੂਰੀ ਦਾ ਜਹਾਜ਼ ਬਣਾਉਣ ਦਾ ਫੈਸਲਾ ਕੀਤਾ, ਜੋ ਕੁਸ਼ਲਤਾ ਵਿੱਚ ਨਵੇਂ ਮਾਪਦੰਡ ਸਥਾਪਤ ਕਰੇ। ਹਵਾਬਾਜ਼ੀ ਇਤਿਹਾਸਕਾਰ ਸ਼ੀਆ ਓਕਲੇ ਅਨੁਸਾਰ, "1990 ਦੇ ਦਹਾਕੇ ਦੇ ਅਖੀਰ ਵਿੱਚ ਬੋਇੰਗ ਸੋਨਿਕ ਕਰੂਜ਼ਰ ਨਾਮਕ ਡਿਜ਼ਾਈਨ 'ਤੇ ਕੰਮ ਕਰ ਰਹੀ ਸੀ।... ਪਹਿਲਾਂ ਤਾਂ ਜਹਾਜ਼ ਦੀ ਕਲਪਨਾ ਇੱਕ ਅਜਿਹੇ ਜਹਾਜ਼ ਵਜੋਂ ਕੀਤੀ ਗਈ ਸੀ, ਜੋ ਆਵਾਜ਼ ਦੀ ਗਤੀ ਨਾਲ 250 ਯਾਤਰੀਆਂ ਨੂੰ ਲਿਜਾਣ ਲਈ ਉੱਨਤ ਸਮੱਗਰੀ ਅਤੇ ਨਵੀਨਤਮ ਤਕਨਾਲੋਜੀ ਦੀ ਵਰਤੋਂ ਕਰੇਗਾ। ਸ਼ੁਰੂਆਤੀ ਜ਼ੋਰ ਗਤੀ ਅਤੇ ਤੇਲ ਬਚਾਉਣ ਦੀ ਬਜਾਏ ਯਾਤਰਾ ਦੇ ਸਮੇਂ ਨੂੰ ਘਟਾਉਣ 'ਤੇ ਸੀ। ਫਿਰ 9/11 ਦੇ ਪ੍ਰਭਾਵਾਂ ਨੇ ਵਿਸ਼ਵ ਏਅਰਲਾਈਨ ਉਦਯੋਗ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਏਅਰਲਾਈਨਜ਼ ਨੇ ਬੋਇੰਗ ਨੂੰ ਦੱਸਿਆ ਕਿ ਉਨ੍ਹਾਂ ਨੂੰ ਅਸਲ ਵਿੱਚ ਸਭ ਤੋਂ ਵੱਧ ਈਂਧਨ-ਕੁਸ਼ਲ, ਕਫ਼ਾਇਤੀ ਲੰਬੀ-ਦੂਰੀ ਵਾਲਾ ਜੈੱਟਲਾਈਨਰ ਚਾਹੀਦਾ ਹੈ। ਹੁਣ ਉਹ ਸੋਨਿਕ ਕਰੂਜ਼ਰ ਵਰਗੀਆਂ ਸਮਰੱਥਾਵਾਂ ਵਾਲਾ ਇੱਕ ਹਵਾਈ ਜਹਾਜ਼ ਚਾਹੁੰਦੇ ਸਨ, ਬਿਨਾ ਤੇਜ਼ ਰਫ਼ਤਾਰ ਦੇ।"

ਬੋਇੰਗ ਨੇ ਆਪਣੇ ਸ਼ੁਰੂਆਤੀ ਵਿਚਾਰ ਨੂੰ ਤਿਆਗ ਦਿੱਤਾ ਅਤੇ 787 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਅਜਿਹਾ ਕਰਕੇ ਇਸਨੇ ਏਅਰਲਾਈਨਾਂ ਲਈ ਇੱਕ ਨਵਾਂ ਕਾਰੋਬਾਰੀ ਮਾਡਲ ਬਣਾਉਣ ਵਿੱਚ ਮਦਦ ਕੀਤੀ। 'ਹੱਬ' ਹਵਾਈ ਅੱਡਿਆਂ ਵਿਚਕਾਰ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਲਿਜਾਣ ਲਈ ਵੱਡੇ ਜਹਾਜ਼ਾਂ ਦੀ ਵਰਤੋਂ ਕਰਨ ਦੀ ਬਜਾਏ, ਉਨ੍ਹਾਂ ਨੂੰ ਹੋਰ ਮੰਜ਼ਿਲਾਂ ਲਈ ਕਨੈਕਟਿੰਗ ਉਡਾਣਾਂ 'ਤੇ ਭੇਜਣ ਤੋਂ ਪਹਿਲਾਂ, ਉਹ ਹੁਣ ਛੋਟੇ ਸ਼ਹਿਰਾਂ ਦੇ ਵਿਚਕਾਰ ਘੱਟ ਭੀੜ-ਭੜੱਕੇ ਵਾਲੇ ਸਿੱਧੇ ਰੂਟਾਂ 'ਤੇ ਛੋਟੇ ਜਹਾਜ਼ ਉਡਾ ਸਕਦੇ ਹਨ, ਜੋ ਕਿ ਪਹਿਲਾਂ ਅਵਿਹਾਰਕ ਸੀ। ਉਸ ਸਮੇਂ ਬੋਇੰਗ ਦਾ ਵੱਡਾ ਵਿਰੋਧੀ, ਯੂਰਪੀਅਨ ਦਿੱਗਜ ਏਅਰਬੱਸ ਬਿਲਕੁਲ ਉਲਟ ਨਜ਼ਰੀਆ ਅਪਨਾ ਰਿਹਾ ਸੀ। ਇਹ ਵਿਸ਼ਾਲ ਏ-380 ਸੁਪਰਜੰਬੋ ਵਿਕਸਤ ਕਰ ਰਹੀ ਸੀ- ਜਿਸ ਜ਼ਰੀਏ ਦੁਨੀਆਂ ਦੇ ਸਭ ਤੋਂ ਵੱਡੇ ਅਤੇ ਵਿਅਸਥ ਹਵਾਈ ਅੱਡਿਆਂ ਦੇ ਵਿਚਕਾਰ ਵਿਅਸਥ ਰੂਟਾਂ 'ਤੇ ਵੱਧ ਤੋਂ ਵੱਧ ਯਾਤਰੀਆਂ ਨੂੰ ਲਿਜਾਇਆ ਜਾ ਸਕੇ।

ਬੋਇੰਗ ਦਾ ਨਜ਼ਰੀਆ ਜ਼ਿਆਦਾ ਸਮਝਦਾਰੀ ਭਰਿਆ ਸੀ। ਖੁੱਲ੍ਹ ਕੇ ਤੇਲ ਪੀਣ ਵਾਲੀ ਏ-380 ਦਾ ਉਤਪਾਦਨ 2021 ਵਿੱਚ ਬੰਦ ਹੋ ਗਿਆ, ਜਦੋਂ ਸਿਰਫ 251 ਬਣਾਏ ਗਏ ਸਨ। ਬੋਇੰਗ-787 ਸੱਚਮੁੱਚ ਇੱਕ ਨਵੀਂ ਕ੍ਰਾਂਤੀ ਲੈ ਕੇ ਆਉਣ ਵਾਲਾ ਜਹਾਜ਼ ਸੀ। ਇਹ ਪਹਿਲਾ ਵਪਾਰਕ ਜਹਾਜ਼ ਸੀ, ਜਿਸਨੂੰ ਹਲਕਾ ਬਣਾਉਣ ਦੇ ਨਜ਼ਰੀਏ ਨਾਲ ਮੁੱਖ ਤੌਰ 'ਤੇ ਐਲੂਮੀਨੀਅਮ ਦੀ ਬਜਾਏ ਕਾਰਬਨ ਫਾਈਬਰ ਵਰਗੇ ਕੰਪੋਜ਼ਿਟ ਤੋਂ ਬਣਾਇਆ ਗਿਆ। ਇਸ ਵਿੱਚ ਉੱਨਤ ਏਰੋਡਾਇਨੈਮਿਕਸ ਸੀ। ਇਸਨੇ ਜਨਰਲ ਇਲੈਕਟ੍ਰਿਕ ਅਤੇ ਰੋਲਸ-ਰਾਇਸ ਦੇ ਬਹੁਤ ਕੁਸ਼ਲ ਆਧੁਨਿਕ ਇੰਜਣਾਂ ਦੀ ਵੀ ਵਰਤੋਂ ਕੀਤੀ ਗਈ ਸੀ, ਅਤੇ ਇਸਨੇ ਬਹੁਤ ਸਾਰੇ ਮਕੈਨੀਕਲ ਅਤੇ ਨਿਊਮੈਟਿਕ ਸਿਸਟਮਾਂ ਨੂੰ ਹਲਕੇ ਇਲੈਕਟ੍ਰੀਕਲ ਸਿਸਟਮਾਂ ਨਾਲ ਬਦਲ ਦਿੱਤਾ ਸੀ। ਬੋਇੰਗ ਨੇ ਕਿਹਾ ਕਿ ਇਹ ਸਭ ਇਸਨੂੰ ਆਪਣੇ ਪੂਰਵਗਾਮੀ ਬੋਇੰਗ-767 ਨਾਲੋਂ 20 ਫੀਸਦੀ ਵਧੇਰੇ ਕੁਸ਼ਲ ਬਣਾਉਂਦਾ ਹੈ। ਇਹ ਕਾਫ਼ੀ ਸ਼ਾਂਤ ਵੀ ਸੀ, ਅਤੇ ਬੋਇੰਗ ਮੁਤਾਬਕ ਇਸਦਾ ਨੁਆਇਸ ਫੁੱਟਪ੍ਰਿੰਟ (ਜਹਾਜ਼ ਦੇ ਸ਼ੋਰ ਨਾਲ ਪ੍ਰਭਾਵਿਤ ਹੋਣ ਵਾਲਾ ਜ਼ਮੀਨੀ ਖੇਤਰ) 60 ਫੀਸਦੀ ਤੱਕ ਛੋਟਾ ਸੀ; ਪਰ ਸੇਵਾ ਵਿੱਚ ਆਉਣ ਤੋਂ ਥੋੜ੍ਹੀ ਦੇਰ ਬਾਅਦ ਹੀ ਜਹਾਜ਼ ਵਿੱਚ ਗੰਭੀਰ ਸਮੱਸਿਆਵਾਂ ਹੋਣੀਆਂ ਸ਼ੁਰੂ ਹੋ ਗਈਆਂ। ਜਨਵਰੀ 2013 ਵਿੱਚ ਬੋਸਟਨ ਦੇ ਲੋਗਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਇੱਕ ਗੇਟ 'ਤੇ ਉਡੀਕ ਕਰਦੇ ਸਮੇਂ 787 ਦੀਆਂ ਲਿਥੀਅਮ-ਆਇਨ ਬੈਟਰੀਆਂ ਨੂੰ ਅੱਗ ਲੱਗ ਗਈ। ਇੱਕ ਹਫ਼ਤੇ ਬਾਅਦ ਬੈਟਰੀਆਂ ਦੇ ਜ਼ਿਆਦਾ ਗਰਮ ਹੋਣ ਕਾਰਨ ਜਾਪਾਨ ਵਿੱਚ ਇੱਕ ਘਰੇਲੂ ਉਡਾਣ ਦੌਰਾਨ ਇੱਕ ਹੋਰ 787 ਜਹਾਜ਼ ਨੂੰ ਐਮਰਜੈਂਸੀ ਲੈਂਡਿੰਗ ਕਰਨੀ ਪਈ।

ਕਈ ਮਹੀਨਿਆਂ ਲਈ ਇਸ ਡਿਜ਼ਾਈਨ ਨੂੰ ਦੁਨੀਆਂ ਭਰ ਵਿੱਚ ਰੋਕ ਦਿੱਤਾ ਗਿਆ ਅਤੇ ਬੋਇੰਗ ਨੇ ਸਮੱਸਿਆ ਦਾ ਹੱਲ ਲੱਭਿਆ। ਉਦੋਂ ਤੋਂ, ਰੋਜ਼ਾਨਾ ਦੇ ਕੰਮ ਸੁਚਾਰੂ ਢੰਗ ਨਾਲ ਚੱਲਦੇ ਰਹੇ, ਪਰ ਉਤਪਾਦਨ ਵਿੱਚ ਗੰਭੀਰ ਸਮੱਸਿਆਵਾਂ ਆਈਆਂ ਹਨ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅੰਸ਼ਕ ਤੌਰ 'ਤੇ ਇਹ ਬੋਇੰਗ ਦੇ ਉੱਤਰੀ ਚਾਰਲਸਟਨ, ਦੱਖਣੀ ਕੈਰੋਲੀਨਾ ਵਿੱਚ 787 ਲਈ ਇੱਕ ਨਵੀਂ ਅਸੈਂਬਲੀ ਲਾਈਨ ਸਥਾਪਤ ਕਰਨ ਦੇ ਫੈਸਲੇ ਦੇ ਕਾਰਨ ਹੋ ਸਕਦਾ ਹੈ, ਜੋ ਸਿਆਟਲ ਦੇ ਮੁੱਖ ਖੇਤਰ ਤੋਂ 2000 ਮੀਲ ਤੋਂ ਵੱਧ ਦੂਰ ਹੈ। ਇਹ ਖੇਤਰ ਦੀ ਯੂਨੀਅਨ ਮੈਂਬਰਸ਼ਿਪ ਦੀਆਂ ਘੱਟ ਦਰਾਂ ਅਤੇ ਨਾਲ ਹੀ ਰਾਜ ਤੋਂ ਉਦਾਰ ਸਮਰਥਨ ਦਾ ਫਾਇਦਾ ਉਠਾਉਣ ਲਈ ਕੀਤਾ ਗਿਆ ਸੀ।

ਸਾਲ 2019 ਵਿੱਚ ਬੋਇੰਗ ਨੇ ਨਿਰਮਾਣ ਸਬੰਧੀ ਕਮੀਆਂ ਦੀ ਇੱਕ ਲੜੀ ਦੀ ਪਹਿਲੀ ਖੋਜ ਕੀਤੀ, ਜਿਸਨੇ ਜਹਾਜ਼ ਦੇ ਵੱਖ-ਵੱਖ ਹਿੱਸਿਆਂ ਨੂੰ ਇਕੱਠੇ ਫਿੱਟ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕੀਤਾ। ਜਿਵੇਂ-ਜਿਵੇਂ ਹੋਰ ਸਮੱਸਿਆਵਾਂ ਸਾਹਮਣੇ ਆਈਆਂ, ਕੰਪਨੀ ਨੇ ਆਪਣੀ ਜਾਂਚ ਦੇ ਦਾਇਰੇ ਦਾ ਵਿਸਥਾਰ ਕੀਤਾ ਅਤੇ ਹੋਰ ਸਮੱਸਿਆਵਾਂ ਦਾ ਪਤਾ ਲਗਾਇਆ ਗਿਆ। ਇਸ ਦੌਰਾਨ ਡਿਲੀਵਰੀ ਵਿੱਚ ਕਾਫ਼ੀ ਰੁਕਾਵਟ ਆਈ ਅਤੇ ਮਈ 2021 ਅਤੇ ਜੁਲਾਈ 2022 ਦੇ ਵਿਚਕਾਰ ਡਿਲੀਵਰੀ ਪੂਰੀ ਤਰ੍ਹਾਂ ਰੋਕ ਦਿੱਤੀ ਗਈ; ਫਿਰ ਅਗਲੇ ਸਾਲ ਦੁਬਾਰਾ ਰੋਕ ਦਿੱਤੀ ਗਈ।

ਹਾਲਾਂਕਿ 787 ਪ੍ਰੋਗਰਾਮ ਬਾਰੇ ਸੰਭਾਵੀ ਤੌਰ 'ਤੇ ਸਭ ਤੋਂ ਵੱਧ ਨੁਕਸਾਨਦੇਹ ਇਲਜ਼ਾਮ ਕੰਪਨੀ ਦੇ ਆਪਣੇ ਮੌਜੂਦਾ ਅਤੇ ਸਾਬਕਾ ਕਰਮਚਾਰੀਆਂ ਵੱਲੋਂ ਆਏ ਹਨ। ਸਭ ਤੋਂ ਪ੍ਰਮੁੱਖ ਇਲਜ਼ਾਮ ਮਰਹੂਮ ਜੌਨ ਬਾਰਨੇਟ ਵੱਲੋਂ ਆਇਆ ਸੀ, ਜੋ ਸਾਊਥ ਕੈਰੋਲੀਨਾ ਵਿੱਚ 787 ਫੈਕਟਰੀ ਦੇ ਸਾਬਕਾ ਕੁਆਲਿਟੀ ਕੰਟਰੋਲ ਮੈਨੇਜਰ ਸੀ। ਉਸ ਨੇ ਦਾਅਵਾ ਕੀਤਾ ਸੀ ਕਿ ਜਲਦੀ ਤੋਂ ਜਲਦੀ ਜਹਾਜ਼ ਬਣਾਉਣ ਦੇ ਦਬਾਅ ਨੇ ਸੁਰੱਖਿਆ ਨੂੰ ਬਹੁਤ ਕਮਜ਼ੋਰ ਕਰ ਦਿੱਤਾ ਸੀ। ਇਹ ਵੀ ਕਿਹਾ ਸੀ ਕਿ ਜਹਾਜ਼ ਦੇ ਡੈੱਕਾਂ ਨੂੰ ਸੁਰੱਖਿਅਤ ਕਰਨ ਲਈ ਜਿਸ ਫਿਕਸਿੰਗਸ (ਪੇਚਾਂ ਆਦਿ) ਦੀ ਵਰਤੋਂ ਕੀਤੀ ਗਈ ਸੀ, ਉਨ੍ਹਾਂ ਵਿੱਚ ਵੀ ਨੁਕਸ ਸਨ।

ਜੌਨ ਬਾਰਨੇਟ ਦੇ ਇਨ੍ਹਾਂ ਦਾਅਵਿਆਂ ਨੂੰ ਪਹਿਲਾਂ ਅਮਰੀਕੀ ਰੈਗੂਲੇਟਰ, ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ (ਐਫ.ਏ.ਏ.) ਕੋਲ ਭੇਜਿਆ ਗਿਆ ਸੀ, ਜਿਸਨੇ ਉਨ੍ਹਾਂ ਨੂੰ ਅੰਸ਼ਕ ਤੌਰ 'ਤੇ ਸਹੀ ਠਹਿਰਾਇਆ ਸੀ। ਫਿਰ ਜਾਂਚ ਤੋਂ ਬਾਅਦ ਇਹ ਸਿੱਟਾ ਕੱਢਿਆ ਕਿ ਫੈਕਟਰੀ ਵਿੱਚੋਂ ਘੱਟੋ-ਘੱਟ 53 'ਗੈਰ-ਅਨੁਕੂਲ' ਹਿੱਸੇ ਗਾਇਬ ਹੋ ਗਏ ਸਨ, ਅਜਿਹੇ ਹਿੱਸੇ ਜਿਨ੍ਹਾਂ ਨੂੰ ਜਹਾਜ਼ ਨਿਰਮਾਣ ਲਈ ਸਹੀ ਨਹੀਂ ਮੰਨਿਆ ਗਿਆ ਸੀ। ਐਫ.ਏ.ਏ. ਦੁਆਰਾ ਕੀਤੇ ਗਏ ਆਡਿਟ 'ਚ ਵੀ ਇਹ ਪੁਸ਼ਟੀ ਹੋਈ ਕਿ ਕਈ ਜਹਾਜ਼ਾਂ ਦੇ ਫਰਸ਼ਾਂ ਦੇ ਹੇਠਾਂ ਧਾਤ ਦੇ ਟੁਕੜੇ ਮੌਜੂਦ ਸਨ। ਬੋਇੰਗ ਅਨੁਸਾਰ ਇਸਦੇ ਬੋਰਡ ਨੇ ਸਮੱਸਿਆ ਦਾ ਵਿਸ਼ਲੇਸ਼ਣ ਕੀਤਾ ਅਤੇ ਫੈਸਲਾ ਕੀਤਾ ਕਿ ਇਹ 'ਉਡਾਣ ਸਬੰਧੀ ਸੁਰੱਖਿਆ ਦਾ ਮੁੱਦਾ ਨਹੀਂ ਹੈ', ਹਾਲਾਂਕਿ ਫਿਕਸਿੰਗ ਨੂੰ ਬਾਅਦ ਵਿੱਚ ਦੁਬਾਰਾ ਡਿਜ਼ਾਈਨ ਕੀਤਾ ਗਿਆ ਸੀ। ਕੰਪਨੀ ਨੇ ਬਾਅਦ ਵਿੱਚ ਕਿਹਾ ਕਿ ਉਸਨੇ '(ਜਹਾਜ਼ ਦੇ) ਭਾਗਾਂ ਸੰਬੰਧੀ ਐਫ.ਏ.ਏ. ਦੇ ਨਤੀਜਿਆਂ ਨੂੰ ਪੂਰੀ ਤਰ੍ਹਾਂ ਹੱਲ ਕਰ ਲਿਆ ਹੈ ਅਤੇ ਦੁਬਾਰਾ ਹੋਣ ਤੋਂ ਰੋਕਣ ਲਈ ਕਾਰਵਾਈਆਂ ਕੀਤੀਆਂ ਹਨ।'

ਜੌਨ ਬਾਰਨੇਟ ਨੂੰ ਚਿੰਤਾ ਸੀ ਕਿ ਜੋ ਜਹਾਜ਼ ਪਹਿਲਾਂ ਹੀ ਸੇਵਾ ਵਿੱਚ ਦਾਖਲ ਹੋ ਚੁੱਕੇ ਸਨ, ਉਨ੍ਹਾਂ ਵਿੱਚ ਅਜਿਹੇ ਨੁਕਸ ਹੋ ਸਕਦੇ ਹਨ, ਜੋ ਸਾਹਮਣੇ ਨਹੀਂ ਆਏ ਅਤੇ ਉਨ੍ਹਾਂ ਕਾਰਨ ਕੋਈ ਵੱਡਾ ਹਾਦਸਾ ਹੋ ਸਕਦਾ ਹੈ। 2024 ਦੇ ਸ਼ੁਰੂ ਵਿੱਚ ਬਾਰਨੇਟ ਨੇ ਆਤਮ-ਹੱਤਿਆ ਕਰ ਲਈ। ਉਸ ਸਮੇਂ ਉਹ ਕੰਪਨੀ ਦੇ ਖਿਲਾਫ ਲੰਬੇ ਸਮੇਂ ਤੋਂ ਚੱਲ ਰਹੇ ਵ੍ਹਿਸਲਬਲੋਅਰ ਮੁਕੱਦਮੇ ਵਿੱਚ ਗਵਾਹੀ ਦੇ ਰਿਹਾ ਸੀ- ਜਿਸ ਬਾਰੇ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦੇ ਇਲਜ਼ਾਮਾਂ ਦੇ ਨਤੀਜੇ ਵਜੋਂ ਉਨ੍ਹਾਂ ਨੂੰ ਪੀੜਤ ਕੀਤਾ ਗਿਆ ਸੀ। ਹਾਲਾਂਕਿ ਬੋਇੰਗ ਨੇ ਇਸ ਤੋਂ ਇਨਕਾਰ ਕੀਤਾ ਸੀ।

ਸਾਲ 2011 ਵਿੱਚ ਇੱਕ ਹੋਰ ਸਾਬਕਾ ਕੁਆਲਿਟੀ ਮੈਨੇਜਰ ਸਿੰਥੀਆ ਨੇ ਰੈਗੂਲੇਟਰਾਂ ਨੂੰ ਸ਼ਿਕਾਇਤ ਕੀਤੀ ਸੀ ਕਿ ਉਤਪਾਦਨ ਨੂੰ ਚੱਲਦਾ ਰੱਖਣ ਦੀ ਕੋਸ਼ਿਸ਼ ਵਿੱਚ ਘਟੀਆ ਪੁਰਜ਼ਿਆਂ ਨੂੰ ਜਾਣ-ਬੁੱਝ ਕੇ ਕੁਆਰੰਟੀਨ ਕੰਪਾਰਟਮੈਂਟਾਂ ਤੋਂ ਹਟਾ ਕੇ ਜਹਾਜ਼ਾਂ ਵਿੱਚ ਫਿੱਟ ਕੀਤਾ ਜਾ ਰਿਹਾ ਹੈ। ਸਿੰਥੀਆ ਨੇ ਸਾਲ 2016 ਵਿੱਚ ਬੋਇੰਗ ਛੱਡ ਦਿੱਤੀ ਸੀ। ਸਿੰਥੀਆ ਨੇ ਕਿਹਾ ਸੀ ਕਿ ਘਟੀਆ ਵਾਇਰਿੰਗ ਬੰਡਲ, ਜਿਨ੍ਹਾਂ ਦੀ ਕੋਟਿੰਗ ਦੇ ਅੰਦਰ ਧਾਤ ਦੇ ਫਾਲਤੂ ਅਤੇ ਤਿੱਖੇ ਟੁਕੜੇ ਸਨ, ਜਾਣ-ਬੁੱਝ ਕੇ ਜਹਾਜ਼ਾਂ ਵਿੱਚ ਲਗਾਏ ਗਏ ਸਨ, ਜਿਸ ਨਾਲ ਖਤਰਨਾਕ ਸ਼ਾਰਟ-ਸਰਕਟ ਦਾ ਖ਼ਤਰਾ ਪੈਦਾ ਹੁੰਦਾ ਹੈ।

ਪਿਛਲੇ ਸਾਲ ਇੱਕ ਸੀਨੇਟ ਕਮੇਟੀ ਦੇ ਸਾਹਮਣੇ ਗਵਾਹੀ ਦੇਣ ਸਮੇਂ ਇੱਕ ਤੀਜੇ ਵ੍ਹਿਸਲਬਲੋਅਰ ਨੇ ਸੁਰਖੀਆਂ ਬਟੋਰੀਆਂ। ਬੋਇੰਗ ਦੇ ਇੱਕ ਮੌਜੂਦਾ ਕਰਮਚਾਰੀ ਸੈਮ ਸਾਲੇਹਪੋਰ ਨੇ ਅਮਰੀਕਾ ਦੇ ਕਾਨੂੰਨ ਨਿਰਮਾਤਾਵਾਂ ਨੂੰ ਦੱਸਿਆ ਕਿ ਉਹ ਇਸ ਲਈ ਅੱਗੇ ਆਏ ਹਨ, ਕਿਉਂਕਿ "ਮੈਂ ਬੋਇੰਗ ਵਿੱਚ ਜੋ ਸੁਰੱਖਿਆ ਸਬੰਧੀ ਸਮੱਸਿਆਵਾਂ ਦੇਖੀਆਂ ਹਨ, ਜੇ ਉਨ੍ਹਾਂ ਨੂੰ ਹੱਲ ਨਹੀਂ ਕੀਤਾ ਗਿਆ ਤਾਂ ਉਹ ਇੱਕ ਕਮਰਸ਼ੀਅਲ ਹਵਾਈ ਜਹਾਜ਼ ਦੀ ਵਿਨਾਸ਼ਕਾਰੀ ਅਸਫਲਤਾ ਦਾ ਕਾਰਨ ਬਣ ਸਕਦੀਆਂ ਹਨ, ਜਿਸ ਨਾਲ ਸੈਂਕੜੇ ਜਾਨਾਂ ਜਾ ਸਕਦੀਆਂ ਹਨ।" ਜਦਕਿ ਬੋਇੰਗ ਮੁਤਾਬਕ 787 ਦੇ ਢਾਂਚੇ 'ਚ ਸਮੱਸਿਆਵਾਂ ਬਾਰੇ ਦਾਅਵੇ ਗਲਤ ਹਨ, ਕਿਉਂਕਿ ਅਮਰੀਕੀ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਦੀ ਨਿਗਰਾਨੀ ਹੇਠ ਚੁੱਕੇ ਗਏ ਮੁੱਦਿਆਂ ਦੀ ਸਖ਼ਤੀ ਨਾਲ ਜਾਂਚ ਕੀਤੀ ਗਈ ਹੈ। ਇਸ ਵਿਸ਼ਲੇਸ਼ਣ ਨੇ ਪੁਸ਼ਟੀ ਕੀਤੀ ਹੈ ਕਿ ਜਹਾਜ਼ ਕਈ ਦਹਾਕਿਆਂ ਤੱਕ ਟਿਕਾਊ ਰਹਿਣਗੇ ਤੇ ਸੇਵਾ ਦੇਣ ਦੇ ਯੋਗ ਹੋਣਗੇ ਅਤੇ ਇਹ ਮੁੱਦੇ ਕੋਈ ਸੁਰੱਖਿਆ ਚਿੰਤਾਵਾਂ ਪੇਸ਼ ਨਹੀਂ ਕਰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਬੋਇੰਗ ਹਾਲ ਹੀ ਦੇ ਸਾਲਾਂ ਵਿੱਚ ਆਪਣੇ ਕਾਰਪੋਰੇਟ ਸੱਭਿਆਚਾਰ ਅਤੇ ਉਤਪਾਦਨ ਮਿਆਰਾਂ ਨੂੰ ਲੈ ਕੇ ਭਾਰੀ ਦਬਾਅ ਹੇਠ ਆ ਗਈ ਹੈ। ਆਪਣੇ ਸਭ ਤੋਂ ਵੱਧ ਵਿਕਣ ਵਾਲੇ 737 ਮੈਕਸ ਨਾਲ ਜੁੜੇ ਦੋ ਜਾਨਲੇਵਾ ਹਾਦਸਿਆਂ ਤੋਂ ਬਾਅਦ ਅਤੇ ਪਿਛਲੇ ਸਾਲ ਇੱਕ ਹੋਰ ਗੰਭੀਰ ਘਟਨਾ ਤੋਂ ਬਾਅਦ ਬੋਇੰਗ 'ਤੇ ਵਾਰ-ਵਾਰ ਇਲਜ਼ਾਮ ਲੱਗੇ ਹਨ ਕਿ ਕੰਪਨੀ ਯਾਤਰੀ ਸੁਰੱਖਿਆ ਦੀ ਬਜਾਏ ਮੁਨਾਫ਼ੇ ਨੂੰ ਤਰਜੀਹ ਦੇ ਰਹੀ ਹੈ। ਸਵਾਲ ਹੈ ਕਿ ਕੀ ਬੋਇੰਗ-787 ਪਹਿਲਾਂ ਹੀ ਅਤੀਤ ਦੀਆਂ ਅਸਫਲਤਾਵਾਂ ਕਾਰਨ ਖਤਰੇ 'ਚ ਪੈ ਚੁਕਾ ਹੈ, ਜਿਸ ਨਾਲ ਸੁਰੱਖਿਆ ਸਬੰਧੀ ਜੋਖਮ ਪੈਦਾ ਹੋ ਰਹੇ ਹਨ? ਕੁਝ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਜਿਹਾ ਨਹੀਂ ਹੈ, 16 ਸਾਲ ਹੋ ਗਏ ਹਨ- 1,200 ਜੈਟ ਅਤੇ ਇੱਕ ਅਰਬ ਤੋਂ ਵੱਧ ਯਾਤਰੀਆਂ ਨੇ ਉਡਾਣ ਭਰੀ ਹੈ, ਪਰ ਅਜੇ ਤੱਕ ਕੋਈ ਹਾਦਸਾ ਨਹੀਂ ਹੋਇਆ ਹੈ। ਇਹ ਇੱਕ ਸ਼ਾਨਦਾਰ ਸੁਰੱਖਿਆ ਰਿਕਾਰਡ ਹੈ। ਪਿਛਲੇ ਕੁਝ ਸਾਲਾਂ ਤੋਂ 787 ਦੇ ਉਤਪਾਦਨ 'ਤੇ ਭਾਰੀ ਨਿਗਰਾਨੀ ਰੱਖੀ ਜਾ ਰਹੀ ਹੈ।

ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋਇਆ ਏਅਰ ਇੰਡੀਆ ਦਾ ਜਹਾਜ਼ 11 ਸਾਲ ਤੋਂ ਵੱਧ ਪੁਰਾਣਾ ਸੀ, ਜਿਸਨੇ ਪਹਿਲੀ ਵਾਰ ਸਾਲ 2013 ਵਿੱਚ ਉਡਾਣ ਭਰੀ ਸੀ; ਪਰ ਫਾਊਂਡੇਸ਼ਨ ਫਾਰ ਏਵੀਏਸ਼ਨ ਸੇਫਟੀ ਕਹਿੰਦਾ ਹੈ ਕਿ ਹਾਲ ਹੀ ਵਿੱਚ ਹੋਏ ਹਾਦਸੇ ਤੋਂ ਪਹਿਲਾਂ ਉਸਨੂੰ 787 ਬਾਰੇ ਚਿੰਤਾਵਾਂ ਸਨ। ਇਹ ਇੱਕ ਅਮਰੀਕੀ ਸੰਗਠਨ ਹੈ, ਜੋ ਬੋਇੰਗ ਦੇ ਸਾਬਕਾ ਵ੍ਹਿਸਲਬਲੋਅਰ ਐਂਡ ਪੀਅਰਸਨ ਦੁਆਰਾ ਸਥਾਪਿਤ ਕੀਤਾ ਗਿਆ ਸੀ ਅਤੇ ਇਹ ਪਹਿਲਾਂ ਕੰਪਨੀ ਦੀ ਬਹੁਤ ਆਲੋਚਨਾ ਕਰਦਾ ਰਿਹਾ ਹੈ।

ਪਿਛਲੇ ਸਾਲ ਜਦੋਂ ਕੁਝ 787 ਮਾਡਲਾਂ ਵਿੱਚ ਪਾਣੀ ਲੀਕ ਹੋਣ ਦੀਆਂ ਰਿਪੋਰਟਾਂ ਆਈਆਂ ਸਨ ਤਾਂ ਐਫ.ਏ.ਏ. ਨੇ ਏਅਰਲਾਈਨਾਂ ਨੂੰ ਨਿਯਮਤ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ, ਕਿਉਂਕਿ ਅਜਿਹਾ ਹੀ ਇੱਕ ਮੁੱਦਾ ਟਾਇਲਟ ਦੀਆਂ ਟੂਟੀਆਂ ਤੋਂ ਪਾਣੀ ਦਾ ਲੀਕ ਹੋਣਾ ਹੋ ਸਕਦਾ ਹੈ, ਜੋ ਬਿਜਲੀ ਦੇ ਉਪਕਰਣਾਂ ਵਾਲੇ ਡੱਬੇ ਵਿੱਚ ਜਾ ਸਕਦਾ ਹੈ। ਮੰਨਿਆ ਜਾ ਰਿਹਾ ਹੈ ਕਿ ਮੁੱਖ ਕਾਰਜਕਾਰੀ ਕੈਲੀ ਔਰਟਬਰਗ, ਜੋ ਪਿਛਲੇ ਸਾਲ ਕੰਪਨੀ ਵਿੱਚ ਸ਼ਾਮਲ ਹੋਏ ਸਨ, ਆਪਣੀਆਂ ਅੰਦਰੂਨੀ ਪ੍ਰਕਿਰਿਆਵਾਂ ਨੂੰ ਬਿਹਤਰ ਬਣਾ ਰਹੇ ਹਨ ਅਤੇ ਇੱਕ ਵਿਆਪਕ ਸੁਰੱਖਿਆ ਤੇ ਗੁਣਵੱਤਾ ਨਿਯੰਤਰਣ ਯੋਜਨਾ 'ਤੇ ਰੈਗੂਲੇਟਰਾਂ ਨਾਲ ਕੰਮ ਕਰ ਰਹੇ ਹਨ।



**ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋਇਆ ਏਅਰ ਇੰਡੀਆ ਦਾ ਜਹਾਜ਼ 11 ਸਾਲ ਤੋਂ ਵੱਧ ਪੁਰਾਣਾ ਸੀ, ਜਿਸਨੇ ਪਹਿਲੀ ਵਾਰ ਸਾਲ 2013 ਵਿੱਚ ਉਡਾਣ ਭਰੀ ਸੀ; ਪਰ ਫਾਊਂਡੇਸ਼ਨ ਫਾਰ ਏਵੀਏਸ਼ਨ ਸੇਫਟੀ ਕਹਿੰਦਾ ਹੈ ਕਿ ਹਾਲ ਹੀ ਵਿੱਚ ਹੋਏ ਹਾਦਸੇ ਤੋਂ ਪਹਿਲਾਂ ਉਸਨੂੰ 787 ਬਾਰੇ ਚਿੰਤਾਵਾਂ ਸਨ। ਇਹ ਇੱਕ ਅਮਰੀਕੀ ਸੰਗਠਨ ਹੈ, ਜੋ ਬੋਇੰਗ ਦੇ ਸਾਬਕਾ ਵ੍ਹਿਸਲਬਲੋਅਰ ਐਂਡ ਪੀਅਰਸਨ ਦੁਆਰਾ ਸਥਾਪਿਤ ਕੀਤਾ ਗਿਆ ਸੀ ਅਤੇ ਇਹ ਪਹਿਲਾਂ ਕੰਪਨੀ ਦੀ ਬਹੁਤ ਆਲੋਚਨਾ ਕਰਦਾ ਰਿਹਾ ਹੈ।**

---

## ਸਿੱਖ ਤਖਤਾਂ ਦੇ ਜਥੇਦਾਰਾਂ ਦਾ ਅਦਾਲਤਾਂ ਵਲ ਰੁਖ ਜਾਇਜ਼?

***...ਸਫਾ 3 ਦੀ ਬਾਕੀ ⇒***

ਸਾਹਿਬਾਨ ਨੂੰ ਆਉਂਦੀਆਂ ਔਕੜਾਂ ਦਾ ਧਿਆਨ ਰੱਖਣ ਦੀ ਲੋੜ ਹੈ। ਉਨ੍ਹਾਂ ਦੀਆਂ ਸੇਵਾਵਾਂ ਖੁਦਮੁਖਤਾਰ ਬਣਾਉਣ ਵੱਲ ਧਿਆਨ ਦੇਣਾ ਚਾਹੀਦਾ ਹੈ। ਜੇ ਕੁਝ ਵੀ ਨਾ ਹੋਵੇ ਤਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਅਦਾਲਤ ਵਿੱਚ ਜਾਣ ਦੀ ਬਜਾਏ ਸਮੇਂ ਤੋਂ ਪਹਿਲਾਂ ਸੇਵਾ ਮੁਕਤੀ ਲੈ ਸਕਦੇ ਹਨ। ਅਦਾਲਤ ਵਿੱਚ ਜਾਣ ਨਾਲ ਸਿੱਖ ਸੰਸਥਾਵਾਂ ਖ਼ਾਸ ਕਰਕੇ ਅਕਾਲ ਤਖਤ ਸਾਹਿਬ ਅਤੇ ਸ੍ਰੀ ਹਰਮੰਦਿਰ ਸਾਹਿਬ ਦੇ ਹੈਡ ਗ੍ਰੰਥੀ ਸਾਹਿਬਾਨ ਦੇ ਅਹੁਦਿਆਂ ਨੂੰ ਤੇ ਆਂਚ ਆਏਗੀ ਹੀ, ਇਸ ਨਾਲ ਗਿਆਨੀ ਰਘਬੀਰ ਸਿੰਘ ਦੀ ਆਪਣੀ ਸ਼ਖਸੀਅਤ ਉਨ੍ਹਾਂ ਦੇ ਮਾਣ-ਤਾਣ, ਕੱਦ-ਬੁੱਤ ਨੂੰ ਵੀ ਨੁਕਸਾਨ ਪੁਜਣਾ ਸੀ। ਇਹ ਸ਼ੁਕਰ ਹੀ ਕੀਤਾ ਜਾ ਸਕਦਾ ਹੈ ਕਿ ਸਾਰੇ ਸੰਸਾਰ ਦੀ ਸੰਗਤਾਂ ਵੱਲੋਂ ਵਿਆਪਕ ਪੱਧਰ 'ਤੇ ਪ੍ਰਤੀਕਰਮ ਆਉਣ 'ਤੇ ਗਿਆਨੀ ਰਘਬੀਰ ਸਿੰਘ ਨੇ ਹਾਈਕੋਰਟ ਵਿੱਚ ਦਾਇਰ ਕੀਤੀ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ। ਸਿੱਖ ਤਖਤਾਂ ਦੀ ਗੱਲ ਜੇ ਅਦਾਲਤਾਂ ਵੱਲ ਤੁਰ ਪਈ ਤਾਂ ਇਸ ਦੀ ਲੀਹ ਨੂੰ ਮੇਟਣਾ ਬਹੁਤ ਔਖਾ ਹੋ ਜਾਏਗਾ। ਸਿੱਖ ਇੱਕ ਹੋਰ ਜੰਜਾਲ ਵਿੱਚ ਆਪਣੇ ਆਪ ਨੂੰ ਫਸਿਆ ਮਹਿਸੂਸ ਕਰਨਗੇ।

**ਲੋਕ ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ ਦੇ ਮੁਦੱਈ ਪਰਚੇ ਦਾ ਦੂਜਾ ਸਾਲਾਨਾ ਸਮਾਗਮ**

# 'ਪੰਜਾਬੀ ਪਰਵਾਜ਼ ਨਾਈਟ'

## 19 ਜੁਲਾਈ 2025

(ਸ਼ਨਿਚਰਵਾਰ) ਸ਼ਾਮ 6:30 ਤੋਂ 11:00

**ਤਕਰੀਰਾਂ, ਵਿਚਾਰਾਂ ਤੇ ਗੀਤ-ਸੰਗੀਤ ਭਰੀ ਸ਼ਾਮ**

**ਸਥਾਨ:** Atlantis Banquets

1273 North Rand Road, Arlington Heights, IL 60004

*Food Will Served by Taste of India (Milwaukee)*

Our Proud Platinum Sponsor

U.S. Energy
a U.S. Venture company

Our Proud Gold Sponsor

5Rivers
ENTERTAINMENT

ਪਹੁੰਚ ਰਹੇ ਕਲਾਕਾਰ



ਸੱਤੀ ਸਤਵਿੰਦਰ


ਪੂਜਾ ਧਾਲੀਵਾਲ


ਨਿੰਮਾ ਡੱਲੇਵਾਲ



ਪੰਮੀ ਗਿੱਲ

## ਸਤਿਕਾਰਯੋਗ ਬੋਰਡ ਮੈਂਬਰ


ਬਲਵਿੰਦਰ ਸਿੰਘ (ਬੌਬ) ਸੰਧੂ


ਦਵਿੰਦਰ ਸਿੰਘ ਰੰਗੀ


ਮਨਜਿੰਦਰ ਸਿੰਘ (ਮੈਕ) ਭਮਰਾ


ਬੇਅੰਤ ਸਿੰਘ ਬੋਪਾਰਾਏ ਮਿਲਵਾਕੀ


ਜੋਧ ਸਿੰਘ ਸਿੱਧੂ


ਅਮਰੀਕ ਸਿੰਘ ਸ਼ਿਕਾਗੋ


ਕਿਰਪਾਲ ਸਿੰਘ ਰੰਧਾਵਾ


ਅੰਮ੍ਰਿਤਪਾਲ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਗੁਰਿੰਦਰਜੀਤ ਸਿੰਘ ਗਰੇਵਾਲ


ਦੀਦਾਰ ਸਿੰਘ ਧਨੋਆ


ਯਾਦਵਿੰਦਰ ਸਿੰਘ (ਰਿੰਪੀ) ਖੱਟੜਾ


ਅਮਰਜੀਤ ਸਿੰਘ ਢੀਂਡਸਾ


ਗੁਰਵਿੰਦਰ ਸਿੰਘ ਬੱਬੂ (ਐਪਲਟਨ)


ਦਰਸ਼ਨ ਸਿੰਘ ਪੰਮਾ



ਬਿਕਰਮ ਸਿੰਘ ਸਿੱਧੂ



ਪਰਮਜੀਤ ਸਿੰਘ ਸਿੱਧੂ (ਮਹਿਰਾਜ)


ਮਨਮਿੰਦਰ ਸਿੰਘ ਹੀਰ



ਬਲਜੀਤ ਸਿੰਘ ਸਿੱਧੂ (ਫਲੋਰਿਡਾ)


ਮਿੰਨੀ ਮੁਲਤਾਨੀ


ਗੁਰਪ੍ਰੀਤ ਕੇ. ਸਿੰਘ


ਲਾਲੀ ਧਾਲੀਵਾਲ (ਮਿਸ਼ੀਗਨ)


ਇੰਦਰ ਹੁੰਜਣ


ਪਰਮਿੰਦਰ ਸਿੰਘ (ਯੂਬਾ ਸਿਟੀ)


ਜਗਜੀਤ ਸਿੰਘ ਖੇੜਾ (ਓਕਲਾਹੋਮਾ)


ਅਮਨਦੀਪ ਸਿੰਘ ਕੁਲਾਰ


ਜਿਗਰਦੀਪ ਸਿੰਘ ਢਿੱਲੋਂ


ਹਰਕੇਵਲ ਸਿੰਘ ਲਾਲੀ

# 'ਪੰਜਾਬੀ ਪਰਵਾਜ਼ ਨਾਈਟ' PUNJABI PARWAZ NIGHT

## ਮੁੱਖ ਮਹਿਮਾਨ



**ਲਖਬੀਰ ਸਿੰਘ ਢੀਂਡਸਾ**
*(ਬਿਜ਼ਨਸਮੈਨ)*

## ਵਿਸ਼ੇਸ਼ ਮਹਿਮਾਨ



**ਜੇ.ਪੀ. ਖਹਿਰਾ**
*(ਬਿਜ਼ਨਸਮੈਨ)*

## ਮੁੱਖ ਬੁਲਾਰੇ



**ਐਸ. ਅਸ਼ੋਕ ਭੌਰਾ**
*(ਸੀਨੀਅਰ ਪੱਤਰਕਾਰ ਤੇ ਲੇਖਕ)*



**ਰਵਿੰਦਰ ਸਿੰਘ ਸਹਿਰਾਅ**
*(ਸ਼ਾਇਰ ਅਤੇ ਲੇਖਕ)*

## ਮਾਣਯੋਗ ਸਪਾਂਸਰ



ਜਸਵਿੰਦਰ ਸਿੰਘ ਸੰਧੂ | ਸੋਨੀ ਜੱਜ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਮੇਜਰ ਗੁਰਚਰਨ ਸਿੰਘ ਝੱਜ | ਸਰਵਣ ਸਿੰਘ ਟਿਵਾਣਾ | ਜੈਦੇਵ ਸਿੰਘ (ਸੱਤੀ) ਭੱਠਲ | ਪਰਮਿੰਦਰ ਸਿੰਘ ਵਾਲੀਆ | ਗੁਲਜ਼ਾਰ ਸਿੰਘ ਮੁਲਤਾਨੀ | ਸੰਨੀ ਕੁਲਾਰ



ਮਨਜੀਤ ਸਿੰਘ ਪਾਲੀਆ | ਰਾਣਾ ਵਿਰਕ | ਮੁਖਤਿਆਰ ਸਿੰਘ (ਹੈਪੀ) ਹੀਰ | ਲੱਕੀ ਸਹੋਤਾ | ਡਾ. ਵਿਕਰਮ ਗਿੱਲ | ਜਰਨੈਲ ਸਿੰਘ ਮੱਲ੍ਹੀ | ਹਰਿੰਦਰ ਸਿੰਘ ਰਾਣਾ | ਮਨਜੀਤ ਸਿੰਘ ਗਿੱਲ | ਮਨਮੋਹਨ ਸਿੰਘ ਮਿਨਹਾਸ | ਰੌਨੀ ਕੁਲਾਰ



ਜਗਦੀਸ਼ੁਰ ਸਿੰਘ ਕਲੇਰ | ਡਾ. ਗੁਰਚਰਨ ਸਿੰਘ ਗਰੇਵਾਲ | ਨਿੱਕ ਬਲਵਿੰਦਰ ਸਿੰਘ | ਡਾ. ਮੁਖਤਾਰ ਸਿੰਘ ਨੰਦਰਾ | ਡਾ. ਰਛਪਾਲ ਸਿੰਘ ਬਾਜਵਾ | ਰਘਵਿੰਦਰ ਸਿੰਘ ਮਾਹਲ | ਅਮਰਦੇਵ ਸਿੰਘ ਬੰਦੇਸ਼ਾ | ਡਾ. ਪਰਦੀਪ ਸਿੰਘ ਗਿੱਲ | ਡਾ. ਹਰਜਿੰਦਰ ਸਿੰਘ ਖਹਿਰਾ | ਭੁਪਿੰਦਰ ਸਿੰਘ ਧਾਲੀਵਾਲ



ਜਸਬੀਰ ਕੌਰ ਮਾਨ | ਜਗਜੀਤ ਸਿੰਘ ਢੀਂਡਸਾ | ਮਨਜੀਤ ਸਿੰਘ ਧਨੋਆ | ਨਿਰਭੈਅ ਸਿੰਘ ਧਨੋਆ | ਪਰਮਿੰਦਰ ਸਿੰਘ ਮਾਨ | ਗੁਰਸਾਹਿਬ ਸਿੰਘ ਤੂਰ | ਸੁਰਜੀਤ ਸਿੰਘ ਮਾਵੀ | ਪ੍ਰਦੀਪ ਸਿੰਘ ਕਾਹਲੋਂ | ਡਾ. ਗੁਰਬਖ਼ਸ਼ ਸੈਣੀ | ਜਤਿੰਦਰ (ਜੇ) ਸਿੰਘ ਸੰਘਾ



ਨੀਲ ਗਿੱਲ | ਇੰਦਰਬੰਸ ਸਿੰਘ (ਹੈਰੀ) ਬਰਾੜ | ਸੁਰਿੰਦਰ ਸਿੰਘ ਪਾਂਗਲੀ | ਨਿਰਭੈ ਸਿੰਘ ਪਾਂਗਲੀ | ਨਵਤੇਜ ਸਿੰਘ ਗਿੱਲ | ਰੇਸ਼ਮ ਸਿੰਘ | ਜਪਤੇਜ ਸਿੰਘ ਔਲਖ | ਡਾ. ਸਨੀ ਜੈਨ | ਗੁਰਦੇਵ ਸਿੰਘ ਗਿੱਲ | ਹਰਦੀਪ ਸਿੰਘ ਬੰਦੇਸ਼ਾ



ਜਿੰਦੀ ਦਿਆਲ | ਰਾਜਾ ਦਿਆਲ | ਹਰਦੀਪ ਸਿੰਘ ਗਿੱਲ | ਹਰਜੀਤ ਸਿੰਘ ਗਿੱਲ | ਲਾਲੀ ਸਿੱਧੂ ਮਿਲਵਾਕੀ | ਬਲਵਿੰਦਰ ਸਿੰਘ ਗਿਰਨ | ਵਿੱਕ ਸਿੰਘ | ਜਸਰੂਪ ਸਿੰਘ ਬਾਲਾ | ਗੁਰਮੀਤ ਸਿੰਘ ਬਾਠ | ਅਮਰੀਕ ਸਿੰਘ ਟਿਵਾਣਾ

Radio Chann Pardesi ਰੇਡੀਓ ਚੰਨ ਪ੍ਰਦੇਸੀ
Punjabi Cultural Society Chicago
PAO Punjabi American Organization
Swera Women Sup ਸਵੇਰਾ Sikh Women Era
Bhangra Rhymes
Sakhi Attire
Taste of India Fine Dining Bistro
Regal Jewels Since 1983 Ph: 773-262-4377 www.Regaljewels.Com

# ‘ਪੰਜਾਬੀ ਪਰਵਾਜ਼ ਨਾਈਟ-2025’ ਦੇ ਸੰਦਰਭ ਵਿੱਚ...

**ਕੁਲਜੀਤ ਦਿਆਲਪੁਰੀ**

ਪੰਜਾਬੀ ਪੱਤਰਕਾਰੀ ਦੇ ਖੇਤਰ ਵਿੱਚ ਆਪਣੀ ਸਮਰੱਥਾ ਮੁਤਾਬਕ ‘ਪੰਜਾਬੀ ਪਰਵਾਜ਼’ ਆਪਣੇ ਸਫਰ ਉਤੇ ਹੈ। ਇਸ ਦੇ ਦੋ ਸਾਲ ਮੁਕੰਮਲ ਹੋਣ ਅਤੇ ਇਸ ਵੱਲੋਂ ਪੰਜਾਬੀ ਭਾਈਚਾਰੇ ਵਿੱਚ ਆਪਣੀ ਥਾਂ ਬਣਾ ਲੈਣ ਦੀ ਖੁਸ਼ੀ ਤੇ ਮਾਣ ਵਜੋਂ ਭਾਈਚਾਰੇ ਦੇ ਹੀ ਸਹਿਯੋਗ ਨਾਲ ਆਉਂਦੀ 19 ਜੁਲਾਈ, ਸਨਿਚਰਵਾਰ ਨੂੰ ਦੂਜੀ ‘ਪੰਜਾਬੀ ਪਰਵਾਜ਼ ਨਾਈਟ’ ਮਨਾਈ ਜਾ ਰਹੀ ਹੈ। ਇਸ ਸਾਲਾਨਾ ਸਮਾਗਮ ਵਿੱਚ ਉਮਦਾ ਤਕਰੀਰਾਂ ਤੇ ਵਿਚਾਰਾਂ ਦੀ ਸਾਂਝ ਦੇ ਨਾਲ ਨਾਲ ਮਨੋਰੰਜਨ ਲਈ ਗਾਇਕੀ ਦਾ ਦੌਰ ਵੀ ਚੱਲੇਗਾ। ਸੀਨੀਅਰ ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਅਤੇ ਲੇਖਕ ਤੇ ਸ਼ਾਇਰ ਰਵਿੰਦਰ ਸਹਿਰਾਅ ਬਤੌਰ ਬੁਲਾਰਾ ਸ਼ਿਰਕਤ ਕਰ ਰਹੇ ਹਨ, ਜਿੱਥੇ ਉਹ ਆਪਣੇ ਸੁਚੱਜੇ ਵਿਚਾਰਾਂ ਦੀ ਸਾਂਝ ਆਏ ਮਹਿਮਾਨਾਂ ਨਾਲ ਪਾਉਣਗੇ। ਗਾਇਕ ਸੱਤੀ ਸਤਵਿੰਦਰ, ਪੂਜਾ ਧਾਲੀਵਾਲ, ਨਿੰਮਾ ਡੱਲੇਵਾਲ ਤੇ ਪੰਮੀ ਗਿੱਲ ਆਪਣੀ ਗਾਇਕੀ ਰਾਹੀਂ ਮਨੋਰੰਜਨ ਕਰਨਗੇ।

ਦੱਸ ਦਈਏ, ‘ਪੰਜਾਬੀ ਪਰਵਾਜ਼’ ਨੇ ਪੱਤਰਕਾਰੀ ਦੇ ਪਿੜ ਵਿੱਚ ਆਪਣਾ ਪਹਿਲਾ ਛੋਟਾ ਕਿਹਾ ਕਦਮ ਸਾਲ 2023 ਵਿੱਚ ਆਪਣੇ ਸਾਥੀ ਲੇਖਕਾਂ ਅਤੇ ਕਰੀਬੀ ਸੱਜਣਾਂ ਦੇ ਸਹਿਯੋਗ ਨਾਲ ‘ਵੈਬ ਅੰਕ’ ਦੇ ਰੂਪ ਵਿੱਚ ਧਰਿਆ ਸੀ; ਪਰ ਭਾਈਚਾਰੇ ਵੱਲੋਂ ਭਰਪੂਰ ਹੁੰਗਾਰਾ ਮਿਲਣ ਅਤੇ ਕੁਝ ਪਰਿਵਾਰਾਂ ਦੇ ਅਪਣੱਤ ਭਰੇ ਮਾਹੌਲ ਨੇ ਇਸ ਦੇ ਵਿਗਸਣ ਲਈ ਰਾਹ ਹੋਰ ਮੋਕਲਾ ਕੀਤਾ, ਜਿਸ ਕਾਰਨ ਅਖਬਾਰ ਛੇਵੇਂ ਅੰਕ ਤੋਂ ਹਰ ਪੰਦਰੀਂ ਦਿਨੀਂ ਛਪਣ ਲੱਗਾ। ਅਖਬਾਰ ਦੀ ਹੋਂਦ ਸਥਾਪਤ ਹੋਣ ਪਿੱਛੋਂ ਹੁਣ ਭਾਈਚਾਰੇ ਦੇ ਕੁਝ ਸੁਜੱਗ ਲੋਕ ਇਸ ਨੂੰ ਹਫਤਾਵਾਰੀ ਬਣਿਆ ਦੇਖਣਾ ਚਾਹੁੰਦੇ ਹਨ।

ਅਸੀਂ ਉਨ੍ਹਾਂ ਸ਼ਖਸੀਅਤਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਵੀ ਪਿਛਲੇ ਸਮੇਂ ਦੌਰਾਨ ਅਖਬਾਰ ਦੇ ਪਰਵਾਜ਼ ਭਰਨ ਲਈ ਮਾਹੌਲ ਸਿਰਜਿਆ ਯਾਨੀ ਕਿ ਵਿੱਤੀ ਤੌਰ ’ਤੇ ਅਹਿਮ ਸਹਿਯੋਗ ਦਿੱਤਾ; ਉਨ੍ਹਾਂ ਦੇ ਵੀ ਸ਼ੁਕਰਗੁਜ਼ਾਰ ਹਾਂ, ਜਿਨ੍ਹਾਂ ਨੇ ਆਮ ਸਹਿਯੋਗ ਦਿੱਤਾ ਅਤੇ ਉਨ੍ਹਾਂ ਦੇ ਵੀ ਰਿਣੀ ਹਾਂ, ਜਿਨ੍ਹਾਂ ਨੇ ਪੱਤਰਕਾਰੀ ਖੇਤਰ ਵਿੱਚ ਸੁਚੇਤ ਰਹਿਣ ਤੇ ਭਾਈਚਾਰਕ ਤਰਜੀਹਾਂ ਨੂੰ ਮੂਹਰੇ ਰੱਖ ਕੇ ਵਿਚਰਨ ਦੀ ਸਲਾਹ ਦਿੱਤੀ। ਕਿਉਂਕਿ ਇੱਕ-ਇੱਕ ਦੇ ਜੁੜਨ ਨਾਲ ਅਸੀਂ ਗਿਆਰਾਂ ਜਿੰਨੀ ਅਹਿਮੀਅਤ ਹਾਸਲ ਕਰਨ ਵੱਲ ਨੂੰ ਪੁਲਾਂਘ ਪੁੱਟੀ ਹੈ, ਇਸ ਲਈ ਅਸੀਂ ਸਭਨਾਂ ਦੇ ਸਾਰਥਿਕ ਉਪਰਾਲਿਆਂ ਦਾ ਸਤਿਕਾਰ ਕਰਦਿਆਂ ਇਹ ਸਾਂਝ ਹੋਰ ਗੂੜ੍ਹੀ ਕਰਨ ਦਾ ਤਰੱਦਦ ਜਾਰੀ ਰੱਖਾਂਗੇ। ਇਸ ਵਿੱਚ ਅਖਬਾਰ ਦੇ ਮਾਣਯੋਗ ਬੋਰਡ ਮੈਂਬਰਾਂ ਦਾ ਵਿੱਤੀ ਸਹਿਯੋਗ ਤੇ ਸਲਾਹਕ ਚਾਰਾਜੋਈਆਂ ਤਾਂ ਅਹਿਮ ਹਨ ਹੀ, ਪਰ ਭਾਈਚਾਰੇ ਦੀਆਂ ਉਨ੍ਹਾਂ ਸ਼ਖਸੀਅਤਾਂ ਦੇ ਮਸ਼ਵਰਿਆਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਹੋ ਭਾਵੇਂ ਬੋਰਡ ਵਿੱਚ ਸ਼ਾਮਲ ਨਹੀਂ ਹਨ, ਪਰ ਉਨ੍ਹਾਂ ਨੇ ਅਖਬਾਰ ਦੀ ਮਹੱਤਤਾ ਨੂੰ ਸਮਝਦਿਆਂ ਵਿੱਤੀ ਤੇ ਇਖਲਾਕੀ ਸਹਿਯੋਗ ਦਿੱਤਾ ਹੈ (‘ਪੰਜਾਬੀ ਪਰਵਾਜ਼ ਨਾਈਟ’ ਦੇ ਮੁੱਖ ਸਪਾਂਸਰਾਂ ਵਿੱਚ ਉਨ੍ਹਾਂ ਦੀਆਂ ਤਸਵੀਰਾਂ ਦੇਖੀਆਂ ਜਾ ਸਕਦੀਆਂ ਹਨ)।




ਜਿਸ ਤਰ੍ਹਾਂ ਅਖਬਾਰ ਦੇ ਪਹਿਲੇ ਸੰਪਾਦਕੀ ਨੋਟ ਵਿੱਚ ਇਹ ਤਹੱਈਆ ਕੀਤਾ ਗਿਆ ਸੀ ਕਿ ‘ਪਰਚੇ ਨੂੰ ਲੋਕ ਪੱਖੀ ਬਣਾਉਣ ਅਤੇ ਮਿਆਰੀ ਲਿਖਤਾਂ ਦੀ ਸਾਂਝ ਪਾਠਕਾਂ ਨਾਲ ਪੁਆਉਣ ਦੀ ਕੋਸ਼ਿਸ਼ ਕਰਾਂਗੇ’, ਅਸੀਂ ਉਸ ਦਿਸ਼ਾ ਵੱਲ ਕਦਮ-ਦਰ-ਕਦਮ ਵਧੇ ਹਾਂ; ਤੇ ਇਹ ਸੋਚ ਤੇ ਸਫਰ ਨਿਰੰਤਰ ਜਾਰੀ ਹਨ। ਸਾਡਾ ਮੰਨਣਾ ਹੈ ਕਿ ਪੱਤਰਕਾਰੀ, ਵਿਦਿਅਕ, ਸਾਹਿਤਕ, ਕਲਾ ਤੇ ਖੇਡ ਸਮੇਤ ਸਭਨਾਂ ਖੇਤਰਾਂ ਵਿੱਚ ਨਜ਼ਰੀਏ ਦੀ ਭਿੰਨਤਾ ਤੇ ਪੁਖਤਗੀ ਉਸਾਰੂ ਸੰਵਾਦ ਦੀ ਸਾਂਝ ਨਾਲ ਸਿਹਤਮੰਦ ਸਮਾਜ ਉਸਰਦਾ ਹੈ। ਇਹ ਸਪਸ਼ਟ ਹੈ ਕਿ ਦੁਨੀਆਂ ਭਰ ਦੇ ਲੋਕਾਂ ਦੇ ਵਿਚਾਰ ਇੱਕ ਕਿਸਮ ਦੇ ਕਦੇ ਵੀ ਨਹੀਂ ਹੋ ਸਕਦੇ; ਜੇ ਹੁੰਦੇ ਤਾਂ ਵਿਚਾਰਧਾਰਕ ਪਾੜੇ ਨਾ ਵਧਣ ਤੇ ਜੰਗਾਂ ਨਾ ਹੋਣ। ਵਿਚਾਰ ਇੱਕੋ ਜਿਹੇ ਸਭ ਦੇ ਹੋਣੇ ਵੀ ਨਹੀਂ ਚਾਹੀਦੇ, ਕਿਉਂਕਿ ਜੇ ਸਹਿਮਤੀ ਦਾ ਮਾਹੌਲ ਭਾਰੂ ਰਿਹਾ ਤਾਂ ਕਿਸੇ ਵੀ ਮੁੱਦੇ ਉੱਤੇ ਸੁਜੱਗ ਚਰਚਾ ਦੀ ਗੁੰਜਾਇਸ਼ ਹੀ ਨਹੀਂ ਰਹੇਗੀ। ਅਸੀਂ ਇਹ ਮਾਣ ਨਾਲ ਕਹਿ ਸਕਦੇ ਹਾਂ ਕਿ ‘ਪੰਜਾਬੀ ਪਰਵਾਜ਼’ ਨੇ ‘ਮੁੱਦਿਆਂ ਦੀ ਪੱਤਰਕਾਰੀ’ ਕਰਨ ਨੂੰ ਤਰਜੀਹ ਦਿੱਤੀ ਹੈ; ਤੇ ਭਵਿੱਖ ਵਿੱਚ ਵੀ ਅਖਬਾਰੀ ਪੰਨਿਆਂ ਦੀ ਸਮਰੱਥਾ ਮੁਤਾਬਕ ਦੇਸ-ਪਰਦੇਸ/ਰਾਸ਼ਟਰੀ-ਅੰਤਰਰਾਸ਼ਟਰੀ ਮੁੱਦੇ ਛੋਹਣ ਨੂੰ ਪਹਿਲ ਦਿਆਂਗੇ; ਪਰ ਆਪਣੀਆਂ ਵਿਰਾਸਤੀ ਜੜ੍ਹਾਂ ਯਾਨੀ ਕਿ ਸੱਭਿਆਚਾਰ, ਸਾਹਿਤ ਤੇ ਧਰਮ ਨਾਲ ਜੁੜੇ ਰਹਿ ਕੇ।

ਜਿਵੇਂ ਕਿ ਅਸੀਂ ਪਹਿਲੇ ਅੰਕ ਵਿੱਚ ਖੇਡਾਂ ਤੇ ਮਨੋਰੰਜਨ ਭਰਪੂਰ ਲਿਖਤਾਂ ਦੇ ਨਾਲ ਨਾਲ ਭਾਈਚਾਰੇ ਦੇ ਉਦਮੀ ਤੇ ਅਦਬੀ ਲੋਕਾਂ ਦੇ ‘ਚਿੱਤਰ ਲੇਖ’ ਜਾਂ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਸ਼ਖਸੀਅਤਾਂ ਤੇ ਸੰਸਥਾਵਾਂ ਬਾਰੇ ਗਾਹੇ-ਬਗਾਹੇ ਛੋਟੇ-ਵੱਡੇ ਲੇਖਾਂ/ਖਬਰਾਂ ਰਾਹੀਂ ਹਾਜ਼ਰੀ ਲੁਆਉਣ ਨੂੰ ਆਪਣੀ ਕਾਰਜ-ਸੂਚੀ ਵਿੱਚ ਸ਼ਾਮਲ ਕੀਤਾ ਸੀ, ਉਹ ਅਸੀਂ ‘ਪੰਜਾਬੀ ਪਰਵਾਜ਼’ ਦੇ ਪੰਨਿਆਂ ਉਤੇ ਕਿਸੇ ਨਾ ਕਿਸੇ ਰੂਪ ਵਿੱਚ ਪੇਸ਼ ਕੀਤਾ ਹੈ। ਇਸ ਤੋਂ ਇਲਾਵਾ ਸਮੀਖਿਆ, ਅਨੁਭਵ, ਜ਼ਿੰਦਗੀ ਦੇ ਖੱਟੇ-ਮਿੱਠੇ ਸਬਕ ਆਦਿ ਨਿੱਕੀਆਂ-ਵੱਡੀਆਂ ਪਰਵਾਜ਼ਾਂ ਨੂੰ ਵੀ ‘ਪੰਜਾਬੀ ਪਰਵਾਜ਼’ ਵਿੱਚ ਥਾਂ ਦੇਣ ਦਾ ਯਤਨ ਜਾਰੀ ਹੈ ਤੇ ਭਵਿੱਖ ਵਿੱਚ ਵੀ ਇਹ ਯਤਨ ਜਾਰੀ ਰਹੇਗਾ। ਲੋਕ ਪੱਖੀ ਸੋਚਾਂ ਵਾਲੀਆਂ ਕਲਮਾਂ ਨੂੰ ਛਾਪਣਾ ਸਾਡਾ ਸੁਭਾਗ ਹੈ। ਆਉਂਦੇ ਅੰਕਾਂ ਵਿੱਚ ਵੀ ਭਾਂਤ-ਸੁਭਾਂਤੀਆਂ ਲਿਖਤਾਂ ਨੂੰ ਪਹਿਲ ਦੇ ਆਧਾਰ ’ਤੇ ਅਖਬਾਰੀ ਪੰਨਿਆਂ ਦਾ ਸ਼ਿੰਗਾਰ ਬਣਾਉਣ ਦੀ ਕੋਸ਼ਿਸ਼ ਜਾਰੀ ਰੱਖਾਂਗੇ।

ਵੱਖ-ਵੱਖ ਵਿਚਾਰਾਂ, ਜਾਣਕਾਰੀਆਂ, ਸਰਗਰਮੀਆਂ ਵਗੈਰਾ ਦੇ ਜ਼ਰੀਏ ਭਾਈਚਾਰਕ ਸਾਂਝ ਪੀਡੀ ਕਰਦੇ ਰਹਾਂਗੇ ਅਤੇ ਭਵਿੱਖ ਵਿੱਚ ‘ਪੰਜਾਬੀ ਪਰਵਾਜ਼’ ਨੂੰ ਹੋਰ ਬਿਹਤਰ ਬਣਾਉਣ ਦੇ ਯਤਨ ਜਾਰੀ ਰੱਖਾਂਗੇ; ਕਿਉਂਕਿ ਅਸੀਂ ਜਾਣਦੇ ਹਾਂ ਕਿ ਲੋਕ ਕਸਵੱਟੀ ਹੁੰਦੇ ਹਨ, ਫੈਸਲੇ ਲੋਕਾਂ ਨੇ ਲੈਣੇ ਹੁੰਦੇ ਹਨ ਅਤੇ ਗਲਤ-ਸਹੀ ਦੀ ਪਛਾਣ ਵਕਤ ਕਰਦਾ ਹੈ; ਪਰ ਅਸਲ ਕਸਵੱਟੀ ਸਹੀ ਤੇ ਨਿਰਪੱਖ ਸੋਚ ਵਾਲੇ ਲੋਕ ਹੀ ਹੁੰਦੇ ਹਨ। ‘ਪੰਜਾਬੀ ਪਰਵਾਜ਼’ ਦੇ ਪੰਨਿਆਂ ਉਤੇ ਬੌਧਿਕ ਵਿਚਾਰਾਂ ਸਮੇਤ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਚਰਚਾਵਾਂ ਅਤੇ ਭਾਈਚਾਰਕ, ਸਮਾਜਿਕ, ਧਾਰਮਿਕ ਤੇ ਸਿਆਸੀ ਸਰਗਰਮੀਆਂ ਨੂੰ ਪਾਠਕਾਂ ਅੱਗੇ ਪੇਸ਼ ਕਰਨ ਪ੍ਰਤੀ ਪਹੁੰਚ ਅਪਨਾਉਣ ਦਾ ਤਹੱਈਆ ਹੈ।

ਉਂਝ ਇਹ ਦਾਅਵਾ ਤਾਂ ਅਸੀਂ ਕਤੱਈ ਨਹੀਂ ਕਰਦੇ ਕਿ ਪਾਠਕ ‘ਪੰਜਾਬੀ ਪਰਵਾਜ਼’ ਵਿੱਚ ਛਪਦੇ ਸਾਰੇ ਹੀ ਵਿਚਾਰਾਂ ਨਾਲ ਸਹਿਮਤ ਹੋਣ; ਕਿਉਂਕਿ ਭਾਈਚਾਰੇ ਵਿੱਚ ਜਾਂ ਆਲੇ-ਦੁਆਲੇ ਦੇ ਨਕਾਰਾਤਮਕ ਪੱਖਾਂ ਨੂੰ ਜੇ ਅਸੀਂ ਉਜਾਗਰ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਕੁਝ ਲੋਕ ਅਸਹਿਮਤ ਹੋਣ ਕਰ ਕੇ ਵਿਰੋਧ ਦੀਆਂ ਕੁਝ ਸੁਰਾਂ ਉਠ ਪੈਂਦੀਆਂ ਹਨ, ਜਦਕਿ ਸਾਡਾ ਮੰਨਣਾ ਹੈ ਕਿ ਹਾਂ-ਪੱਖੀ ਤੇ ਨਾਂਹ-ਪੱਖੀ ਗੱਲਾਂ ਨੂੰ ਵਿਚਾਰ ਕੇ ਹੀ ਭਵਿੱਖ ਵਿੱਚ ਭਾਈਚਾਰੇ ਦੀ ਬਿਹਤਰੀ ਲਈ ਅੱਗੇ ਵਧਿਆ ਜਾ ਸਕਦਾ ਹੈ। ਨਿਰਸੰਦੇਹ ਭਾਈਚਾਰਕ ਸੰਸਥਾਵਾਂ ਪੰਜਾਬ ਨਾਲ ਜੁੜੀਆਂ ਹੋਣ ਕਾਰਨ ਆਪਣੇ ਲੋਕਾਂ ਨੂੰ ਪੰਜਾਬੀਅਤ ਦੀ ਤੰਦ ਨਾਲ ਬੰਨ੍ਹਣ ਲਈ ਯਤਨਸ਼ੀਲ ਹਨ, ਪਰ ਜਿੱਥੇ ਕਿਤੇ ਕੁਝ ਊਣਤਾਈਆਂ ਆ ਰਹੀਆਂ ਹਨ, ਭਾਈਚਾਰੇ ਦੇ ਸੁਜੱਗ ਲੋਕਾਂ ਨੂੰ ਉਨ੍ਹਾਂ ’ਤੇ ਵਿਚਾਰ ਕਰਨ ਦੀ ਲੋੜ ਜ਼ਰੂਰ ਹੈ- ਉਹ ਭਾਵੇਂ ਸਮਾਜਿਕ, ਸੱਭਿਆਚਾਰਕ ਜਾਂ ਖੇਡ ਖੇਤਰ ਹੋਵੇ ਜਾਂ ਫਿਰ ਧਾਰਮਿਕ ਖੇਤਰ ਹੀ ਕਿਉਂ ਨਾ ਹੋਵੇ!

ਖ਼ੈਰ! ਅਖਬਾਰੀ ਸਫਰ ‘ਚ ਸਾਨੂੰ ਪਾਠਕਾਂ, ਲੇਖਕਾਂ, ਸਾਹਿਤਕਾਰਾਂ, ਪੱਤਰਕਾਰਾਂ, ਪੜਚੋਲਕਰਤਾਵਾਂ, ਸਹਿਯੋਗੀਆਂ- ਭਾਵ ਸਭਨਾਂ ਦੇ ਸਹਿਯੋਗ ਦੀ ਬੇਅੰਤ ਲੋੜ ਪਹਿਲੇ ਦਿਨ ਤੋਂ ਹੀ ਸੀ, ਹੁਣ ਵੀ ਹੈ ਤੇ ਭਵਿੱਖ ਵਿੱਚ ਵੀ ਰਹੇਗੀ; ਤਾਂ ਜੋ ਪੰਜਾਬੀ ਬੋਲੀ ਵਿੱਚ ਸੇਵਾ ਨਿਭਾਉਂਦਿਆਂ ਪੰਜਾਬੀ ਭਾਸ਼ਾ ਪ੍ਰਤੀ ਆਪਣਾ ਤੇ ਤੁਹਾਡਾ ਲਗਾਓ ਬਰਕਰਾਰ ਰੱਖਣ ਅਤੇ ਆਪਣੀ ਅਗਲੀ ਪੀੜ੍ਹੀ ਨੂੰ ਨਾਲ ਜੋੜਨ ਲਈ ਸਿਰਜਣਾਤਮਿਕ ਯਤਨ ਕਰਦੇ ਰਹੀਏ। ‘ਪੰਜਾਬੀ ਪਰਵਾਜ਼’ ਦਾ ਇਹ ਤਰੱਦਦ ਜਾਰੀ ਹੈ ਤੇ ਤੁਹਾਡੇ ਹੁੰਗਾਰੇ ਦੀ ਉਡੀਕ ਵੀ...।

⇒ ਸਬੰਧਤ ਲਿਖਤਾਂ ਅਗਲੇ ਸਫੇ ਉਤੇ ਪੜ੍ਹੋ

## ‘ਪੰਜਾਬੀ ਪਰਵਾਜ਼ ਨਾਈਟ’ PUNJABI PARWAZ NIGHT

### ਮਾਣਯੋਗ ਸਪਾਂਸਰ



ਧਰਮਿੰਦਰ ਸਿੰਘ ਖੱਟੜਾ | ਕੁਲਦੀਪ ਸਿੰਘ ਲੰਗ | ਸਤਵਿੰਦਰ ਸੱਤਾ ਧਨੇਸਰ | ਜੱਗਾ ਬਾਜਵਾ | ਜੱਸੀ ਧਾਲੀਵਾਲ | ਬਲਦੀਪ ਸਿੰਘ ਮਾਨ | ਅਵਤਾਰ ਸਿੰਘ ਮਿਸ਼ੀਗਨ | ਮਨਜਿੰਦਰ ਸਿੰਘ ਬੈਨੀਪਾਲ | ਕੁਲਵਿੰਦਰ ਸਿੰਘ ਗਿੱਲ | ਸਿਕੰਦਰ ਸਿੰਘ ਔਜਲਾ | ਸੁਖਬੀਰ ਸਿੰਘ ਸੋਹੀ




ਨਵਤੇਜ ਸਿੰਘ ਸੋਹੀ | ਬਿਕਰਮ ਸਿੰਘ ਸੋਹੀ | ਗੁਰਪ੍ਰੀਤ ਸਿੰਘ ਸਿੱਧੂ | ਅੰਮ੍ਰਿਤਪਾਲ ਮਾਂਗਟ | ਇੰਦਰ ਵਿਰਕ | ਹਰਵਿੰਦਰ ਸਿੰਘ ਘੋਤੜਾ | ਹਰਜਿੰਦਰ ਸਿੰਘ ਜਿੰਦੀ | ਸੁਖਵਿੰਦਰ ਸਿੰਘ ਘੱਗਰ | ਜਸਕਰਨ ਧਾਲੀਵਾਲ | ਅੰਮ੍ਰਿਤਪਾਲ ਸੰਘਾ | ਮਨਰਾਜ ਸਿੰਘ ਗਰੇਵਾਲ



ਹੈਰੀ ਮੋਹਨ ਸ਼ਰਮਾ | ਜਸਬੀਰ ਸਿੰਘ ਰੰਧਾਵਾ | ਸੁਖਜਿੰਦਰ ਸਿੰਘ ਰੰਧਾਵਾ | ਬਲਦੇਵ ਸਿੰਘ ਰਾਜੂ | ਮੇਜਰ ਸਿੰਘ ਢਿੱਲੋਂ | ਹਰਵਿੰਦਰਪਾਲ ਸਿੰਘ ਲੈਲ | ਰਵਿੰਦਰ ਸਿੰਘ ਸੇਖੋਂ | ਤਰਲੋਚਨ ਸਿੰਘ ਗਿੱਲ | ਧਰਮਿੰਦਰ ਬਾਠ



ਹਰਿੰਦਰ ਧਾਲੀਵਾਲ | ਸੁਖਜੀਤ ਬਰਾੜ | ਤੇਜਿੰਦਰ ਜਿੱਪੀ | ਮਨਮੀਤ ਜੌਲੀ | ਪਰਮਜੀਤ ਸਿੰਘ | ਰਾਕੇਸ਼ ਰੇਹਾਨ | ਦੀਪਕ ਛੀਨਾ | ਬਲਜੀਤ ਬਰਾੜ | ਜਸਵੰਤ ਸਿੰਘ



ਪਰਮਜੋਤ (ਜੋਤੀ) ਪਰਮਾਰ ਅਤੇ ਦਲਵੀਰ ਕੌਰ ਪਰਮਾਰ

*ਸਹਿਯੋਗੀ ਸੰਸਥਾਵਾਂ: ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪਾਓ) ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਪੰਜਾਬੀ ਅਮੈਰਿਕਨ ਯੂਥ ਕਲੱਬ ਇੰਡੀਆਨਾ; ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ (ਓਹਾਇਓ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ (ਪੀ.ਸੀ.ਓ.) ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ (ਮਿਲਵਾਕੀ); ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ (ਇੰਡੀਆਨਾ); ‘ਰੰਗਲਾ ਪੰਜਾਬ ਫੌਕਸ ਵੈਲੀ’ (ਵਿਸਕਾਨਸਿਨ); ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ‘ਸਵੇਰਾ’ ਇੰਕ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਸ਼ਿਕਾਗੋ।

ਹੋਰ ਜਾਣਕਾਰੀ ਲਈ ਸੰਪਰਕ ਕਰੋ, ਫੋਨ: 224-386-4548 ਜਾਂ ਈਮੇਲ: punjabiparwaz@gmail.com

**ਇਸ ਸਾਲ ਦੀ 'ਪੰਜਾਬੀ ਪਰਵਾਜ਼ ਨਾਈਟ' ਦੇ ਮੁੱਖ ਬੁਲਾਰਿਆਂ- ਐਸ. ਅਸ਼ੋਕ ਭੌਰਾ ਤੇ ਰਵਿੰਦਰ ਸਹਿਰਾਅ ਬਾਰੇ ਹੇਠਲੀਆਂ ਲਿਖਤਾਂ ਅਤੇ ਗਾਇਕ ਸੱਤੀ ਸਤਵਿੰਦਰ ਬਾਰੇ ਸੰਖੇਪ ਜਾਣਕਾਰੀ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ...**

# ਐਸ. ਅਸ਼ੋਕ ਭੌਰਾ: ਪ੍ਰੋ. ਗੁਰਭਜਨ ਗਿੱਲ ਦੇ ਸ਼ਬਦਾਂ ਵਿੱਚ...

ਮੈਂ ਉਪਰੋਥਲੀ ਅਮਰੀਕਾ ਅਤੇ ਕੈਨੇਡਾ ਦੇ ਕਈ ਗੇੜੇ ਮਾਰੇ ਹਨ, ਸਾਹਿਤ ਨਾਲ ਤੇਹ ਅਤੇ ਕਵਿਤਾ ਨਾਲ ਸਨੇਹ, ਕਾਵਿ ਰਚਨਾ ਦੇ ਹੁਨਰ ਕਰਕੇ ਪਰਵਾਸੀ ਪੰਜਾਬੀ ਸਾਹਿਤ ਜਗਤ ਵਿੱਚ ਮੈਨੂੰ ਖੁੱਲ੍ਹ ਕੇ ਅਤੇ ਖੁੱਭ ਕੇ ਵਿਚਰਨ ਦਾ ਮੌਕਾ ਮਿਲਦਾ ਰਿਹਾ ਹੈ; ਤੇ ਹੁਣ ਤੱਕ ਮੈਂ ਅਸ਼ੋਕ ਭੌਰੇ ਦੀਆਂ ਸਾਰੀਆਂ ਲਿਖਤਾਂ ਨੂੰ ਪੰਜਾਬ ਵਿੱਚ ਵੀ ਪੜ੍ਹਦਾ ਰਿਹਾ ਹਾਂ, ਪਰਵਾਸੀ ਪੰਜਾਬੀ ਪਾਠਕਾਂ ਵੱਲੋਂ ਹਰ ਥਾਂ ਉਸ ਦੇ ਲੇਖਾਂ ਨੂੰ ਉਡੀਕਦਿਆਂ ਖੁਦ ਵੇਖਿਆ ਹੈ। ਉਹਦਾ ਹਫਤਾਵਾਰੀ ਕਾਲਮ ਕਿਸੇ ਵਿਸ਼ਾ ਵਿਸ਼ੇਸ਼ 'ਤੇ ਕੇਂਦਰਿਤ ਹੋਣ ਦੀ ਥਾਂ ਵਗਦੇ ਦਰਿਆ ਵਾਂਗ ਬਹੁਤ ਵਾਰ ਵਹਿਣ ਬਦਲ ਜਾਂਦਾ ਹੈ ਅਤੇ ਦਰਿਆਈ ਮੌਜ ਵਾਂਗ ਆਪਣੀ ਰਫਤਾਰ ਖੁਦ ਨਿਸ਼ਚਿਤ ਕਰਦਾ ਹੈ। ਅਸ਼ੋਕ ਜਦੋਂ ਪੰਜਾਬ ਵਿੱਚ ਵਸਦਾ ਸੀ ਤਾਂ ਇਸ ਦੀ ਮੁਹਾਰਤ ਦਾ ਖੇਤਰ ਲੋਕ ਸਾਹਿਤ, ਸੰਗੀਤ, ਸੱਭਿਆਚਾਰ ਅਤੇ ਪੇਂਡੂ ਜ਼ਿੰਦਗੀ ਦੇ ਉਹ ਜੀਵੰਤ ਕਿਰਦਾਰ ਹੁੰਦੇ ਹਨ, ਜਿਨ੍ਹਾਂ ਸਦਕਾ ਪੰਜਾਬ ਨੂੰ ਸੱਭਿਆਚਾਰ ਦਾ ਪੰਘੂੜਾ ਗਿਣਿਆ ਜਾਂਦਾ ਹੈ।

ਹੁਣ ਅਸ਼ੋਕ ਭੌਰਾ ਪੰਜਾਬੀ ਤਾਂ ਹੈ, ਪਰ ਭਾਰਤੀ ਪੰਜਾਬੀ ਨਹੀਂ। ਅਮਰੀਕਨ ਪੰਜਾਬੀ ਬਣ ਕੇ ਉਸ ਦੇ ਸਰੋਕਾਰ ਵੀ ਗਲੋਬਲ ਹੋ ਗਏ ਹਨ। ਉਸ ਦੇ ਵਿਸ਼ਾ ਚੋਣ ਵਿੱਚ ਵੀ ਵੰਨ-ਸੁਵੰਨਤਾ ਆਈ ਹੈ। ਚੰਗੀ ਗੱਲ ਹੈ ਕਿ ਉਹ ਕਿਸੇ ਵੀ ਵਿਸ਼ੇ 'ਤੇ ਗੱਲ ਕਰਨ ਲੱਗਿਆਂ ਮਿਸਾਲਾਂ ਇਸ ਪੰਜਾਬ ਦੇ ਸੱਭਿਆਚਾਰ ਵਿੱਚੋਂ ਹੀ ਚੁਣਦਾ ਹੈ। ਉਸ ਦੇ ਸਿਰਲੇਖ ਦਿਲ-ਖਿੱਚਵੇਂ ਤਾਂ ਹੁੰਦੇ ਹੀ ਹਨ, ਦਿਲ ਟੁੰਬਵੇਂ ਵੀ ਬਣ ਜਾਂਦੇ ਹਨ, ਕਿਉਂਕਿ ਆਪਣੇ ਲੇਖ ਸ਼ਬਦਾਂ ਦੇ ਸਹਾਰੇ ਚਿਣਦਾ ਹੈ, ਪਰ ਰੂਹ ਦੀ ਭਾਵਨਾ ਨੂੰ ਨਾਲੋ ਨਾਲ ਜੋੜਦਾ ਹੈ। ਇਸੇ ਕਰਕੇ ਉਸ ਦੀ ਲਿਖਤ ਨੂੰ ਸਿਰਫ ਪੰਜਾਬੀ ਨੌਜਵਾਨ ਹੀ ਪ੍ਰਵਾਨ ਨਹੀਂ ਕਰਦੇ, ਸਗੋਂ ਬਜ਼ੁਰਗ ਵੀ ਚਾਹ ਕੇ ਪੜ੍ਹਦੇ ਹਨ। ਉਮਰ ਦੇ ਜਿਸ ਮੁਕਾਮ 'ਤੇ ਉਹ ਇਸ ਵੇਲੇ ਬੈਠਾ ਹੈ, ਉਸ ਨਾਲ ਉਸ ਦਾ ਸੁਚੇਤ ਤਜਰਬਾ 40 ਕੁ ਵਰ੍ਹਿਆਂ ਤੋਂ ਵੱਧ ਨਹੀਂ, ਪਰ ਲਿਖਤ ਵਿੱਚੋਂ ਉਹ 100 ਸਾਲ ਦੇ ਤਜਰਬੇ ਵਾਲਾ ਬਾਬਾ ਬੋਹੜ ਲੱਗਦਾ ਹੈ। ਮਿਸਾਲਾਂ ਦੇਣ ਲੱਗਿਆਂ ਉਹ ਇਤਿਹਾਸ ਦੀਆਂ ਪਰਤਾਂ ਨੂੰ ਇੰਨੀ ਕਾਮਯਾਬੀ ਨਾਲ ਫੋਲਦਾ ਹੈ ਕਿ ਗਹਿਰ-ਗੰਭੀਰ ਚਿੰਤਕ ਜਾਪਦਾ ਹੈ। ਘਟਨਾਵਾਂ-ਦੁਰਘਟਨਾਵਾਂ ਦੇ ਚੱਕਰਵਿਊ ਨੇ ਉਸ ਨੂੰ ਬਹੁਤ ਸਿਆਣਾ ਕਰ ਦਿੱਤਾ ਹੈ। ਉਸ ਦੀਆਂ ਲਿਖਤਾਂ ਦੇ ਕੁਝ ਰੰਗ ਦੇਖੋ ਯੂਨਾਈਟਿਡ ਅਰਬ ਅਮੀਰਾਤ ਵਿੱਚ ਨਿੱਕੇ ਜਿਹੇ ਕਲੇਸ਼ ਤੋਂ ਫਾਂਸੀ ਦੀ ਸਜ਼ਾ ਵਿੱਚ ਫਸੇ ਪੰਜਾਬੀ ਨੌਜਵਾਨਾਂ ਦੀ ਪੈਰਵੀ ਕਰਦਿਆਂ ਉਸ ਦਾ ਲੇਖ 'ਹਾੜਾ ਵੇ ਏਡਾ ਜ਼ੁਲਮ ਨਾ ਕਰ ਹਾਕਮਾ' ਵਿੱਚ ਇਤਿਹਾਸਕ ਘਟਨਾਵਾਂ ਦੇ ਹਵਾਲੇ ਨਾਲ ਆਪਣੀ ਗੱਲ ਆਖੀ। ਉਨ੍ਹਾਂ ਮੁਲਕਾਂ ਦੀ ਸੱਭਿਆਚਾਰਕ ਹਸਤੀ ਦਾ ਜ਼ਿਕਰ ਕਰਦਿਆਂ ਉਹ ਦੱਸਦਾ ਹੈ, 'ਮੰਨੋਗੇ ਕਿ ਚੱਪਲਾਂ ਪਾ ਕੇ ਬੱਕਰੀਆਂ ਚਾਰਨ ਵਾਲੇ ਬੱਦੂਆਂ ਦੇ ਭਾਗ ਉਦੋਂ ਜਾਗੇ ਜਦੋਂ ਅਰਬ ਮੁਲਕਾਂ ਵਿੱਚ ਕਾਲੇ ਸੋਨੇ ਯਾਨੀ ਕਿ ਤੇਲ ਦੀ ਸਰਦਾਰੀ ਹੋ ਗਈ।' ਜੰਗਲ ਦੇ ਰਾਜ ਵਰਗੇ ਹਾਲਾਤ ਨਾਲ ਸਿੱਝਣ ਲਈ ਉਹ ਅਰਬ ਦੇਸ਼ਾਂ ਦੀ ਰੂਹ ਨੂੰ ਇਸਲਾਮ ਦਾ ਹਵਾਲਾ ਦੇ ਕੇ ਜੋੜਦਾ ਹੈ।



ਮਮਤਾ ਦਾ ਮਾਂ ਦਾ ਰਿਸ਼ਤਾ ਬਿਆਨਦਿਆਂ ਉਹ ਹਜ਼ਰਤ ਮੁਹੰਮਦ ਸਾਹਿਬ, ਨੈਪੋਲੀਅਨ, ਪ੍ਰੋਫੈਸਰ ਮੋਹਨ ਸਿੰਘ ਅਤੇ ਧਰਤੀ ਦੀਆਂ ਮਹੱਤਵਪੂਰਨ ਹਸਤੀਆਂ ਦੇ ਹਵਾਲੇ ਨਾਲ ਕੁੱਖ ਦੀ ਸਲਾਮਤੀ ਲਈ ਦੁਆ ਕਰਦਾ ਹੈ। ਅੰਤਰਰਾਸ਼ਟਰੀ ਅਤਿਵਾਦ ਦੇ ਖਿਲਾਫ ਉਸ ਦੀ ਕਲਮ ਵਾਰ ਵਾਰ ਹਮਲਾਵਰ ਰੁਖ ਗ੍ਰਹਿਣ ਕਰਦੀ ਹੈ। ਧੀਆਂ ਦੀ ਪੌੜੀ ਵਜੋਂ ਵਰਤੋਂ ਨੂੰ ਉਹ ਗੁਨਾਹ ਵਾਂਗ ਵੇਖਦਾ ਹੈ ਅਤੇ ਦੋਆਬਾ ਖੇਤਰ ਦੀ ਸੱਭਿਆਚਾਰਕ ਤਬਾਹੀ ਨੂੰ ਪਰਦੇਸ ਮੋਹ ਵਜੋਂ ਪਛਾਣਦਾ ਹੈ। ਭ੍ਰਿਸ਼ਟ ਨਿਜ਼ਾਮ ਵੀ ਉਸ ਦੀ ਕਲਮ ਦਾ ਸ਼ਿਕਾਰ ਹੁੰਦਾ ਹੈ। ਸਮੱਸਿਆਵਾਂ ਵਿੱਚ ਘਿਰੇ ਪੰਜਾਬੀ ਮਨ ਨੂੰ ਉਹ ਪਸ਼ੂਆਂ ਦੇ ਹਵਾਲੇ ਨਾਲ ਨਿਤਾਰਦਾ ਹੈ ਅਤੇ ਕੁਝ ਅਜਿਹੇ ਮਸਲੇ ਨਜਿੱਠਣ ਵਿੱਚ ਕਾਮਯਾਬ ਹੁੰਦਾ ਹੈ, ਜਿਨ੍ਹਾਂ ਦਾ ਉੱਤਰ ਮਨੁੱਖਾਂ ਕੋਲ ਨਹੀਂ, ਸਿਰਫ ਪਸ਼ੂਆਂ-ਪੰਛੀਆਂ ਕੋਲ ਹੈ। ਬੇਗਰਜ਼, ਲੋਭਹੀਣ, ਇਮਾਨਦਾਰ, ਮਾਰਧਾੜ ਰਹਿਤ ਨਿਜ਼ਾਮ ਉਸਾਰਨ ਲਈ ਉਹ ਪ੍ਰੇਰਕ ਬਣਦਾ ਹੈ।

ਕੁਝ ਗੀਤਕਾਰਾਂ ਦੇ ਜੀਵਨ ਹਵਾਲਿਆਂ ਦੀ ਪੇਸ਼ਕਾਰੀ ਕਰਨ ਲੱਗਿਆਂ ਸਾਨੂੰ ਵੱਖ ਵੱਖ ਇਲਾਕਿਆਂ ਦੀ ਲੋਕਧਾਰਾ ਦੇ ਸਨਮੁੱਖ ਖੜ੍ਹਾ ਕਰ ਦਿੰਦਾ ਹੈ। ਰਿਸ਼ਤਿਆਂ ਦੀ ਪਵਿੱਤਰ ਤੰਦ ਦੇ ਓਹਲੇ ਵਿੱਚ ਲਾਲਚ ਦੇ ਗਰਜ਼ ਦਾ ਰੂਪ ਵੇਖ ਕੇ ਉਹ ਤੜਫ ਉਠਦਾ ਹੈ। ਆਪਣੇ ਮਿੱਤਰ ਦਾਇਰੇ ਦੇ ਅਧਿਕਾਰੀ ਲੋਕਾਂ ਨੂੰ ਵੀ ਉਹ ਸਲਾਮ ਆਖਣੋਂ ਨਹੀਂ ਖੁੰਝਦਾ। ਮਿੱਤਰ ਭਾਵੇਂ ਕ੍ਰਿਸ਼ਨ ਕੁਮਾਰ ਆਈ.ਏ.ਐਸ. ਜਾਂ ਸਤਵੰਤ ਸਿੰਘ ਜੌਹਲ; ਇਨ੍ਹਾਂ ਵੱਲੋਂ ਕੀਤੇ ਸ਼ੁਭ ਕਾਰਜਾਂ ਨੂੰ ਵੀ ਮੋਟੇ ਅੱਖਰਾਂ ਵਿੱਚ ਬਿਆਨਦਾ ਹੈ।


ਚੰਗੀ ਗੱਲ ਇਹ ਹੈ ਕਿ ਦੂਰ ਬੈਠਾ ਅਸ਼ੋਕ ਭੌਰਾ ਪੰਜਾਬ ਦੀਆਂ ਲੋਕ ਸੱਥਾਂ, ਬਾਬਿਆਂ ਦਾ ਜ਼ਿਕਰ ਕਰਨ ਲੱਗਾ ਇਸ ਨੂੰ ਪਿੰਡਾਂ ਦੀ ਰੌਣਕ ਵਜੋਂ ਚੇਤੇ ਕਰਦਾ ਹੈ। ਉਸ ਨੂੰ ਇਹ ਗੱਲ ਅੱਖਰਦੀ ਹੈ ਕਿ ਪੰਜਾਬ ਪਹਿਲਾਂ ਵਰਗਾ ਕਿਉਂ ਨਹੀਂ ਰਿਹਾ! ਪ੍ਰਮਾਰਥ ਦਾ ਮਾਰਗ ਦੱਸਣ ਵਾਲੇ ਸਾਧਾਂ-ਸੰਤਾਂ ਦੀਆਂ ਲਾਲ ਬੱਤੀਆਂ ਨੂੰ ਵੀ ਉਹ ਦੁਨਿਆਵੀ ਕੋਹੜ ਦੀ ਨਿਸ਼ਾਨੀ ਵਜੋਂ ਦੇਖਦਾ ਹੈ। ਸ਼ਿਵ ਕੁਮਾਰ ਬਟਾਲਵੀ ਨੂੰ ਚੇਤੇ ਕਰਦਿਆਂ ਉਹ ਸੱਭਿਆਚਾਰ ਦੀ ਧਰਤੀ ਦੇ ਨਿਘਾਰ ਨੂੰ ਪਛਾਣਦਾ ਹੈ। ਜ਼ਿੰਦਗੀ, ਮੌਤ ਤੇ ਸੰਘਰਸ਼ ਦਾ ਜ਼ਿਕਰ ਉਸ ਦੀਆਂ ਲਿਖਤਾਂ ਵਿੱਚ ਵਾਰ ਵਾਰ ਆਉਂਦਾ ਹੈ। ਇਸ ਲਈ ਅਸ਼ੋਕ ਭੌਰਾ ਦੀ ਲਿਖਤ ਨੂੰ ਵਕਤ ਦੇ ਦਸਤਾਵੇਜ਼ਾਂ ਵਜੋਂ ਪੜ੍ਹਨ ਦੀ ਲੋੜ ਹੈ। ਤਰਕਸ਼ੀਲ ਸੋਚ ਦਾ ਧਾਰਨੀ ਹੋਣ ਦੇ ਕਾਰਨ ਉਹ ਅੰਧਵਿਸ਼ਵਾਸ ਦੇ ਹਨੇਰੇ ਦੀ ਚਾਦਰ ਚੀਰਦਾ ਹੈ। ਪੰਜਾਬ ਦੀ ਗੱਲ ਕਰਦਾ ਕਰਦਾ ਉਹ ਏਨਾ ਭਾਵੁਕ ਹੋ ਜਾਂਦਾ ਹੈ ਕਿ ਸ਼ਬਦ ਹਉਕੇ ਭਰਦੇ ਸੁਣੇ ਜਾ ਸਕਦੇ ਹਨ। ਉਸ ਦੇ ਇਕੱਲੇ ਇਕੱਲੇ ਲੇਖ ਦੇ ਹਵਾਲੇ ਨਾਲ ਗੱਲ ਕਰਾਂਗਾ ਤਾਂ ਬਾਤ ਬਹੁਤ ਦੂਰ ਚਲੇ ਜਾਵੇਗੀ।

ਅਸ਼ੋਕ ਭੌਰਾ ਦੀ ਵਾਰਤਕ ਰਚਨਾ ਉਸ ਦੇ ਮਨ ਅੰਦਰਲੇ ਵਲਵਲਿਆਂ ਦੀ ਸੱਚੀ-ਸੁੱਚੀ ਪੇਸ਼ਕਾਰੀ ਹੋਣ ਕਾਰਨ ਜਿੱਥੇ ਗਿਆਨ ਦਾ ਸੋਮਾ ਬਣਦੀ ਹੈ, ਉਥੇ ਸਾਨੂੰ ਉਸ ਧਰਤੀ ਦੀਆਂ ਮੂਲ ਸ਼ਕਤੀਆਂ ਨਾਲ ਵੀ ਜੋੜਦੀ ਹੈ। ਦੇਸ਼ ਵਿੱਚ ਬੈਠਾ ਪਾਠਕ ਪਰਦੇਸੀਂ ਬੈਠੇ ਵੀਰ ਦੀ ਮਨੋਦਸ਼ਾ ਨੂੰ ਸਹਿਜੇ ਜਾਣ ਸਕਦਾ ਹੈ ਅਤੇ ਪਰਦਸੀਂ ਬੈਠਾ ਪਾਠਕ ਪੰਜਾਬ ਦੀ ਧਰਤੀ ਦੀਆਂ ਖੂਬਸੂਰਤੀਆਂ ਅਤੇ ਖੁਸ਼ਬੋਈਆਂ ਤੋਂ ਰੂਹ ਨੂੰ ਵਾਕਿਫ ਕਰਵਾ ਸਕਦਾ ਹੈ।

ਅਸ਼ੋਕ ਭੌਰਾ ਦੋਆਬੇ ਦੇ ਨਵਾਂ ਸ਼ਹਿਰ ਖਿੱਤੇ ਦੇ ਪਿੰਡ ਭੌਰਾ ਦਾ ਜੰਮਪਲ ਹੈ। ਕਿੱਤੇ ਪੱਖੋਂ ਇੰਜੀਨੀਅਰ ਅਤੇ ਸ਼ੌਕ ਪੱਖੋਂ ਲੋਕ ਸੰਗੀਤ ਦਾ ਪਾਰਖੂ, ਖੋਜੀ ਲੇਖਕ, ਪੱਤਰਕਾਰ ਅਤੇ ਕਦਰਦਾਨ ਹੈ। ਤਿੰਨ ਦਰਜਨ ਤੋਂ ਵੱਧ ਸਾਲ ਉਸ ਨੇ ਪੰਜਾਬੀ ਲੋਕ ਸੰਗੀਤ ਦੇ ਅੰਗ-ਸੰਗ ਵਿਚਰਦਿਆਂ ਗੁਜ਼ਾਰੇ ਹਨ। ਅਸ਼ੋਕ ਦੀ ਵਾਰਤਕ ਵਿੱਚ ਲੜੀਬੱਧ ਸ਼ਕਤੀ ਅਤੇ ਸਮਰੱਥਾ ਹੈ। ਉਸ ਨੇ ਪਿਛਲੇ ਕਰੀਬ ਚਾਰ ਦਹਾਕਿਆਂ ਵਿੱਚ ਜਿੰਨਾ ਕੰਮ ਪੂਰੀ ਸਰਗਰਮੀ ਨਾਲ ਸਾਹਿਤ, ਸੰਗੀਤ ਅਤੇ ਸੱਭਿਆਚਾਰ ਲਈ ਕੀਤਾ ਹੈ, ਉਸ ਦੀ ਬਾਤ ਆਉਣ ਵਾਲੀਆਂ ਪੰਜਾਬੀ ਨਸਲਾਂ ਪਾਉਂਦੀਆਂ ਹੀ ਰਹਿਣਗੀਆਂ, ਜਦੋਂ ਤੱਕ ਪੰਜਾਬੀ ਜ਼ੁਬਾਨ ਤੇ ਭਾਸ਼ਾ ਜਿਉਂਦੀ ਰਹੇਗੀ। ਉਸਦੇ ਲਿਖਣ ਦੀ ਵਿਧੀ ਅਤੇ ਸ਼ੈਲੀ ਨੂੰ ਮੈਂ ਵੀ ਸਲਾਮ ਕਰਦਾ ਹਾਂ ਅਤੇ ਇਹ ਵੀ ਕਹਾਂਗਾ ਕਿ ਪੰਜਾਬੀ ਦੇ ਬਹੁਤ ਘੱਟ ਲੇਖਕਾਂ ਜਿਨ੍ਹਾਂ ਦਾ ਘੇਰਾ ਅੰਤਰਰਾਸ਼ਟਰੀ ਹੈ, ਜਿਨ੍ਹਾਂ ਨੇ ਉਸ ਨੂੰ ਹਾਲੇ ਤੱਕ ਨਹੀ ਪੜ੍ਹਿਆ, ਉਹ ਜ਼ਰੂਰ ਪੜ੍ਹਨ; ਫਿਰ ਉਨ੍ਹਾਂ ਨੂੰ ਲੱਗੇਗਾ ਕਿ ਜਿੰਨੀਆਂ ਗੱਲਾਂ ਮੈਂ ਕੀਤੀਆਂ ਹਨ, ਉਸ ਨਾਲੋਂ ਕਈ ਗੁਣਾ ਵੱਧ ਮੈਨੂੰ ਕਰਨੀਆਂ ਚਾਹੀਦੀਆਂ ਹਨ।

## ਰਵਿੰਦਰ ਸਹਿਰਾਅ: ਸੰਖੇਪ ਜਾਣ-ਪਛਾਣ

ਜ਼ਿਲ੍ਹਾ ਜਲੰਧਰ ਦੇ ਪਿੰਡ ਹਰਦੋ ਫ਼ਰਾਲਾ ਵਿੱਚ ਜਨਮੇ ਰਵਿੰਦਰ ਸਹਿਰਾਅ ਨੇ ਸਾਹਿਤਕ ਖ਼ੇਤਰ ਵਿੱਚ ਨਿਵੇਕਲੀ ਪਛਾਣ ਬਣਾਈ ਹੋਈ ਹੈ। ਮੁਢਲੀ ਵਿਦਿਆ ਪਿੰਡੋਂ ਕਰਨ ਉਪਰੰਤ ਉਨ੍ਹਾਂ ਰਾਮਗੜ੍ਹੀਆ ਕਾਲਜ ਫਗਵਾੜਾ ਅਤੇ ਖਾਲਸਾ ਕਾਲਜ ਜਲੰਧਰ ਤੋਂ ਉਚੇਰੀ ਪੜ੍ਹਾਈ ਕੀਤੀ। ਉਹ ਰਾਮਗੜ੍ਹੀਆ ਕਾਲਜ ਫਗਵਾੜਾ ਅਤੇ ਖਾਲਸਾ ਕਾਲਜ ਦੇ ਮੈਗਜ਼ੀਨ ਸੰਪਾਦਕ ਵੀ ਰਹੇ। ਕਾਲਜ ਵਿੱਚ ਪੜ੍ਹਦਿਆਂ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਹੇ। ਵਿਦਿਆਰਥੀ ਹੱਕਾਂ ਲਈ ਅਨੇਕਾਂ ਲੜਾਈਆਂ ਲੜੀਆਂ ਅਤੇ ਜੂਨ 1975 ਵਿੱਚ ਜਦੋਂ ਅਚਾਨਕ ਦੇਸ਼ ਵਿੱਚ ਐਮਰਜੈਂਸੀ ਠੋਸ ਦਿੱਤੀ ਗਈ ਤਾਂ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਸਿੱਟੇ ਵਜੋਂ ਰਵਿੰਦਰ ਸਹਿਰਾਅ ਨੂੰ ਵੀ ਹੋਰ ਵਿਦਿਆਰਥੀ ਆਗੂਆਂ ਸਮੇਤ ਮੀਸਾ (MISA) ਅਧੀਨ ਨਜ਼ਰਬੰਦ ਕਰ ਦਿੱਤਾ ਗਿਆ। 1977 'ਚ ਜਨਤਾ ਸਰਕਾਰ ਬਣਨ ਉਪਰੰਤ ਹੀ ਰਿਹਾਅ ਕੀਤਾ ਗਿਆ।



ਕਾਲਜ ਪੜ੍ਹਦਿਆਂ ਹੀ ਉਨ੍ਹਾਂ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਵੀ ਚੁਣਿਆ ਗਿਆ, ਜੋ ਸ਼ਾਇਦ ਪੰਜਾਬ ਦਾ ਪਹਿਲਾ ਘੱਟ ਉਮਰ ਦਾ ਅਤੇ ਕਿਸੇ ਵਿਦਿਆਰਥੀ ਨੂੰ ਚੁਣਿਆ ਜਾਣਾ ਸੀ। ਪਿੰਡ ਅਤੇ ਇਲਾਕੇ ਵਿੱਚ ਉਨ੍ਹਾਂ ਨੇ ਜ਼ਿਕਰਯੋਗ ਤਬਦੀਲੀਆਂ ਲਿਆਂਦੀਆਂ, ਜਿਸ ਨੂੰ ਹੁਣ ਤੱਕ ਵੀ ਲੋਕ ਯਾਦ ਕਰਦੇ ਹਨ।

ਹੁਣ ਤੱਕ ਕਵਿਤਾ ਦੀਆਂ ਉਨ੍ਹਾਂ ਦੀਆਂ ਪੰਜ ਕਿਤਾਬਾਂ, ਦੋ ਵਾਰਤਕ ਦੀਆਂ ਅਤੇ ਛੇ ਸੰਪਾਦ ਕੀਤੀਆਂ ਕਿਤਾਬਾਂ ਛਪ ਚੁਕੀਆਂ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਉਸ ਨੂੰ 'ਸ਼੍ਰੋਮਣੀ ਪੰਜਾਬੀ ਕਵੀ (ਵਿਦੇਸ਼ੀ)' ਵੀ ਐਲਾਨਿਆ ਗਿਆ। ਉਨ੍ਹਾਂ ਦੀ ਕਵਿਤਾ ਉਪਰ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਐਮ.ਫਿਲ. ਅਤੇ ਪੀਐਚ.ਡੀ. ਦੇ ਖੋਜ ਪੱਤਰ ਵੀ ਲਿਖੇ ਜਾ ਚੁਕੇ ਹਨ। 1984 ਵਿੱਚ ਅਮਰੀਕਾ ਆਉਣ 'ਤੇ ਵੀ ਉਨ੍ਹਾਂ ਨੇ ਆਪਣੀਆਂ ਸਾਹਿਤਕ ਸਰਗਰਮੀਆਂ ਜਾਰੀ ਰੱਖੀਆਂ। ਮੈਰੀਲੈਂਡ ਸਟੇਟ ਦੇ ਸ਼ਹਿਰ ਬਾਲਟੀਮੋਰ ਵਿੱਚ ਉਨ੍ਹਾਂ ਨੇ 'ਪੰਜਾਬੀ ਸੁਸਾਇਟੀ ਬਾਲਟੀਮੋਰ' ਨਾਂ ਦੀ ਸੰਸਥਾ ਬਣਾਈ, ਜਿਸ ਵੱਲੋਂ ਨਾਮੀ ਸਾਹਿਤਕਾਰਾਂ ਨੂੰ ਬੁਲਾਇਆ ਅਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਹੱਥ ਲਿਖਤ ਮਾਸਿਕ ਪਰਚਾ 'ਦਸਤਕ' ਵੀ ਕਈ ਸਾਲ ਕੱਢਿਆ।

ਵਾਸ਼ਿੰਗਟਨ ਡੀ.ਸੀ. ਵਿੱਚ ਲਹਿੰਦੇ ਪੰਜਾਬ ਦੇ ਅਦੀਬਾਂ ਵੱਲੋਂ ਬਣਾਈ ਗਈ ਸੰਸਥਾ ਅਪਨਾ (APNA) ਅਕੈਡਮੀ ਆਫ ਪੰਜਾਬ ਇਨ ਨੌਰਥ ਅਮੈਰਿਕਾ ਵਿੱਚ ਉਨ੍ਹਾਂ ਸਰਗਰਮੀ ਨਾਲ ਹਿੱਸਾ ਲਿਆ, ਜਿਸ ਵੱਲੋਂ ਕਈ ਆਲਮੀ ਕਾਨਫਰੰਸਾਂ ਵੀ ਕਰਵਾਈਆਂ ਗਈਆਂ। ਕਰਤਾਰ ਸਿੰਘ ਦੁੱਗਲ, ਰਘਬੀਰ ਸਿੰਘ ਸਿਰਜਣਾ, ਅਮਰਜੀਤ ਚੰਦਨ, ਮਜ਼ਹਰ ਤਿਰਮਜ਼ੀ, ਮੁਸ਼ਤਾਕ ਸੂਫ਼ੀ, ਸਾਧੂ ਬਿਨਿੰਗ, ਸੁਖਵੰਤ ਹੁੰਦਲ, ਓਂਕਾਰਪ੍ਰੀਤ, ਕੁਲਵਿੰਦਰ ਖ਼ਹਿਰਾ ਅਤੇ ਇਰਫ਼ਾਨ ਮਲਿਕ ਵਰਗੇ ਵੱਡੇ ਨਾਂਵਾਂ ਵਾਲੇ ਸਾਹਿਤਕਾਰਾਂ ਨੇ ਇਨ੍ਹਾਂ ਕਾਨਫਰੰਸਾਂ ਵਿੱਚ ਸ਼ਿਰਕਤ ਕੀਤੀ। ਦੇਸ਼ ਅਤੇ ਵਿਦੇਸ਼ ਵਿੱਚ ਵੀ ਉਨ੍ਹਾਂ ਦੀ ਸਿਰਜਣਾ ਨੂੰ ਮਾਨਤਾ ਮਿਲ ਚੁਕੀ ਹੈ। ਉਨ੍ਹਾਂ ਦੀਆਂ ਕਵਿਤਾ ਅਤੇ ਵਾਰਤਕ ਕਿਤਾਬਾਂ ਨੂੰ ਲਹਿੰਦੇ ਪੰਜਾਬ ਵਿੱਚ ਸ਼ਾਹਮੁਖੀ ਵਿੱਚ ਵੀ ਉਲਥਾਇਆ ਗਿਆ ਹੈ। ਉਨ੍ਹਾਂ ਨੂੰ ਓਧਰ ਵਸਦੇ ਪੰਜਾਬ ਵਿੱਚ ਵੀ ਭਰਵਾਂ ਹੁੰਗਾਰਾ ਮਿਲਿਆ।

ਗਲੋਬਲ ਪੰਜਾਬੀ ਮਿਲਾਪ ਸ਼ਿਕਾਗੋ, ਕੌਮਾਂਤਰੀ ਮਾਂ ਬੋਲੀ ਦਿਹਾੜਾ ਸ਼ਿਕਾਗੋ, ਵਿਸ਼ਵ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ, ਪੰਜਾਬ ਭਵਨ ਵੈਨਕੂਵਰ, ਗੁਲਸ਼ਨ ਰੇਡੀਓ ਯੂ.ਕੇ. ਤੇ ਹੋਰ ਪੰਜਾਬੀ ਅਖਬਾਰ; ਰਚਨਾ ਵਿਚਾਰ ਮੰਚ ਨਾਭਾ, ਜਲ੍ਹਿਆਂਵਾਲਾ ਬਾਗ ਮੈਮੋਰੀਅਲ ਕਮੇਟੀ ਮੈਰੀਲੈਂਡ, ਪੰਜਾਬੀ ਵਿਰਸਾ ਟਰੱਸਟ ਫਗਵਾੜਾ, ਸ਼ਹੀਦ ਕਰਤਾਰ ਸਿੰਘ ਸਰਾਭਾ ਕਮੇਟੀ (ਟੋਰਾਂਟੋ), ਰਾਮਗੜ੍ਹੀਆ ਸਿੰਘ ਫਾਊਂਡੇਸ਼ਨ (ਓਂਟਾਰੀਓ) ਆਦਿ ਸੰਸਥਾਵਾਂ ਵੱਲੋਂ ਰਵਿੰਦਰ ਸਹਿਰਾਅ ਨੂੰ ਸਮੇਂ ਸਮੇਂ ਸਨਮਾਨਿਤ ਕੀਤਾ ਗਿਆ ਹੈ। ਅੱਜ ਕੱਲ੍ਹ ਉਹ ਚੈਸਟਰਸਨ (ਇੰਡੀਆਨਾ) ਵਿੱਚ ਕਿਆਮ ਕਰ ਰਹੇ ਹਨ। ਹਾਲ ਹੀ ਵਿੱਚ ਉਨ੍ਹਾਂ ਦੀ ਅਗਵਾਈ ਵਿੱਚ ਕਰਾਊਨ ਪੁਆਇੰਟ ਵਿੱਚ 'ਪੰਜਾਬੀ ਸਕੂਲ' ਵੀ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਬੱਚਿਆਂ ਨੂੰ ਪੈਂਤੀ ਅੱਖਰ ਪੜ੍ਹਨ-ਲਿਖਣ ਦੇ ਨਾਲ ਨਾਲ ਸਿੱਖ ਇਤਿਹਾਸ, ਅਮਰੀਕਨ ਇਤਿਹਾਸ ਅਤੇ ਪੰਜਾਬੀ ਸਾਹਿਤ ਨਾਲ ਜੋੜਿਆ ਜਾ ਰਿਹਾ ਹੈ।

## ਸੱਤੀ ਸਤਵਿੰਦਰ ਦੀ ਗਾਇਕੀ

ਜਦੋਂ ਜਦੋਂ ਜ਼ਿੰਮੇਵਾਰੀਆਂ ਦਾ ਭਾਰ ਮੋਢਿਆਂ 'ਤੇ ਪੈਂਦਾ ਜਾਂਦਾ ਹੈ ਤਾਂ ਬੰਦਾ ਦ੍ਰਿੜਤਾ ਨਾਲ ਮਿਹਨਤ ਕਰਦਾ ਫਰਜ਼ ਪੂਰੇ ਕਰਨ ਨੂੰ ਪਹਿਲ ਦੇਣ ਲੱਗਦਾ ਹੈ; ਪਰ ਜੇ ਬੰਦੇ ਦੇ ਅੰਦਰ ਫਿਰ ਵੀ ਸ਼ੌਕ ਅੰਗੜਾਈਆਂ ਲੈਣੋਂ ਨਾ ਹਟਣ, ਤਾਂ ਉਹ ਉਨ੍ਹਾਂ ਨੂੰ ਪੂਰਿਆਂ ਕਰਨ ਦਾ ਬੰਨ੍ਹ-ਸੁੱਬ ਵੀ ਕਰਨ ਲੱਗਦਾ ਹੈ। ਸੱਤੀ ਸਤਵਿੰਦਰ ਵੀ ਆਪਣੇ ਸ਼ੌਕ ਨਾਲ ਗਾਇਕੀ ਦੇ ਰਾਹ ਤੁਰਿਆ ਹੋਇਆ ਹੈ। ਬੇਸ਼ੱਕ ਗਾਇਕੀ ਉਸ ਦਾ ਮੁਕੰਮਲ ਕਿੱਤਾ ਨਹੀਂ ਹੈ, ਪਰ ਕਈ ਵਾਰ ਉਹ ਗਾਉਣ ਦੇ ਸ਼ੌਕ ਦਾ ਦੀਵਾ ਜਗਦਾ ਰੱਖਣ ਲਈ ਆਪਣਾ ਕੰਮ ਪਿੱਛੇ ਛੱਡ ਕੇ ਸਫਰਾਂ 'ਤੇ ਤੁਰਿਆ ਰਹਿੰਦਾ ਹੈ; ਪਰ ਗਾਉਣ ਦਾ ਝੱਸ ਪੂਰਾ ਕਰ ਕੇ ਉਸ ਨੂੰ ਸਕੂਨ ਵੀ ਮਿਲਦਾ ਹੈ।



ਸਾਲ 2010 ਵਿੱਚ ਸੱਤੀ ਨੂੰ ਪੀ.ਟੀ.ਸੀ. ਵੱਲੋਂ 'ਬੈਸਟ ਓਰੀਐਂਟਲ ਫੋਕ ਸਿੰਗਰ' (ਲੋਕ ਗਾਇਕ) ਦਾ ਐਵਾਰਡ ਦਿੱਤਾ ਗਿਆ ਸੀ। ਹੁਣ ਉਹ ਇੱਕ ਸਥਾਪਤ ਕਲਾਕਾਰ ਹੈ। ਪੰਜਾਬੀ ਲੋਕ ਗੀਤ ਗਾਉਣ ਤੋਂ ਇਲਾਵਾ ਉਹ ਹਰਿਆਣਵੀ ਤੇ ਹਿੰਦੀ ਸੰਗੀਤ ਜਗਤ ਨਾਲ ਵੀ ਜੁੜਿਆ ਹੋਇਆ ਹੈ। ਸੱਤੀ ਦਾ ਮੰਨਣਾ ਹੈ ਕਿ ਸੰਗੀਤ ਖੇਤਰ ਵਿੱਚ ਉਸ ਦਾ ਕੰਮ ਵਿਰਾਸਤੀ ਜੜ੍ਹਾਂ ਨਾਲ ਜੁੜਿਆ ਹੋਇਆ ਹੈ ਅਤੇ ਆਨਲਾਈਨ ਉਤੇ ਉਸ ਦੀ ਮੌਜੂਦਗੀ ਮਹੱਤਵਪੂਰਨ ਹੈ। ਉਸਦਾ ਸੰਗੀਤ ਐਪਲ ਮਿਊਜ਼ਿਕ ਵਰਗੇ ਪਲੈਟਫਾਰਮਾਂ 'ਤੇ ਵੀ ਉਪਲਬਧ ਹੈ, ਜਿਸ ਵਿੱਚ 'ਬਾਪੂ ਤੇਰੇ ਕਰਕੇ' ਅਤੇ ਕਿਸਾਨੀ ਸੰਘਰਸ਼ ਦੌਰਾਨ ਦੇਸ-ਵਿਦੇਸ਼ ਦੇ ਪੰਜਾਬੀਆਂ ਵੱਲੋਂ ਲਾਏ ਲੰਗਰ ਦਾ ਵਿਰੋਧ ਕਰਨ ਵਾਲਿਆਂ ਖ਼ਿਲਾਫ ਵਿਅੰਗਾਤਮਕ ਗੀਤ 'ਲੰਗਰ' ਵਰਗੇ ਵਿਸ਼ੇਸ਼ ਟਰੈਕ ਸ਼ਾਮਲ ਹਨ। ਉਸ ਦੇ ਹੋਰ ਚਰਚਿਤ ਗੀਤ 'ਵੀਰ ਦਾ ਵਿਆਹ', 'ਗੱਭਰੂ ਦੀ ਸਰਦਾਰੀ', 'ਛਵੀਆਂ-ਗੰਡਾਸੀਆਂ' ਅਤੇ ਵਿਦੇਸ਼ ਦੀ ਧਰਤੀ 'ਤੇ ਟੈਕਸੀ ਚਲਾਉਂਦੇ ਵੀਰਾਂ ਲਈ 'ਯੈਲੋ ਕੈਬ', 'ਲੰਡਨ-ਚੰਡੀਗੜ੍ਹ' ਆਦਿ ਵੀ ਹਨ। ਉਹ 'ਪਟਾਕੇ' (ਬੋਹੇਮੀਆ ਅਤੇ ਹਾਜੀ ਸਪ੍ਰਿੰਜਰ ਵੱਲੋਂ ਵਿਸ਼ੇਸ਼), 'ਰੇਂਜ', 'ਦੇਸੀ ਸਵੈਗ', 'ਲੱਠ' ਅਤੇ 'ਟਰੇਸ' ਵਰਗੇ ਗੀਤਾਂ ਲਈ ਵੀ ਜਾਣਿਆ ਜਾਂਦਾ ਹੈ। ਇਹ ਟਰੈਕ ਰਵਾਇਤੀ ਲੋਕ ਗੀਤਾਂ ਨੂੰ ਆਧੁਨਿਕ ਬੀਟਾਂ ਨਾਲ ਮਿਲਾਉਂਦੇ ਹਨ, ਜੋ ਯੂਟਿਊਬ ਅਤੇ ਸਾਊਂਡ ਕਲਾਉਡ ਵਰਗੇ ਪਲੇਟਫਾਰਮਾਂ ਰਾਹੀਂ ਜਾਰੀ ਕੀਤੇ ਗਏ ਹਨ।

ਸੱਤੀ ਗਾਇਕੀ ਦੇ ਖੇਤਰ ਵਿੱਚ ਅਨੁ-ਮਨੂ, ਅਮਰ ਜੱਸੜ ਤੇ ਬੋਹੇਮੀਆ ਵਰਗੇ ਕਲਾਕਾਰਾਂ ਦੇ ਨਾਲ ਗੋਇਲ ਮਿਊਜ਼ਿਕ ਅਤੇ ਪਰਿਵਾਰ ਤੇ ਦੋਸਤਾਂ ਦੇ ਸਹਿਯੋਗ ਲਈ ਧੰਨਵਾਦੀ ਹੈ। ਉਹ ਹਰਿਆਣਾ ਦੇ ਜ਼ਿਲ੍ਹਾ ਯਮੁਨਾ ਨਗਰ ਦਾ ਜੰਮਪਲ ਹੈ, ਪਰ ਰਹਿੰਦਾ ਅਮਰੀਕਾ 'ਚ ਹੈ। ਉਸ ਨੇ ਕਰਨਾਲ ਤੋਂ ਗ੍ਰੈਜੂਏਸ਼ਨ ਅਤੇ ਪੀ.ਯੂ.ਸੀ. ਚੰਡੀਗੜ੍ਹ ਤੋਂ ਪੋਸਟ ਗ੍ਰੈਜੂਏਟ ਕੀਤੀ ਹੋਈ ਹੈ। ਮੁੰਡਾ ਬੇਸ਼ੱਕ ਉਹ ਹਰਿਆਣੇ ਦਾ ਹੈ, ਪਰ ਦਿਲੋਂ ਉਹ ਪੰਜਾਬੀ ਹੈ ਤੇ ਉਸ ਨੇ 'ਪੰਜਾਬ ਦੀਆਂ ਵਾਰਾਂ' ਗਈਆਂ ਹਨ। ਉਸ ਦੇ ਹੋਰ ਹਿੱਟ ਗੀਤਾਂ ਵਿੱਚ 'ਮੈਂ ਛੋਰਾ ਹਰਿਆਣੇ ਕਾ', 'ਲੱਠ', 'ਇੱਕ ਕੁੜੀ', 'ਲੱਗਿਆ ਹੋਣਾ ਸੀ ਡੀ.ਸੀ.' 'ਗਿੱਧਾ ਪਾਉਣ ਗੋਰੀਆਂ', 'ਕਾਸ਼! ਜੇ ਵਕਤ ਪਿੱਛੇ ਨੂੰ ਮੁੜ ਜਾਵੇ' ਅਤੇ ਹੋਰ ਕਈ ਟਰੈਕ ਸ਼ਾਮਲ ਹਨ।

ਯਾਦ-ਝਰੋਖਾ

**ਪਰਮਜੀਤ ਢੀਂਗਰਾ**
**ਫੋਨ:+91-9417358120**

# ਜੰਗ ਦੇ ਡਰਾਉਣੇ ਪ੍ਰਛਾਵੇਂ

ਜੰਗਾਂ ਹਮੇਸ਼ਾ ਤਬਾਹੀ ਦਾ ਕਾਰਨ ਬਣਦੀਆਂ ਹਨ। ਅੱਜ ਕੱਲ੍ਹ ਇਹ ਗੱਲ ਬੜੀ ਸਪਸ਼ਟ ਹੈ ਕਿ ਦੇਸ਼ ਜੰਗ ਨਹੀਂ ਲੜਦੇ, ਸਗੋਂ ਵਿਸ਼ਵੀ ਤਾਕਤਾਂ ਜਿਵੇਂ ਚਾਹੁੰਦੀਆਂ ਹਨ, ਉਵੇਂ ਮੁਲਕਾਂ ਨੂੰ ਲੜਾਉਣ ਦੇ ਪੜੁਲ ਬੰਨ੍ਹ ਦਿੰਦੀਆਂ ਹਨ। ਉਹ ਹਮੇਸ਼ਾ ਆਪਣਾ ਨਫ਼ਾ ਸੋਚ ਕੇ ਕੋਈ ਕਦਮ ਚੁੱਕਦੀਆਂ ਹਨ। ਇਸ ਨਾਲ ਲੜਨ ਵਾਲੇ ਦੇਸ਼ ਆਰਥਿਕ ਪੱਖੋਂ ਵਿਸ਼ਵੀ ਤਾਕਤਾਂ ਦੇ ਦਾਬੇ ਹੇਠ ਚਲੇ ਜਾਂਦੇ ਹਨ ਤੇ ਫਿਰ ਉਨ੍ਹਾਂ ਕੋਲ ਆਪਣੇ ਮੁਲਕ ਦੇ ਕੀਮਤੀ ਸ੍ਰੋਤ ਇੱਕ ਤਰ੍ਹਾਂ ਨਾਲ ਗਹਿਣੇ ਧਰ ਦਿੰਦੇ ਹਨ। ਜੀਓ ਪਾਲਿਟਿਕਸ ਵਿੱਚ ਦੁਨੀਆ ਵਿੱਚ ਵੱਡੇ ਵੱਡੇ ਹੇਰ-ਫੇਰ ਹੋ ਰਹੇ ਹਨ। ਹਰ ਸੌ ਸਾਲ ਬਾਅਦ ਦੁਨੀਆ ਦੇ ਦੇਸ਼ਾਂ ਦੀਆਂ ਹੱਦਾਂ ਬਦਲਦੀਆਂ ਹਨ। ਹੁਣ ਫਿਰ ਇਹੋ ਜਿਹਾ ਮਾਹੌਲ ਸਿਰਜਿਆ ਜਾ ਰਿਹਾ ਹੈ।

ਪਹਿਲਗਾਮ ਵਿੱਚ ਵਾਪਰੇ ਦੁਖਾਂਤ ਤੋਂ ਬਾਅਦ ਭਾਰਤ ਤੇ ਪਾਕਿਸਤਾਨ ਦੇ ਰਿਸ਼ਤਿਆਂ ਵਿੱਚ ਕਸ਼ੀਦਗੀ ਚਲ ਰਹੀ ਹੈ। ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਦੀ ਸੂਈ ਪਾਕਿਸਤਾਨ ਵੱਲ ਜਾ ਰਹੀ ਹੈ, ਕਿਉਂਕਿ ਲੰਮੇ ਸਮੇਂ ਤੋਂ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਤੇ ਇਹੋ ਜਿਹੀਆਂ ਹੋਰ ਅਤਿਵਾਦੀ ਜਥੇਬੰਦੀਆਂ ਦੀ ਪਾਕਿਸਤਾਨ ਪੁਸ਼ਤਪਨਾਹੀ ਕਰਦਾ ਆ ਰਿਹਾ ਹੈ। ਉਹਦੇ ਵਿਦੇਸ਼ ਮੰਤਰੀ ਨੇ ਮੰਨਿਆ ਵੀ ਹੈ ਕਿ ਪਰਾਏ ਮੁਲਕਾਂ ਦੇ ਕਹਿਣ ਉੱਤੇ ਪਾਕਿਸਤਾਨ ਅਤਿਵਾਦੀ ਕਾਰਵਾਈਆਂ ਨੂੰ ਹੱਲਾਸ਼ੇਰੀ ਦਿੰਦਾ ਰਿਹਾ ਹੈ, ਜੋ ਮੰਦਭਾਗਾ ਹੈ। ਪਰ ਲੰਮੇ ਅਰਸੇ ਦੌਰਾਨ ਪਾਕਿਸਤਾਨ ਨੇ ਸਬਕ ਨਹੀਂ ਸਿਖਿਆ। ਉਥੇ ਲੋਕਤੰਤਰ ਬੜਾ ਕਮਜ਼ੋਰ ਹੈ ਤੇ ਫੌਜੀ ਹੁਕਮਰਾਨ ਮਨ ਮਰਜ਼ੀ ਦੇ ਫੈਸਲੇ ਲੈਣ ਲਈ ਆਜ਼ਾਦ ਹਨ।

ਇਸੇ ਤਣਾਅ ਵਿੱਚੋਂ ਜੰਗ ਦਾ ਬਿਗੁਲ ਵੱਜਿਆ। ਸਰਹੱਦੀ ਇਲਾਕਿਆਂ ਵਿੱਚ ਹਾਲੇ ਵੀ ਦਹਿਸ਼ਤ ਦਾ ਮਾਹੌਲ ਹੈ। ਜਿਨ੍ਹਾਂ ਲੋਕਾਂ ਨੇ ਪਹਿਲੀਆਂ ਜੰਗਾਂ ਭੁਗਤੀਆਂ ਹਨ, ਉਹ ਖੌਫਜ਼ਦਾ ਹਨ। ਲੋਕ ਪ੍ਰੇਸ਼ਾਨ ਹਨ ਕਿ ਪਾਕਿਸਤਾਨ ਨੂੰ ਜੰਗ ਦੀ ਥਾਂ ਸਬਕ ਸਿਖਾਉਣ ਦਾ ਹੋਰ ਕੋਈ ਰਾਹ ਨਹੀਂ? ਜੰਗ ਲੱਗੀ ਤੋਂ ਸਭ ਤੋਂ ਵੱਧ ਘਾਣ ਚੜ੍ਹਦੇ ਤੇ ਲਹਿੰਦੇ ਪੰਜਾਬ ਦਾ ਹੁੰਦਾ ਹੈ। ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਆਰਥਿਕ ਪੱਖੋਂ ਹੋਰ ਪੱਛੜ ਜਾਂਦਾ ਹੈ। ਜਦੋਂ ਘਰਾਂ ਦੇ ਘਰ ਉਜੜਦੇ ਹਨ ਤਾਂ ਕਈ ਪੀੜ੍ਹੀਆਂ ਉਦਾਸੀ ਦੀ ਜੂਨ ਹੰਢਾਉਂਦੀਆਂ ਹਨ। ਵਿਹੜਿਆਂ ਵਿੱਚ ਜਵਾਨਾਂ ਦੀਆਂ ਬਕਸੇ-ਬੰਦ ਲਾਸ਼ਾਂ ਸਾਰੀ ਉਮਰ ਤੜਫਾਉਂਦੀਆਂ ਹਨ।

ਜਦੋਂ 1965 ਦੀ ਜੰਗ ਲੱਗੀ ਤਾਂ ਮੈਂ ਪ੍ਰਾਇਮਰੀ ਦਾ ਵਿਦਿਆਰਥੀ ਸਾਂ। ਸਾਨੂੰ ਸਕੂਲ ਵਿੱਚ ਸਿਖਾਇਆ ਜਾਂਦਾ ਸੀ ਕਿ ਜੇ ਹਵਾਈ ਹਮਲਾ ਹੋ ਜਾਵੇ ਤਾਂ ਕੀ ਕਰਨਾ ਹੈ। ਇਹਦੇ ਲਈ ਦੋ ਗੱਲਾਂ ਅਜੇ ਤੱਕ ਯਾਦ ਹਨ- ਪਹਿਲੀ ਇਹ ਕਿ ਕੰਧ ਨਾਲ ਲੱਗ ਕੇ ਖਲੋ ਜਾਣਾ ਹੈ। ਦੂਜਾ, ਜੇ ਨੇੜੇ ਕੋਈ ਰੁੱਖ ਹੋਵੇ ਤਾਂ ਉਹਦੇ ਹੇਠਾਂ ਮੂਧੇ ਲੇਟ ਜਾਣਾ ਹੈ। ਇਹ ਦੋਵੇਂ ਅਭਿਆਸ ਸਕੂਲ ਵੜਦਿਆਂ ਉੱਚੀ ਜਿਹੀ ਕੱਚੀ ਥਾਂ 'ਤੇ ਜਗਦੀਸ਼ ਭੈਣ ਜੀ ਵਲੋਂ ਕਰਵਾਏ ਜਾਂਦੇ ਸਨ। ਸਕੂਲ ਵਿੱਚ ਪੜ੍ਹਾਈ ਨਾ-ਮਾਤਰ ਰਹਿ ਗਈ ਸੀ।

ਇਹ ਜੰਗ ਚਾਨਣੀਆਂ ਰਾਤਾਂ ਵਿੱਚ ਹੋਈ ਸੀ। ਚਾਰੇ ਪਾਸੇ ਬਲੈਕ ਆਊਟ ਹੁੰਦੀ ਸੀ ਤੇ ਹਨੇਰੇ ਵਿੱਚੋਂ ਜਿੱਥੋਂ ਥਾਂ ਲੱਭਦੀ, ਆਪਣੇ ਰਾਹ ਬਣਾਉਂਦੀ ਚਾਨਣੀ ਬੜਾ ਤਲਿਸਮੀ ਮਾਹੌਲ ਸਿਰਜ ਦਿੰਦੀ ਸੀ। ਉਦੋਂ ਖ਼ਬਰਾਂ ਦਾ ਮੁੱਖ ਸ੍ਰੋਤ ਅਕਾਸ਼ਬਾਣੀ ਦਾ ਜਲੰਧਰ ਸਟੇਸ਼ਨ ਹੁੰਦਾ ਸੀ। ਉਸ ਉੱਤੇ ਰਾਤੀਂ ਅੱਠ ਵਜੇ ਖ਼ਬਰਾਂ ਆਉਂਦੀਆਂ ਸਨ। ਸਾਡਾ ਸਾਰਾ ਟੱਬਰ ਚਾਨਣੀ ਵਿੱਚ ਰੌਸ 'ਤੇ ਬਹਿ ਕੇ ਇਹ ਖ਼ਬਰਾਂ ਟਰਾਂਜਿਸਟਰ 'ਤੇ ਸੁਣਦਾ। ਆਸ-ਪਾਸ ਦੇ ਘਰਾਂ ਵਾਲੇ ਵੀ ਆਪਣੀਆਂ ਛੱਤਾਂ 'ਤੇ ਬੈਠੇ ਖ਼ਬਰਾਂ ਸੁਣਦੇ, ਨਾਲ ਨਾਲ ਜੰਗ 'ਤੇ ਤਬਸਰੇ ਕਰਦੇ। ਦੂਜਾ ਸ੍ਰੋਤ ਲਾਹੌਰ ਦਾ ਰੇਡੀਓ ਸਟੇਸ਼ਨ ਹੁੰਦਾ ਸੀ, ਜਿਸ ਵਿੱਚ ਮਸਾਲੇਦਾਰ ਖ਼ਬਰਾਂ ਨੂੰ ਵਧਾਅ-ਚੜ੍ਹਾਅ ਕੇ ਜਿੰਨਾ ਝੂਠ ਬੋਲਿਆ ਜਾ ਸਕਦਾ ਸੀ, ਬੋਲਿਆ ਜਾਂਦਾ। ਮਸਲਨ ਪਾਕਿਸਤਾਨੀ ਫੌਜਾਂ ਨੇ ਅੰਮ੍ਰਿਤਸਰ ਫਤਹਿ ਕਰ ਲਿਆ ਤੇ ਕੁਲਚੇ ਛੋਲੇ ਖਾ ਕੇ ਤੇਜ਼ੀ ਨਾਲ ਅੱਗੇ ਵੱਧ ਰਹੀਆਂ ਨੇ...। ਹੁਣ ਪਾਕਿਸਤਾਨੀ ਫੌਜਾਂ ਅੰਬਾਲੇ ਦੇ ਨੇੜੇ ਢੁੱਕਣ ਵਾਲੀਆਂ ਨੇ...। ਦਿੱਲੀ ਹੁਣ ਦੂਰ ਨਹੀਂ, ਜਲਦੀ ਲਾਲ ਕਿਲ੍ਹੇ 'ਤੇ ਪਾਕਿਸਤਾਨੀ ਤਰਾਨਾ ਵੱਜ ਰਿਹਾ ਸੁਣੋਗੇ...। ਤੇ ਇਹੋ ਜਿਹੀ ਹੋਰ ਬੱਕੜਵਾਹ।

ਗਰਮੀ ਦਾ ਮੌਸਮ ਸੀ। ਅਸੀਂ ਬੱਚੇ ਏਨਾ ਡਰ ਗਏ ਸਾਂ ਕਿ ਰਾਤ ਨੂੰ ਸਾਨੂੰ ਨੀਂਦ ਨਹੀਂ ਸੀ ਆਉਂਦੀ ਤੇ ਭਰ ਗਰਮੀ ਵਿੱਚ ਵੀ ਅਸੀਂ ਰਜਾਈ ਵਿੱਚ ਸਿਰ, ਮੂੰਹ ਲਪੇਟੀ ਮੁੜ੍ਹਕੇ ਨਾਲ ਭਿੱਜੇ, ਖੌਫਜ਼ਦਾ ਰਹਿੰਦੇ ਸਾਂ। ਰੌਸ ਦੇ ਅਗਲੇ ਪਾਸੇ ਲੋਹੇ ਦੀਆਂ ਮੋਟੀਆਂ ਸੀਖਾਂ ਲੱਗੀਆਂ ਹੋਈਆਂ ਸਨ। ਉਨ੍ਹਾਂ ਕੋਲ ਉਤੋਂ ਖਲੋ ਕੇ ਜੇ ਹੇਠਾਂ ਬਾਜ਼ਾਰ ਵੱਲ ਦੇਖਦੇ ਤਾਂ ਗਾੜ੍ਹਾ ਹਨੇਰਾ ਬੜਾ ਡਰਾਉਣਾ ਨਜ਼ਰ ਆਉਂਦਾ। ਚਾਨਣੀ ਦੀ ਕਾਤਰ ਦੁਕਾਨਾਂ 'ਤੇ ਪਤਲੇ ਜਿਹੇ ਚੀਰ ਵਾਂਗ ਨਜ਼ਰ ਆਉਂਦੀ। ਥੱਲੇ ਪੁਲਿਸ ਦਾ ਪਹਿਰਾ ਹੁੰਦਾ ਸੀ ਤੇ ਉਹ ਸੀਟੀ ਮਾਰ ਕੇ ਪਿਛੇ ਹੋ ਜਾਣ ਲਈ ਕਹਿੰਦੇ। ਵੱਡੇ ਸਾਨੂੰ ਝਿੜਕ ਕੇ ਪਿਛੇ ਕਰ ਦਿੰਦੇ। ਉਨ੍ਹਾਂ ਦੇ ਚੇਹਰਿਆਂ 'ਤੇ ਡਰ ਤੇ ਖੌਫ਼ ਹੁੰਦਾ ਕਿ ਜਿਵੇਂ ਜਿਵੇਂ ਲੜਾਈ ਵੱਧ ਰਹੀ ਹੈ, ਆਪਣੇ ਟੱਬਰ ਨੂੰ ਕਿਹੜੀ ਸੁਰੱਖਿਅਤ ਥਾਂ 'ਤੇ ਭੇਜਿਆ ਜਾਵੇ। ਮੇਰੀਆਂ ਭੂਆ ਕਾਨਪੁਰ, ਦਿੱਲੀ, ਦੇਹਰਾਦੂਨ ਵਗੈਰਾ ਰਹਿੰਦੀਆਂ ਸਨ, ਉਨ੍ਹਾਂ ਦੇ ਸੁਨੇਹੇ ਆਉਂਦੇ ਕਿ ਉਥੇ ਆ ਜਾਓ; ਪਰ ਘਰ-ਘਾਟ, ਕਾਰੋਬਾਰ ਛੱਡ ਕੇ ਜਾਣੇ ਔਖੇ ਸਨ। ਵੱਡਿਆਂ ਨੇ ਵੰਡ ਦਾ ਦੁਖਾਂਤ ਝੱਲਿਆ ਹੋਇਆ ਸੀ ਤੇ ਹੁਣ ਉਹ ਇਸ ਸਰਾਪ ਨੂੰ ਹੋਰ ਥਾਂ ਜਾ ਕੇ ਹੰਢਾਉਣ ਲਈ ਤਿਆਰ ਨਹੀਂ ਸਨ।

ਦਿਨ ਵੇਲੇ ਫੌਜੀ ਪਲਟਨਾਂ ਬਾਜ਼ਾਰਾਂ ਵਿੱਚੋਂ ਪੈਦਲ ਮਾਰਚ ਕਰਦੀਆਂ ਲੰਘਦੀਆਂ। ਅਸੀਂ ਉਨ੍ਹਾਂ ਨੂੰ ਜੈ ਹਿੰਦ ਕਹਿ ਕੇ ਸਲੂਟ ਮਾਰਦੇ। ਉਹ ਵੀ ਅੱਗੋਂ ਸਲੂਟ ਮਾਰਦੇ। ਉਨ੍ਹਾਂ ਦੇ ਚਿਹਰੇ ਵੀ ਕਿਸੇ ਅਨਜਾਣੀ ਚਿੰਤਾ ਵਿੱਚ ਡੁੱਬੇ ਨਜ਼ਰ ਆਉਂਦੇ, ਉਨ੍ਹਾਂ ਦਿਨਾਂ ਵਿੱਚ ਜੰਗ ਖਿਲਾਫ਼ ਲਿਖੇ ਕਿੱਸੇ ਬੜੇ ਮਸ਼ਹੂਰ ਹੁੰਦੇ ਸਨ। ਇੱਕ ਕਿੱਸਾ ਦਸ ਪੈਸੇ ਦਾ ਆਉਂਦਾ ਸੀ। ਮੈਨੂੰ ਕਈ ਕਿੱਸੇ ਜ਼ਬਾਨੀ ਯਾਦ ਸਨ। ਦੋ ਸਤਰਾਂ ਅੱਜ ਵੀ ਜਿਹਨ ਵਿੱਚ ਸੁਰੱਖਿਅਤ ਹਨ,

ਜਦੋਂ ਦਾ ਹੈ ਸੰਨ ਪੈਂਹਠ ਚੜ੍ਹਿਆ
ਪਾਕਿਸਤਾਨ ਤਾਈਂ ਹੈ ਸੱਪ ਲੜਿਆ।

ਮਾਤਾ ਦੇ ਦਾਗਾਂ ਵਾਲੇ ਅੱਧਖੜ ਬੰਦੇ ਦਾ ਚਿਹਰਾ ਅੱਜ ਤੱਕ ਯਾਦ ਹੈ, ਜੋ ਬਾਜ਼ਾਰਾਂ ਵਿੱਚ ਗਾ-ਗਾ ਕੇ ਇਹ ਕਿੱਸੇ ਵੇਚਦਾ ਹੁੰਦਾ ਸੀ। ਜੰਗ ਖਤਮ ਹੋਣ ਤੋਂ ਬਾਅਦ ਵੀ ਇਹ ਕਿੱਸੇ ਵਿਕਦੇ ਤੇ ਗਾਏ ਜਾਂਦੇ ਰਹੇ ਸਨ।

ਉਨ੍ਹਾਂ ਦਿਨਾਂ ਦੀ ਇੱਕ ਘਟਨਾ ਯਾਦ ਹੈ। ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਸੀ ਕਿ ਖੇਮਕਰਨ ਸੈਕਟਰ ਵਿੱਚ ਪਾਕਿਸਤਾਨੀ ਫੌਜ ਦਾਖਲ ਹੋ ਗਈ ਹੈ ਤੇ ਬੜੀ ਜਲਦੀ ਭਿੱਖੀਵਿੰਡ, ਖਾਲੜਾ ਤੇ ਝਬਾਲ ਵਿੱਚ ਵੜ ਸਕਦੀ ਹੈ। ਤਰਨਤਾਰਨ ਵੀ ਬਿਲਕੁਲ ਨੇੜੇ ਸੀ। ਸਾਡੇ ਸਾਰੇ ਕੁਨਬੇ ਨੇ ਫੈਸਲਾ ਕੀਤਾ ਕਿ ਭਾਵੇਂ ਦੁਸ਼ਮਣ ਦੀ ਫੌਜ ਆ ਜਾਵੇ, ਇੱਥੇ ਰਹਿ ਕੇ ਮੁਕਾਬਲਾ ਕੀਤਾ ਜਾਵੇ। ਕਿਤੇ ਭੱਜਣ ਦੀ ਲੋੜ ਨਹੀਂ। ਇੱਕ ਦਿਨ ਇਹ ਖ਼ਬਰ ਵੀ ਆ ਗਈ ਕਿ ਕਸੂਰ ਵਾਲੇ ਪਾਸਿਓਂ ਪਾਕਿਸਤਾਨੀ ਫੌਜ ਪੱਟੀ ਵੱਲ ਵੱਧ ਰਹੀ ਹੈ। ਖਤਰਾ ਪੈਰੋ ਪੈਰ ਵੱਧਦਾ ਜਾ ਰਿਹਾ ਸੀ, ਪਰ ਡਰ ਤੇ ਖੌਫ਼ ਵਿੱਚੋਂ ਕੋਈ ਰਾਹ ਵੀ ਨਹੀਂ ਸੀ ਲੱਭ ਰਿਹਾ। ਉਨ੍ਹਾਂ ਦਿਨਾਂ ਵਿੱਚ ਇੱਕ ਘਟਨਾ ਚਰਚਾ ਵਿੱਚ ਸੀ ਕਿ ਪਾਕਿਸਤਾਨ ਦੇ ਜੰਗੀ ਜਹਾਜ਼ ਨੂੰ ਉਡਾ ਰਹੇ ਇੱਕ ਫੌਜੀ ਕਮਾਂਡਰ ਨੂੰ ਵਾਰ ਵਾਰ ਤਰਨਤਾਰਨ 'ਤੇ ਹਮਲਾ ਕਰਨ ਲਈ ਭੇਜਿਆ ਜਾ ਰਿਹਾ ਸੀ, ਕਿਉਂਕਿ ਉਹ ਇੱਥੋਂ ਦਾ ਜੰਮਪਲ ਸੀ ਤੇ ਉਹਨੂੰ ਲੋਕੇਸ਼ਨ ਦਾ ਪਤਾ ਸੀ; ਪਰ ਉਹ ਹਰ ਵਾਰ ਵਾਪਸ ਜਾ ਕੇ ਕਹਿ ਦਿੰਦਾ ਕਿ ਉਹਨੂੰ ਤਾਂ ਉਸ ਲੋਕੇਸ਼ਨ ਹੇਠ ਪਾਣੀ ਹੀ ਪਾਣੀ ਨਜ਼ਰ ਆਉਂਦਾ ਹੈ। ਇਸ ਲਈ ਪਾਣੀ ਵਿੱਚ ਬੰਬ ਨਹੀਂ ਸੁੱਟ ਸਕਦਾ।

ਉਨ੍ਹਾਂ ਦਿਨਾਂ ਵਿੱਚ ਅਫਵਾਹਾਂ ਦਾ ਬਾਜ਼ਾਰ ਬੜਾ ਗਰਮ ਹੁੰਦਾ ਸੀ ਤੇ ਇਨ੍ਹਾਂ ਦੀ ਪੁਸ਼ਟੀ ਜਾਂ ਰੱਦ ਕਰਨ ਦਾ ਕੋਈ ਸਾਧਨ ਨਹੀਂ ਸੀ ਹੁੰਦਾ। ਲੋਕ ਯਕੀਨ ਕਰ ਲੈਂਦੇ ਫਿਰ ਪਛਤਾਂਦੇ। ਹੁਣ ਬਾਜ਼ਾਰਾਂ ਵਿੱਚੋਂ ਹਰ ਰੋਜ਼ ਸਿੱਖ ਰੈਜੀਮੈਂਟਾਂ ਲੰਘਣ ਲੱਗੀਆਂ। ਕਈ ਲੋਕ 1965 ਦਾ ਇੱਕ ਹੋਰ ਦਰਦਨਾਕ ਵਾਕਿਆ ਯਾਦ ਹੈ। ਅੰਮ੍ਰਿਤਸਰ ਵਿੱਚ ਛੋਟਾ ਜਿਹਾ ਕਸਬਾ ਛੇਹਰਟਾ ਹੈ। ਇਹ ਪੰਜਵੇਂ ਤੇ ਛੇਵੇਂ ਗੁਰੂ ਸਾਹਿਬ ਦੀ ਵਰੋਸਾਈ ਧਰਤੀ ਹੈ। ਸਿੱਖ ਇੱਥੇ ਅਕਸਰ ਦਰਸ਼ਨ ਦੀਦਾਰੇ ਕਰਨ ਲਈ ਆਉਂਦੇ ਹਨ। ਇਸ ਕਸਬੇ ਕੋਲ ਤੇਜ਼ਾਬ ਬਣਾਉਣ ਦੀ ਇੱਕ ਬਹੁਤ ਵੱਡੀ ਫੈਕਟਰੀ ਹੁੰਦੀ ਸੀ। ਉਹ ਪਾਕਿਸਤਾਨ ਦੇ ਨਿਸ਼ਾਨੇ ਉਤੇ ਸੀ। ਜੇ ਉਹਦੇ ਉਤੇ ਬੰਬਾਰੀ ਹੋ ਜਾਂਦੀ ਤਾਂ ਸਾਰਾ ਅੰਮ੍ਰਿਤਸਰ ਸ਼ਹਿਰ ਤਬਾਹ ਹੋ ਸਕਦਾ ਸੀ। ਪਾਕਿਸਤਾਨ ਦਾ ਲੜਾਕੂ ਜਹਾਜ਼ ਉਸ 'ਤੇ ਬੰਬਾਰੀ ਕਰਨ ਤੋਂ ਉਕ ਗਿਆ ਤੇ ਉਹਨੇ ਛੇਹਰਟੇ ਦੇ ਭੀੜ ਭਾੜ ਵਾਲੇ ਪ੍ਰਤਾਪ ਬਾਜ਼ਾਰ 'ਤੇ ਹਮਲਾ ਕਰ ਦਿੱਤਾ। ਸ਼ਹਿਰੀ ਵੱਸੋਂ ਨੂੰ ਨਿਸ਼ਾਨਾ ਬਣਾਉਣਾ ਜੰਗ ਦੇ ਅਸੂਲਾਂ ਦੇ ਖਿਲਾਫ਼ ਹੈ; ਪਰ ਕਿਹਾ ਜਾਂਦਾ ਹੈ ਨਾ ਕਿ ਪਿਆਰ ਤੇ ਜੰਗ ਵਿੱਚ ਸਭ ਕੁਝ ਜਾਇਜ਼ ਹੁੰਦਾ ਹੈ!



1965 ਦੀ ਜੰਗ ਦੌਰਾਨ ਭਾਰਤੀ ਫੌਜ ਵੱਲੋਂ ਤਬਾਹ ਕੀਤੇ ਪਾਕਿਸਤਾਨ ਦੇ ਪੈਟਨ ਟੈਂਕ

*ਪਾਕਿਸਤਾਨ ਦਾ ਪੈਟਨ ਟੈਂਕ ਭਾਰਤੀ ਫੌਜ ਲਈ ਵੱਡੀ ਚੁਣੌਤੀ ਸੀ। ਇਸਦੀ ਬਣਤਰ ਅਜਿਹੀ ਸੀ ਕਿ ਗੋਲਾ ਇਹਦੇ 'ਤੇ ਵੱਜ ਕੇ ਤਿਲਕ ਜਾਂਦਾ ਸੀ ਤੇ ਇਹਦਾ ਨੁਕਸਾਨ ਨਹੀਂ ਸੀ ਹੁੰਦਾ। ਭਾਰਤੀ ਫੌਜ ਨੇ ਇਹਦਾ ਮੁਕਾਬਲਾ ਕਰਨ ਲਈ ਅਜਿਹਾ ਗੋਲਾ ਤਿਆਰ ਕੀਤਾ, ਜੋ ਵਰਮੇ ਵਾਂਗ ਘੁੰਮਦਾ ਇਸ ਵਿੱਚ ਛੇਕ ਕਰਕੇ ਇਹਨੂੰ ਤਬਾਹ ਕਰਨ ਲੱਗਾ। ਬਸ ਫਿਰ ਭਾਰਤੀ ਫੌਜ ਪਾਕਿਸਤਾਨ 'ਤੇ ਹਾਵੀ ਹੋਣ ਲੱਗੀ। ਬਾਅਦ ਵਿੱਚ ਕਈ ਚਿਰ ਤੱਕ ਤਬਾਹ ਕੀਤੇ ਪੈਟਨ ਟੈਂਕਾਂ ਦੀ ਨੁਮਾਇਸ਼ ਖਾਲਸਾ ਕਾਲਜ ਅੰਮ੍ਰਿਤਸਰ ਦੇ ਬਾਹਰ ਜੀ.ਟੀ. ਰੋਡ ਉਤੇ ਕੀਤੀ ਗਈ। ਲੋਕ ਉਸ 'ਤੇ ਚੜ੍ਹ ਚੜ੍ਹ ਕੇ ਦੇਖਦੇ ਨਾਲੇ ਖੁਸ਼ ਹੁੰਦੇ।*

ਬੰਬਾਰੀ ਤੋਂ ਬਾਅਦ ਬਾਜ਼ਾਰ ਦਾ ਦ੍ਰਿਸ਼ ਬੜਾ ਭਿਆਨਕ ਸੀ। ਉਹਨੂੰ ਯਾਦ ਕਰਕੇ ਅੱਜ ਵੀ ਰੂਹ ਕੰਬ ਜਾਂਦੀ ਹੈ। ਸਾਰਾ ਬਾਜ਼ਾਰ ਢਹਿ ਢੇਰੀ ਹੋ ਗਿਆ। ਮਰਨ ਵਾਲਿਆਂ ਦੇ ਚੀਥੜੇ ਉਡ ਗਏ। ਬਿਜਲੀ ਦੀਆਂ ਤਾਰਾਂ 'ਤੇ ਕਿਸੇ ਦੀ ਬਾਂਹ ਲਟਕੀ ਹੋਈ ਸੀ, ਕਿਸੇ ਦੀ ਲੱਤ। ਕਿਸੇ ਦੇ ਸਿਰ ਦੇ ਚੀਥੜੇ ਤੇ ਕਿਸੇ ਹੋਰ ਦੇ ਸਰੀਰ ਦੇ ਲਹੂ ਚੋਂਅਦੇ ਅੰਗ। ਸਮਾਨ ਸੜ ਰਿਹਾ ਸੀ। ਚਾਰੇ ਪਾਸੇ ਕੋਹਰਾਮ ਮਚਿਆ ਹੋਇਆ ਸੀ। ਅਜਿਹੇ ਦਰਦਨਾਕ ਮੰਜ਼ਰ ਅੱਜ ਦੇ ਸੀਰੀਆ ਤੇ ਗਾਜ਼ਾ ਵਿੱਚ ਦੇਖੇ ਜਾ ਸਕਦੇ ਹਨ। ਜੰਗਾਂ ਸ਼ਾਇਦ ਸਿਰਫ ਆਮ ਲੋਕਾਂ ਨੂੰ ਮਾਰਨ ਤੇ ਤਬਾਹੀ ਲਈ ਹੀ ਲੜੀਆਂ ਜਾਂਦੀਆਂ ਹਨ।

ਜ਼ਮੀਨੀ ਲੜਾਈ ਪੱਖੋਂ ਉਦੋਂ ਪਾਕਿਸਤਾਨ ਦਾ ਹੱਥ ਉਪਰ ਸੀ। ਭਾਰਤ ਪੰਚਸ਼ੀਲ ਦਾ ਦੀਵਾਨਾ ਹੋਣ ਕਰਕੇ ਸ਼ਾਂਤੀ, ਅਮਨ ਤੇ ਵਿਸ਼ਵ ਭਾਈਚਾਰੇ ਦਾ ਅਲੰਬਰਦਾਰ ਸੀ। ਦੇਸ਼ ਨੂੰ ਆਜ਼ਾਦ ਹੋਇਆਂ ਬਹੁਤਾ ਸਮਾਂ ਨਹੀਂ ਸੀ ਹੋਇਆ। ਗੁਲਾਮੀ ਦੇ ਜੂਲੇ ਵਿੱਚੋਂ ਨਿਕਲ ਕੇ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਤੈਅ ਕਰਨ ਲਈ ਪੰਜ ਸਾਲਾ ਯੋਜਨਾਵਾਂ 'ਤੇ ਅਮਲ ਕੀਤਾ ਜਾ ਰਿਹਾ ਸੀ। ਇਸ ਲਈ ਜੰਗੀ ਤਿਆਰੀ ਵਜੋਂ ਅਜੇ ਬਹੁਤ ਕੁਝ ਕਰਨ ਵਾਲਾ ਬਾਕੀ ਸੀ। ਪਾਕਿਸਤਾਨ ਦਾ ਪੈਟਨ ਟੈਂਕ ਭਾਰਤੀ ਫੌਜ ਲਈ ਵੱਡੀ ਚੁਣੌਤੀ ਸੀ। ਇਸਦੀ ਬਣਤਰ ਅਜਿਹੀ ਸੀ ਕਿ ਗੋਲਾ ਇਹਦੇ 'ਤੇ ਵੱਜ ਕੇ ਤਿਲਕ ਜਾਂਦਾ ਸੀ ਤੇ ਇਹਦਾ ਨੁਕਸਾਨ ਨਹੀਂ ਸੀ ਹੁੰਦਾ। ਭਾਰਤੀ ਫੌਜ ਨੇ ਇਹਦਾ ਮੁਕਾਬਲਾ ਕਰਨ ਲਈ ਅਜਿਹਾ ਗੋਲਾ ਤਿਆਰ ਕੀਤਾ, ਜੋ ਵਰਮੇ ਵਾਂਗ ਘੁੰਮਦਾ ਇਸ ਵਿੱਚ ਛੇਕ ਕਰਕੇ ਇਹਨੂੰ ਤਬਾਹ ਕਰਨ ਲੱਗਾ। ਬਸ ਫਿਰ ਭਾਰਤੀ ਫੌਜ ਪਾਕਿਸਤਾਨ 'ਤੇ ਹਾਵੀ ਹੋਣ ਲੱਗੀ। ਬਾਅਦ ਵਿੱਚ ਕਈ ਚਿਰ ਤੱਕ ਤਬਾਹ ਕੀਤੇ ਪੈਟਨ ਟੈਂਕਾਂ ਦੀ ਨੁਮਾਇਸ਼ ਖਾਲਸਾ ਕਾਲਜ ਅੰਮ੍ਰਿਤਸਰ ਦੇ ਬਾਹਰ ਜੀ.ਟੀ. ਰੋਡ ਉਤੇ ਕੀਤੀ ਗਈ। ਲੋਕ ਉਸ 'ਤੇ ਚੜ੍ਹ ਚੜ੍ਹ ਕੇ ਦੇਖਦੇ ਨਾਲੇ ਖੁਸ਼ ਹੁੰਦੇ।

ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦਾ 'ਜੈ ਜਵਾਨ, ਜੈ ਕਿਸਾਨ' ਦੇ ਨਾਅਰੇ ਨੇ ਲੋਕਾਂ ਤੇ ਫੌਜ ਵਿੱਚ ਨਵੀਂ ਰੂਹ ਫੂਕ ਦਿਤੀ ਤੇ ਅਖੀਰ ਪਾਕਿਸਤਾਨ ਦੇ ਇਲਾਕਿਆਂ ਵਿੱਚ ਭਾਰਤੀ ਫੌਜ ਨੇ ਝੰਡੇ ਗੱਡ ਕੇ ਸੀਜ਼ ਫਾਇਰ ਕਰ ਦਿੱਤਾ। ਲੜਾਈ ਦੇ ਖਤਮ ਹੋਣ ਤੋਂ ਬਾਅਦ ਵੀ ਕਾਫੀ ਦੇਰ ਤੱਕ ਬਲੈਕ ਆਊਟ ਹੁੰਦੀ ਰਹੀ। ਅਖੀਰ ਜੰਗਬੰਦੀ ਬਾਰੇ ਤਾਸ਼ਕੰਦ ਸਮਝੌਤਾ ਹੋਇਆ; ਪਰ ਅਸੀਂ ਇੱਕ ਦੂਰਦਰਸ਼ੀ ਸੋਚ ਵਾਲਾ, ਹਿੰਮਤੀ ਤੇ ਦ੍ਰਿੜ ਇਰਾਦੇ ਵਾਲਾ ਪ੍ਰਧਾਨ ਮੰਤਰੀ ਗੁਆ ਲਿਆ। ਇਤਿਹਾਸ ਦੇ ਪੰਨਿਆਂ 'ਤੇ ਇਸ ਲੜਾਈ ਵਿੱਚ ਫੌਜ ਤੇ ਦੇਸ਼ ਵਾਸੀਆਂ ਨੂੰ ਚੜ੍ਹਦੀ ਕਲਾ ਦਾ ਭਰੋਸਾ ਦੇਣ ਲਈ ਲਾਲ ਬਹਾਦਰ ਸ਼ਾਸਤਰੀ ਹੋਰਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

ਦੇਸ਼ ਵੰਡ ਵੇਲੇ ਪੰਜਾਬ ਤੇ ਬੰਗਾਲ ਦੀ ਵੰਡ ਕਰ ਦਿੱਤੀ ਗਈ। ਇਹ ਸਿਤਮਜ਼ਰੀਫੀ ਸੀ ਕਿ ਜਿਨਾਹ ਨੇ ਪਾਕਿਸਤਾਨ ਮੰਗਿਆ ਸੀ, ਪਰ ਇਹਦੀ ਰੂਪ-ਰੇਖਾ ਸਪਸ਼ਟ ਨਹੀਂ ਸੀ। ਸਿੰਧ ਤੇ ਬਲੋਚਿਸਤਾਨ ਵੱਖਰੀ ਭਾਹ ਵਾਲੇ ਇਲਾਕੇ ਸਨ। ਸਿੰਧੀ ਤੇ ਬਲੋਚੀ ਅੰਤ ਤੱਕ ਆਪਣੀ ਵੱਖਰੀ ਹੋਂਦ ਲਈ ਲੜ ਰਹੇ ਹਨ। ਪੂਰਬੀ ਬੰਗਾਲ ਪਾਕਿਸਤਾਨ ਦਾ ਅਜਿਹਾ ਇਲਾਕਾ ਸੀ, ਜੋ ਭੂਗੋਲਿਕ ਤੌਰ ਉੱਤੇ ਨਾਲ ਲਗਵਾਂ ਨਹੀਂ, ਸਗੋਂ ਵੱਡੀ ਦੂਰੀ ਉੱਤੇ ਸੀ। ਪੂਰਬੀ ਬੰਗਾਲ ਦੇ ਲੋਕ ਉਰਦੂ ਦੀ ਥਾਂ ਬੰਗਾਲੀ ਭਾਸ਼ਾ, ਰਵਾਇਤਾਂ ਤੇ ਸਭਿਆਚਾਰ ਨਾਲ ਪਰਣਾਏ ਹੋਏ ਸਨ। ਪਾਕਿਸਤਾਨ ਦੇ ਹੁਕਮਰਾਨ ਤੇ ਵਿਸ਼ੇਸ਼ ਕਰਕੇ ਫੌਜ ਮੁਖੀ ਉਨ੍ਹਾਂ ਨੂੰ ਆਪਣੀ ਪਾਲਿਸੀ ਹੇਠ ਉਰਦੂ ਤੇ ਇਸਲਾਮੀਕਰਨ ਕਰਕੇ ਰਾਜ ਕਰਨਾ ਚਾਹੁੰਦੇ ਸਨ। ਹੌਲੀ ਹੌਲੀ ਉਥੇ ਬੇਚੈਨੀ ਵਧਣ ਲੱਗੀ। ਪਾਕਿਸਤਾਨ ਫੌਜ ਦੇ ਨੀਚ ਕਾਰਿਆਂ ਦਾ ਵਿਰੋਧ ਕਰਨ ਲਈ ਲੋਕ ਸੜਕਾਂ ਉੱਤੇ ਆ ਗਏ। ਸ਼ੇਖ ਮੁਜੀਬਰ ਰਹਿਮਾਨ ਨੇ ਆਪਣੇ ਗੁਆਂਢੀ ਭਾਰਤ ਦਾ ਓਟ ਆਸਰਾ ਲਿਆ। ਭਾਰਤੀ ਫੌਜ ਨੇ ਪਹਿਲਾਂ ਮੁਕਤੀ ਵਾਹਣੀ ਦਸਤਿਆਂ ਦਾ ਗਠਨ ਕੀਤਾ, ਜੋ ਪਾਕਿਸਤਾਨੀ ਫੌਜ ਨਾਲ ਭਿੜਨ ਲੱਗੇ। ਪਾਕਿਸਤਾਨ ਨੇ ਚਿੜ ਵਿੱਚ ਆ ਕੇ ਪੰਜਾਬ ਵਾਲੇ ਪਾਸੇ ਲੜਾਈ ਦਾ ਬਿਗਲ ਵਜਾ ਦਿੱਤਾ।

ਇਹ ਲੜਾਈ ਦਸੰਬਰ ਦੇ ਮਹੀਨੇ ਵਿੱਚ ਹੋਈ। ਇਸ ਲੜਾਈ ਸਮੇਂ ਵੀ ਉਸੇ ਤਰ੍ਹਾਂ ਬਲੈਕ ਆਊਟ ਦਾ ਸਿਲਸਿਲਾ ਸ਼ੁਰੂ ਹੋ ਗਿਆ। ਸਾਡਾ ਸਾਰਾ ਖਾਨਦਾਨ ਇੱਕ ਵਾਰ ਫਿਰ ਡਰ ਤੇ ਖੌਫ਼ ਦੇ ਸਾਏ ਹੇਠ ਝੂਰਨ ਲੱਗਾ। ਅਸਲ ਵਿੱਚ ਵਪਾਰੀ ਹਮੇਸ਼ਾ ਸ਼ਾਂਤੀ ਚਾਹੁੰਦੇ ਹਨ ਤਾਂ ਕਿ ਵਪਾਰ ਨਿਰਵਿਘਨ ਚਲਦਾ ਰਹੇ। 1971 ਦੀ ਜੰਗ ਦੀਆਂ ਯਾਦਾਂ ਵੀ ਅਜੇ ਤੱਕ ਮਨ ਵਿੱਚ ਉਕਰੀਆਂ ਪਈਆਂ ਹਨ।

ਸਾਰੀ ਸਾਰੀ ਰਾਤ ਗੋਲਿਆਂ ਦੀ ਗਰਜ ਸੁਣਾਈ ਦਿੰਦੀ ਤੇ ਘਰ ਦੀਆਂ ਬਾਰੀਆਂ ਤੇ ਰੌਸ਼ਨਦਾਨ ਧਮਕ ਨਾਲ ਕੰਬਦੇ। ਇਸ ਡਰਾਉਣੇ ਤੇ ਹਨੇਰੇ ਮਾਹੌਲ ਵਿੱਚ ਸਾਹ ਘੁੱਟਦਾ। ਰਾਤ ਨੂੰ ਮਿੱਟੀ ਦੇ ਤੇਲ ਦਾ ਲੈਂਪ ਬਾਲ ਕੇ ਪੜ੍ਹਾਈ ਕਰਨੀ। ਜਿਸ ਬਾਰੀ ਵਿੱਚ ਲੈਂਪ ਰਖਿਆ ਹੁੰਦਾ ਸੀ, ਉਹਦੇ ਬਾਹਰ ਮੋਟਾ ਪੜਦਾ ਤਾਣ ਦੇਣਾ ਤਾਂ ਕਿ ਚਾਨਣ ਬਾਹਰ ਨਾ ਜਾਵੇ। ਅੰਦਰ ਧੂੰਆਂ ਇਕੱਠਾ ਹੋ ਜਾਣਾ, ਪਰ ਇੱਕ ਸਿਰੜ ਹੁੰਦਾ ਸੀ ਕਿ ਹਰ ਚੀਜ਼ ਦਾ ਮੁਕਾਬਲਾ ਕਰਨਾ ਆਉਣਾ ਚਾਹੀਦਾ ਹੈ। ਸਵੇਰੇ ਛੇ ਵਜੇ ਮੈਂ ਟਿਊਸ਼ਨ ਪੜ੍ਹਨ ਲਈ ਮਾਸਟਰ ਸਾਧੂ ਸਿੰਘ ਹੋਰਾਂ ਦੇ ਘਰ ਜਾਣਾ। ਉਨ੍ਹਾਂ ਦਾ ਘਰ ਲਗਪਗ ਇੱਕ ਡੇਢ ਕਿਲੋਮੀਟਰ ਸ਼ਹਿਰ ਤੋਂ ਬਾਹਰਵਾਰ ਨੂਰਦੀਨ ਵਾਲੀ ਸੜਕ 'ਤੇ ਸੀ। ਹਨੇਰੇ ਵਿੱਚ ਕਦੇ ਕਦੇ ਕੁੱਤਿਆਂ ਨਾਲ ਸਾਹਮਣਾ ਹੁੰਦਾ ਤਾਂ ਡਰ ਨਾਲ ਅੰਦਰ ਕੰਬ ਜਾਂਦਾ। ਗੋਲਿਆਂ ਦੀ ਗਰਜ ਹੋਰ ਸਾਫ ਸੁਣਾਈ ਦਿੰਦੀ। ਹਨੇਰੇ ਵਿੱਚ ਲਿਪਟੇ ਬਾਜ਼ਾਰ, ਦੁਕਾਨਾਂ ਲੇਟੇ ਹੋਏ ਭੂਤ ਲੱਗਦੇ। ਠੰਢ ਜ਼ੋਰਾਂ ਉਤੇ ਸੀ। ਇਸ ਠੰਢ ਵਿੱਚ ਵੀ ਪਸੀਨੇ ਆ ਜਾਂਦੇ ਸਨ। ਸੰਨ ਪੈਂਹਠ ਵਾਂਗ ਅਫਵਾਹਾਂ ਦਾ ਬਾਜ਼ਾਰ ਗਰਮ ਹੁੰਦਾ, ਪਰ ਹੁਣ ਲੋਕ ਬੀਬੀਸੀ ਲੰਡਨ ਸੁਣਨ ਲੱਗ ਪਏ ਸਨ ਤੇ ਉਹਦੀਆਂ ਖ਼ਬਰਾਂ 'ਤੇ ਵਧੇਰੇ ਯਕੀਨ ਕਰਦੇ ਸਨ।


ਇੰਦਰਾ ਗਾਂਧੀ ਨੇ ਪਾਕਿਸਤਾਨ ਦਾ ਇੱਕ ਹਿੱਸਾ ਵੱਖ ਕੇ ਨਵਾਂ ਮੁਲਕ ਬੰਗਲਾਦੇਸ਼ ਬਣਾ ਦਿੱਤਾ ਸੀ ਤੇ ਇਸ ਨੂੰ ਮਾਨਤਾ ਦੇ ਕੇ ਪਾਕਿਸਤਾਨ ਦੀ ਹਿੱਕ 'ਤੇ ਸੱਪ ਲਿਟਾ ਦਿੱਤਾ। ਬੰਗਲਾ ਦੇਸ਼ ਬਣਨ ਤੋਂ ਬਾਅਦ ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜੇ ਅੱਗੇ ਪਾਕਿਸਤਾਨ ਦੀ ਫੌਜ ਦੇ 95,000 ਸਿਪਾਹੀਆਂ ਨੇ ਹਥਿਆਰ ਸੁੱਟ ਦਿੱਤੇ। ਇਹ ਸ਼ਾਇਦ ਦੁਨੀਆ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ ਸੀ। ਲੈਫਟੀਨੈਂਟ ਜਗਜੀਤ ਸਿੰਘ ਅਰੋੜਾ ਇਸ ਜੰਗ ਦਾ ਨਾਇਕ ਬਣ ਗਿਆ ਸੀ।

ਪਾਕਿਸਤਾਨ ਹੁਣ ਜੰਗ ਤੋਂ ਭੱਜਣ ਲੱਗ ਪਿਆ ਸੀ। ਜਿਸ ਦਿਨ ਸੀਜ਼ਫਾਇਰ ਹੋਇਆ, ਉਹ ਮੰਜ਼ਰ ਕਦੇ ਨਹੀਂ ਭੁੱਲ ਸਕਦਾ। ਸਾਡਾ ਘਰ ਤਿੰਨ ਮੰਜ਼ਲਾ ਸੀ ਤੇ ਆਸੇ-ਪਾਸੇ ਦੇ ਘਰਾਂ ਨਾਲੋਂ ਕਾਫੀ ਉੱਚਾ ਵੀ ਸੀ। ਅਸੀਂ ਛੱਤ 'ਤੇ ਗੁੱਡੀਆਂ ਉਡਾ ਰਹੇ ਸਾਂ। ਸ਼ਾਮ ਪੰਜ ਕੁ ਵਜੇ ਦਾ ਸਮਾਂ ਹੋਵੇਗਾ, ਜਦੋਂ ਭਾਰਤ ਦੇ ਤਿੰਨ ਜੰਗੀ ਜਹਾਜ਼ ਮਿਗ-20 ਅਕਾਸ਼ ਵਿੱਚ ਘੁੰਮਣ ਲੱਗੇ। ਚਾਰੇ ਪਾਸੇ ਰੌਲਾ ਪੈ ਗਿਆ ਕਿ ਖਤਰਾ ਹੈ, ਕੋਈ ਹਮਲਾ ਹੋਣ ਵਾਲਾ ਹੈ। ਕੁਝ ਮਿੰਟਾਂ ਬਾਅਦ ਇੱਕ ਨੁਕਰੋਂ ਤਿੰਨ ਜਹਾਜ਼ ਹੋਰ ਆ ਗਏ। ਛੇ ਜਹਾਜ਼ ਕਲਾ ਬਾਜ਼ੀਆਂ ਪਾਉਂਦੇ ਅਕਾਸ਼ ਵਿੱਚ ਗੂੰਜਣ ਲੱਗੇ। ਏਨੇ ਨੂੰ ਛੇ ਜਹਾਜ਼ ਹੋਰ ਆ ਗਏ। ਲੋਕਾਂ ਦੇ ਤ੍ਰਾਹ ਨਿਕਲ ਗਏ ਕਿ ਕੋਈ ਅਣਹੋਣੀ ਹੋਣ ਵਾਲੀ ਹੈ। ਸਾਰੇ ਲੋਕ ਛੱਤਾਂ 'ਤੇ ਚੜ੍ਹ ਗਏ। ਬਾਰਾਂ ਜਹਾਜ਼ ਟੋਲੀਆਂ ਵਿੱਚ ਚੱਕਰ ਕੱਟਣ ਲੱਗੇ। ਜਦੋਂ ਸਿਰਾਂ ਤੋਂ ਲੰਘਦੇ ਤਾਂ ਲੋਕ ਚੀਕਾਂ ਮਾਰਨ ਲੱਗ ਜਾਂਦੇ। ਹਵਾਈ ਜਹਾਜ਼ਾਂ ਦੀ ਗੜਗੜਾਹਟ ਨਾਲ ਕੰਨ ਬੋਲੇ ਹੋ ਜਾਂਦੇ। ਲੜਾਈ ਦਾ ਇਸ ਤਰ੍ਹਾਂ ਦਾ ਪ੍ਰਤੱਖ ਅਨੁਭਵ ਡਰਾਉਣਾ ਵੀ ਸੀ ਤੇ ਰੁਮਾਂਚਿਕ ਵੀ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਦੁੱਖੜੇ ਬਟਵਾਰੇ ਦੇ

ਸਾਂਵਲ ਧਾਮੀ
ਫੋਨ:+91-9781843444



# ਹਮੀਦ ਦਾ ਬਦਲਾ !

*1947 ਦੇ ਦੁਖੜਿਆਂ ਦੀ ਵਾਰਤਾ ਬਹੁਤ ਲੰਮੀ ਹੈ, ਤੇ ਜਿਨ੍ਹਾਂ ਨੇ ਇਸ ਦੀ ਪੀੜ ਆਪਣੇ ਪਿੰਡੇ 'ਤੇ ਹੰਢਾਈ ਹੈ, ਉਸ ਦਾ ਹਿਸਾਬ ਕੌਣ ਕਰ ਸਕਦੈ? ਓਸ ਕੁਲਹਿਣੀ ਰੁੱਤੇ, ਜੋ ਦਿਲ ਟੁੱਟੇ ਉਨ੍ਹਾਂ ਦਾ ਲੇਖਾ-ਜੋਖਾ ਕਰਨਾ ਬਹੁਤ ਮੁਸ਼ਕਿਲ ਹੈ! ਪਿੰਡਾਂ ਵਿੱਚ ਸਭ ਮਜ਼ਹਬਾਂ ਦੇ ਲੋਕ ਆਪਸੀ ਵਿਤਕਰੇ ਤੋਂ ਦੂਰ ਸਹਿਚਾਰੇ ਨਾਲ ਨਾਲ ਰਹਿੰਦੇ ਸਨ। ਅਫਸੋਸ! ਵੰਡ-ਵੰਡਾਰੇ ਦੀ ਹਨੇਰੀ ਐਸੀ ਆਈ ਕਿ ਦੂਜੇ ਮਜ਼ਹਬ ਨਾਲ ਜੁੜੇ ਇੱਕ ਦੋਸਤ ਨੂੰ ਕਿਸ ਤਰ੍ਹਾਂ ਦੂਜੇ ਮਜ਼ਹਬ ਦੇ ਦੋਸਤ ਦੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤਾ ਗਿਆ; ਇਸ ਦਰਦ ਦੀ ਹੂਕ ਇਸ ਲਿਖਤ ਵਿੱਚ ਮਾਰੀ ਗਈ ਹੈ। ਇਸ ਸਭ ਸੁਣਦਿਆਂ ਅੱਖਾਂ ਦੇ ਨਾ.ਲ ਦਿਲ ਵੀ ਭਰ ਆਉਂਦਾ ਹੈ। ਸੰਤਾਲੀ ਦੇ ਬਟਵਾਰੇ ਨਾਲ ਜੁੜੀਆਂ ਅਜਿਹੀਆਂ ਹੀ ਅਭੁੱਲ, ਅਸਹਿ-ਅਕਹਿ ਗੱਲਾਂ ਕੁਝ ਇਸ ਲਹਿਜ਼ੇ ਦੀਆਂ ਹਨ ਕਿ ਪੜ੍ਹ ਕੇ ਦਿਲ ਵਲੂੰਧਰਿਆ ਜਾਂਦਾ ਹੈ...।*



ਜੇ ਪੰਜਾਬ ਦੇ ਉਨ੍ਹਾਂ ਪਿੰਡਾਂ ਦੇ ਲੇਖਾ-ਜੋਖਾ ਕੀਤਾ ਜਾਵੇ, ਜਿੱਥੇ ਸੰਤਾ.ਲੀ 'ਚ ਸਭ ਤੋਂ ਵੱਧ ਕਤਲੋ-ਗਾਰਤ ਹੋਈ ਤਾਂ ਬੇਰਛੇ ਦਾ ਨਾਂ ਪਹਿਲੇ ਸੌ ਪਿੰਡਾਂ 'ਚ ਜ਼ਰੂਰ ਸ਼ੁਮਾਰ ਹੋਏਗਾ। ਹੁਸ਼ਿਆਰਪੁਰ ਜ਼ਿਲ੍ਹੇ ਦੀ ਦਸੂਹਾ ਤਹਿਸੀਲ ਦਾ ਪਿੰਡ ਹੈ ਇਹ। ਵੰਡ ਤੋਂ ਪਹਿਲਾਂ ਇੱਥੇ ਮੁਸਲਿਮ ਡੋਗਰ, ਰਾਜਪੂਤ, ਸਰਾਂ ਗੋਤ ਦੇ ਜੱਟ ਤੇ ਆਦਿ-ਧਰਮੀ ਬਰਾਦਰੀ ਦੇ ਲੋਕ ਵੱਸਦੇ ਸਨ। ਜੱਟਾਂ ਬਾਰੇ ਕਿਹਾ ਜਾਂਦਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ-ਕਾਲ ਦੌਰਾਨ ਇਹ ਪਿੰਡ ਸੌਂਗਰੀ-ਗੁਲਿਆਣਾ, ਜ਼ਿਲ੍ਹਾ ਕੈਥਲ ਤੋਂ ਇੱਥੇ ਆਏ ਸਨ। ਕਦੇ ਠਾਕੁਰ ਪਹਿਲਵਾਨ ਦੇ ਨਾਂ ਤੋਂ ਵੀ ਇਸ ਪਿੰਡ ਨੂੰ ਜਾਣਿਆ ਜਾਂਦਾ ਸੀ।

ਸੰਤਾ.ਲੀ ਤੋਂ ਪਹਿਲਾਂ ਇੱਥੇ ਮੰਡੀ ਲੱਗਦੀ ਸੀ। ਖੇਡਾਂ ਹੁੰਦੀਆਂ ਸਨ। ਉਦੋਂ ਬਹੁਤ ਭਾਰੀ ਪਿੰਡ ਸੀ ਇਹ। ਲਹਿੰਦੇ ਪਾਸੇ ਰਾਜਪੂਤ, ਵਿਚਕਾਰ ਜੱਟ ਤੇ ਚੜ੍ਹਦੇ ਪਾਸੇ ਡੋਗਰ ਵੱਸਦੇ ਸਨ। ਰਾਜਪੂਤਾਂ ਦੀ ਪੱਤੀ ਦਾ ਨਾਂ ਰਾਜਪੁਰਾ ਸੀ। ਭੀਖੇ ਖ਼ਾਂ, ਗੁਲਾਮ ਕਾਦਿਰ ਤੇ ਖੈਰੂ ਲੰਬੜਦਾਰ ਸਿਰਕੱਢ ਬੰਦੇ ਸਨ। ਭੀਖੇ ਖਾਂ ਨਿਰਪੱਖ ਸੋਚ ਦਾ ਵਿਅਕਤੀ ਸੀ। ਉਹ ਰੋਜ਼ਾਨਾ ਨੇੜਲੇ ਪਿੰਡ ਬੋਦਲਾਂ ਦੇ ਗਰਨਾ ਸਾਹਿਬ ਗੁਰਦੁਆਰੇ ਮੱਥਾ ਟੇਕਣ ਵੀ ਜਾਂਦਾ ਹੁੰਦਾ ਸੀ। ਜਪੁਜੀ ਸਾਹਿਬ ਉਸਨੂੰ ਮੂੰਹ-ਜ਼ੁਬਾਨੀ ਯਾਦ ਸੀ। ਕਿਹਾ ਜਾਂਦਾ ਕਿ ਉਸਨੇ ਗਰਨਾ ਸਾਹਿਬ ਗੁਰਦੁਆਰੇ ਨੂੰ ਦੋ ਕਿੱਲ੍ਹੇ ਜ਼ਮੀਨ ਵੀ ਦਾਨ ਕੀਤੀ ਸੀ। ਬੋਦਲਾਂ ਦੇ ਸ. ਮਹਿੰਦਰ ਸਿੰਘ ਰੰਧਾਵਾ ਹੁਰਾਂ ਦੀ ਇਸ ਪਰਿਵਾਰ ਨਾ.ਲ ਬਹੁਤ ਗੂੜ੍ਹੀ ਸਾਂਝ ਸੀ।

ਡੋਗਰਾਂ ਦੇ ਇਸ ਪਿੰਡ 'ਚ ਸੌ ਦੇ ਕਰੀਬ ਘਰ ਸਨ। ਅਹਿਮਦ ਅਲੀ ਤੇ ਗੁਲਾਮ ਅਲੀ ਉਨ੍ਹਾਂ 'ਚੋਂ ਪ੍ਰਸਿੱਧ ਸਨ। ਜ਼ਿਆਦਾ ਰਕਬਾ ਰਾਜਪੂਤਾਂ ਕੋ.ਲ ਸੀ। ਰਾਜਪੂਤ ਡੋਗਰਾਂ ਨਾ.ਲੋਂ ਵੱਧ ਟੌਹਰੀ ਸਨ। ਛਿਆਲੀ 'ਚ ਭੀਖ਼ੇ ਖਾਂ ਦੀ ਮੌਤ ਹੋ ਗਈ। ਬਜ਼ੁਰਗਾਂ ਦਾ ਮੰਨਣਾ ਹੈ ਕਿ ਜੇ ਭੀਖੇ ਖਾਂ ਜਿਉਂਦਾ ਰਹਿੰਦਾ ਤਾਂ ਸ਼ਾਇਦ ਬੇਰਛੇ 'ਚ ਐਨੀ ਕਤਲੋਗਾਰਤ ਨਾ ਹੁੰਦੀ। ਪਾਕਿਸਤਾਨ ਬਣਨ ਤੋਂ ਬਾਅਦ ਰੰਧਾਵਾ ਸਾਹਿਬ ਨੇ ਭੀਖੇ ਖਾਂ ਦੀ ਕਬਰ ਨੂੰ ਪੱਕਾ ਕਰਵਾਇਆ ਸੀ।

ਸੰਤਾ.ਲੀ ਦੇ ਆਰ-ਪਾਰ ਦੀਆਂ ਗੱਲਾਂ ਸੁਣਨ ਲਈ ਕੈਪਟਨ ਰਣਜੀਤ ਸਿੰਘ ਹੁਰਾਂ ਕੋਲ ਗਿਆ।

"ਸੰਤਾ.ਲੀ ਚੜ੍ਹਿਆ ਤਾਂ ਸਾਡੇ ਸਕੂਲ 'ਚ ਦੋ ਬੰਦੇ ਆਏ...।" ਉਨ੍ਹਾਂ ਗੱਲ ਸ਼ੁਰੂ ਕੀਤੀ ਸੀ।

"...ਉਨ੍ਹਾਂ ਦੇ ਸਿਰਾਂ 'ਤੇ ਮੁਸਲਿਮ ਲੀਗੀਆਂ ਵਾ.ਲੀਆਂ ਟੋਪੀਆਂ। ਪਜਾਮਾ ਤੇ ਅਚਕਨ ਪਾਏ ਹੋਏ। ਮੱਥੇ 'ਤੇ ਚੰਦ ਤੇ ਤਾਰੇ ਉਕਰੇ ਹੋਏ। ਉਨ੍ਹਾਂ ਮੂੰਹੋਂ ਅਸੀਂ ਪਹਿਲੀ ਵਾਰ ਪਾਕਿਸਤਾਨ ਦਾ ਨਾਂ ਸੁਣਿਆ। ਇੱਕ ਮੁੰਡਾ ਹੁੰਦਾ ਸੀ। ਉਹਦੇ ਫੁੱਲਬਹਿਰੀ ਹੋਈ ਸੀ। ਉਹਨੇ ਨਜ਼ਮ ਸੁਣਾਈ- ਸਾਰੇ ਜਹਾਂ ਸੇ ਅੱਛਾ, ਪਾਕਿਸਤਾਂ ਹਮਾਰਾ। ਫਿਰ ਵੱਡੇ-ਵੱਡੇ ਪੋਸਟਰ ਲੱਗ ਗਏ, ਇੱਥੇ। ਮੁਹੰਮਦ ਬੂਟਾ ਹੁੰਦਾ ਸੀ ਇੱਥੇ। ਹਜ਼ਾਮਤਾਂ ਕਰਨ ਵਾ.ਲਾ। ਉਹਦਾ ਮੁੰਡਾ ਹਮੀਦ ਮੇਰਾ ਦੋਸਤ ਸੀ। ਅਸੀਂ ਇੱਕੋ ਜਮਾਤ 'ਚ ਪੜ੍ਹਦੇ ਸਾਂ। ਸਕੂਲੋਂ ਮੁੜਦਿਆਂ ਉਹ ਮੈਨੂੰ ਪੁੱਛਣ ਲੱਗਾ- ਜੀਤ ਇਹ ਪਾਕਿਸਤਾਨ ਭਲਾ ਕਿਸ ਬਲਾ ਦਾ ਨਾਂ ਏਂ? ਮੈਨੂੰ ਕਿਹੜਾ ਸਮਝ ਸੀ ਕੋਈ। ਮੁਸਲਿਮ ਲੀਗੀਆਂ ਦੀ ਗੱਲਬਾਤ ਤੋਂ ਮੈਂ ਇੰਨਾ ਕੁ ਜ਼ਰੂਰ ਸਮਝ ਗਿਆ ਸਾਂ ਕਿ ਕੋਈ ਨਵਾਂ ਦੇਸ਼ ਬਣਨ ਜਾ ਰਿਹਾ ਹੈ ਤੇ ਉਸ ਦੇਸ਼ ਦਾ ਨਾਂ ਪਾਕਿਸਤਾਨ ਹੋਵੇਗਾ, ਜਿਸ ਵਿੱਚ ਬਹੁਤੇ ਮੁਸਲਮਾਨ ਹੋਣਗੇ। ਮੈਂ ਆਖਿਆ- ਹਮੀਦ ਤੁਹਾਡਾ ਨਵਾਂ ਦੇਸ਼ ਬਣ ਜਾਣਾ। ਮੇਰੀ ਗੱਲ ਸੁਣ ਕੇ ਉਹ ਉਦਾਸ ਹੋ ਗਿਆ। ਕੁਝ ਦੇਰ ਸੋਚਣ ਤੋਂ ਬਾਅਦ ਬੋਲਿਆ- ਤੂੰ ਨਹੀਂ ਹੋਵੇਗਾ ਉਸ ਦੇਸ਼ ਵਿੱਚ?

ਮੈਂ ਆਖਿਆ- ਮੈਂ ਕਿਹੜਾ ਮੁਸਲਮਾਨ ਆਂ ਹਮੀਦਿਆ। ਮੇਰਾ ਉੱਤਰ ਸੁਣ ਕੇ ਉਹ ਹੱਸ ਪਿਆ ਸੀ।

ਅਗਲੀ ਸਵੇਰ ਡਾਹਢਾ ਉਦਾਸ ਸੀ ਉਹ। ਅੱਧੀ ਛੁੱਟੀ ਵੇ.ਲੇ ਮੈਨੂੰ ਖੇਡਣ ਦੇ ਬਹਾਨੇ ਇੱਕ ਪਾਸੇ ਲਿਜਾ ਕੇ ਕਹਿਣ ਲੱਗਾ- ਮੈਂ ਅੱਬਾ ਕੋ.ਲੋਂ ਪੁੱਛਿਆ। ਉਹ ਕਹਿੰਦਾ ਕਿ ਅਸੀਂ ਬਿਆਸੋਂ ਪਾਰ ਚਲੇ ਜਾਣਾ। ਮੈਂ ਅੱਬਾ ਨੂੰ ਆਖਿਆ- ਮੈਂ ਨਹੀਂ ਛੱਡਣਾ ਆਪਣਾ ਬੇਰਛਾ।

ਮੈਂ ਹਮੀਦੇ ਨੂੰ ਗਹੁ ਨਾ.ਲ ਵੇਖਿਆ ਸੀ। ਉਸ ਦੀਆਂ ਅੱਖਾਂ ਛਲਕ ਪਈਆਂ ਸਨ। ਮੈਂ ਉਸਦਾ ਹੱਥ ਫੜਦਿਆਂ ਆਖਿਆ ਸੀ- ਐਵੇਂ ਝੂਠਾ ਰੌ.ਲਾ ਪਈ ਜਾਂਦਾ। ਬੇਰਛਾ ਤਾਂ ਸਾਰਿਆਂ ਦਾ ਪਿੰਡ ਏ। ਕੋਈ ਕਿਸੇ ਨੂੰ ਉਹਦੇ ਪਿੰਡੋਂ ਥੋੜ੍ਹੋਂ ਕੱਢ ਸਕਦਾ। ਮੇਰੀ ਗੱਲ ਸੁਣਦਿਆਂ ਉਹ ਮੁਸਕਰਾ ਪਿਆ ਸੀ। ਮੈ.ਲੇ ਤੇ ਖਸਤਾ ਹਾਲ ਝੱਗੇ ਨਾ.ਲ ਅੱਖਾਂ ਪੂੰਝਦਿਆਂ ਬੋਲਿਆ ਸੀ- ਉਏ ਜੀਤ, ਜੇ ਕੋਈ ਸਾਨੂੰ ਪਿੰਡੋਂ ਕੱਢੂ ਤਾਂ ਅਸੀਂ ਤੇਰੇ ਘਰ ਆ ਜਾਣਾ। ਤੂੰ ਦਰਵਾਜ਼ਾ ਖੋਲ੍ਹ ਦਏਂਗਾ ਨਾ ਉਸ ਵੇਲੇ?

ਉਸਦੀ ਗੱਲ ਸੁਣ ਕੇ ਮੇਰਾ ਦਿਲ ਭਰ ਆਇਆ ਸੀ।

ਕੁਝ ਦਿਨਾਂ 'ਚ ਪਿੰਡ ਦੀ ਫ਼ਿਜ਼ਾ 'ਚ ਜ਼ਹਿਰ ਫ਼ੈ.ਲ ਗਈ ਸੀ। ਸਾਡਾ ਸਕੂਲ ਵੀ ਬੰਦ ਹੋ ਗਿਆ ਸੀ। ਲੋਕ ਘਰੋਂ ਬਹੁਤ ਘੱਟ ਨਿਕਲਦੇ ਸਨ। ਲੁਹਾਰ ਬਾਕੀ ਸਭ ਕੁਝ ਛੱਡ ਛਵੀਆਂ, ਟਕੂਏ ਤੇ ਤਲਵਾਰਾਂ ਬਣਾਉਣ ਲੱਗ ਪਏ ਸਨ। ਪਿੰਡ-ਪਿੰਡ ਘੁੰਮ ਕੇ ਹਜ਼ਾਮਤਾਂ ਕਰਨ ਵਾ.ਲੇ ਬੂਟਾ ਮੁਹੰਮਦ ਨੂੰ ਘਰ ਬਹਿਣਾ ਪੈ ਗਿਆ ਸੀ। ਇੱਕ ਸ਼ਾਮ ਹਮੀਦ ਨੇ ਮੇਰੇ ਘਰ ਮੂਹਰੇ ਆ ਕੇ ਮੈਨੂੰ ਆਵਾਜ਼ ਮਾਰੀ ਸੀ।

ਅੱਖਾਂ ਅੰਦਰ ਵੱਲ ਧੱਸੀਆਂ ਹੋਈਆਂ। ਚਿਹਰਾ ਉੱਜੜਿਆ ਹੋਇਆ। ਨੰਗੇ ਪੈਰ ਤੇ ਟਾਕੀਆਂ ਲੱਗਾ ਝੱਗਾ। ਮੈਂ ਹੈਰਾਨ ਹੁੰਦਿਆਂ ਉਹਦਾ ਹਾਲ ਪੁੱਛਿਆ ਤਾਂ ਉਹਦਾ ਗੱਚ ਭਰ ਆਇਆ ਸੀ। ਕੁਝ ਪਲ ਕੋਸ਼ਿਸ਼ ਕਰਨ ਬਾਅਦ ਉਹ ਮਸਾਂ ਬੋਲਿਆ ਸੀ- ਮਾਂ ਨੇ ਭੇਜਿਆ। ਮੈਂ... ਮੈਂ... ਆਟਾ ਲੈਣ ਆਇਆਂ।

ਉਹਦੇ ਜਾਣ ਤੋਂ ਬਾਅਦ ਬਾਪੂ ਨੇ ਮੈਨੂੰ ਵਰਜਿਆ ਸੀ- ਜੀਤ ਮੁੜ ਨਾ ਮਿਲੀਂ ਏਹਨੂੰ। ਹੋਰ ਨਾ 'ਸਿਰ-ਫਿਰੇ' ਸਾਡੇ ਪਿੱਛੇ ਪੈ ਜਾਣ। ਸਿਰ-ਫਿਰੇ ਤੋਂ ਉਸਦਾ ਭਾਵ ਉਨ੍ਹਾਂ ਲੋਕਾਂ ਤੋਂ ਸੀ, ਜਿਨ੍ਹਾਂ ਜਥੇ ਬਣਾ ਕੇ ਮੁਸਲਮਾਨਾਂ ਦੇ ਪਿੰਡਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਜਥਿਆਂ ਦਾ ਮੋਹਰੀ ਸਾਡੀ ਪੱਤੀ ਦਾ ਜਗੀਰਾ ਹੁੰਦਾ ਸੀ।

ਕੁਝ ਦਿਨਾਂ ਬਾਅਦ ਨੇੜਲੇ ਪਿੰਡਾਂ ਤੋਂ ਮੁਸਲਮਾਨ ਸਾਡੇ ਪਿੰਡ ਇਕੱਠੇ ਹੋਣੇ ਸ਼ੁਰੂ ਹੋ ਗਏ। ਸਾਡੀ ਪੱਤੀ ਦੇ ਮੁੱਖ ਦਰਵਾਜ਼ੇ 'ਤੇ ਪਹਿਰਾ ਲੱਗਣ ਲੱਗ ਪਿਆ। ਅਫ਼ਵਾਹ ਇਹ ਸੀ ਕਿ ਮੁਸਲਮਾਨਾਂ ਨੇ ਸਾਡੇ ਪਿੰਡ ਨੂੰ ਕਤਲ ਕਰਨ ਤੋਂ ਬਾਅਦ ਕਾਫ਼ਲੇ ਦੀ ਸ਼ਕਲ 'ਚ ਹਿੰਦੂ-ਸਿੱਖਾਂ ਦੇ ਪਿੰਡ ਤਬਾਹ ਕਰਦਿਆਂ, ਬਿਆਸ ਦੇ ਕੰਢੇ ਜਾ ਕੇ ਪਾਕਿਸਤਾਨ ਦਾ ਝੰਡਾ ਝੁਲਾਉਣਾ ਏਂ।

ਜਿਸ ਰਾਤ ਸਾਡੇ ਪਿੰਡ 'ਤੇ ਹਮਲਾ ਹੋਇਆ, ਬੋਦਲਾਂ ਵਾ.ਲਿਆਂ ਖੈਰੂ ਖ਼ਾਂ ਦੇ ਟੱਬਰ ਤੇ ਆਦਿਧਰਮੀਆਂ ਨੂੰ ਪਿੰਡ 'ਚੋਂ ਕੱਢ ਲਿਆ ਸੀ। ਫਿਰ ਬਹੁਤ ਕਤਲੇਆਮ ਹੋਇਆ। ਚੀਕ-ਚਿਹਾੜਾ ਸਾਰੀ ਰਾਤ ਸੁਣਦਾ ਰਿਹਾ। ਬਾਪੂ ਸਾਰੀ ਰਾਤ ਦੇਸ਼ ਦੇ ਲੀਡਰਾਂ ਨੂੰ ਗਾ.ਲਾਂ ਕੱਢਦਾ ਰਿਹਾ ਤੇ ਮੈਨੂੰ ਮੁੜ-ਮੁੜ ਹਮੀਦ ਦਾ ਖ਼ਿਆਲ ਆਉਂਦਾ ਰਿਹਾ। ਸਵੇਰ ਹੋਈ ਤਾਂ ਚੁਫ਼ੇਰੇ ਸ਼ਾਂਤੀ ਸੀ। ਮੇਰਾ ਗੁਆਂਢੀ ਮੁੰਡਾ ਦੌੜਾ-ਦੌੜਾ ਆਇਆ ਤੇ ਕਹਿਣ ਲੱਗਾ- ਹਮੀਦੇ ਨੂੰ ਜਗੀਰੇ ਨੇ ਫੜ ਲਿਆ!

ਬਾਪੂ ਦੇ ਰੋਕਦੇ-ਰੋਕਦੇ ਮੈਂ ਦੌੜਿਆ। ਦਰਵਾਜ਼ੇ 'ਤੇ ਖੜ੍ਹੇ ਬੰਦਿਆਂ ਮੈਨੂੰ ਫੜ੍ਹ ਲਿਆ। ਮੈਂ ਦੇਖਿਆ ਕਿ ਹਮੀਦਾ ਜਗੀਰੇ ਦੀਆਂ ਮਿੰਨਤਾਂ ਕਰਨ ਲੱਗਿਆ ਹੋਇਆ ਸੀ। ਕਦੇ ਹੱਥ ਜੋੜਦਾ ਤੇ ਕਦੇ ਪੈਰ ਫੜ੍ਹਦਾ। ਨਾ ਉਸਦੀ ਸ਼ਕਲ ਪਛਾਣੀ ਜਾ ਰਹੀ ਸੀ, ਨਾ ਆਵਾਜ਼। ਪਲਾਂ-ਛਿਣਾਂ 'ਚ ਜਗੀਰੇ ਨੇ ਤਲਵਾਰ ਉਛਾਲੀ। ਹਮੀਦ ਦੀ ਚੀਕ ਅਸਮਾਨ ਨੂੰ ਚੀਰ ਗਈ ਤੇ ਮੈਂ ਜ਼ਮੀਨ 'ਤੇ ਡਿੱਗ ਪਿਆ। ਹੋਸ਼ ਆਈ ਤਾਂ ਮੈਂ ਆਪਣੇ ਘਰ ਸਾਂ। ਬੁਖ਼ਾਰ ਨਾ.ਲ ਦੇਹ ਤਪ ਰਹੀ ਸੀ ਤੇ ਮਾਂ ਮੇਰੇ ਸਿਰ 'ਤੇ ਠੰਢੀਆਂ ਪੱਟੀਆਂ ਰੱਖ ਰਹੀ ਸੀ।

ਦਿਨ, ਮਹੀਨੇ, ਸਾਲ ਬੀਤਦੇ ਗਏ। ਪੜ੍ਹਾਈ ਤੋਂ ਬਾਅਦ ਮੈਂ ਫੌਜ 'ਚ ਭਰਤੀ ਹੋ ਗਿਆ। ਨੌਕਰੀ ਤੋਂ ਰਿਟਾਇਰ ਹੋ ਕੇ ਪਿੰਡ ਮੁੜ ਆਇਆ। ਜਗੀਰਾ ਮੈਨੂੰ ਹਮੇਸ਼ਾ ਕੋਈ ਖ਼ੂਨੀ ਦਰਿੰਦਾ ਲੱਗਦਾ ਰਿਹਾ।

ਪਿੰਡ 'ਚ ਕੋਈ ਮੌਤ ਹੋ ਗਈ ਸੀ। ਸਾਰੇ ਪਤਵੰਤੇ ਬੈਠੇ ਸਨ। ਜਗੀਰਾ ਬਹੁਤ ਉੱਚੀਆਂ-ਸੁੱਚੀਆਂ ਗੱਲਾਂ ਕਰ ਰਿਹਾ ਸੀ। ਹੱਕ-ਸੱਚ ਤੇ ਜ਼ਿੰਦਗੀ ਦੀ ਨਾਸ਼ਵਾਨਤਾ ਦੀਆਂ ਗੱਲਾਂ। ਰੱਬ ਤੇ ਸਰਬੱਤ ਦੇ ਭਲੇ ਦੀਆਂ ਗੱਲਾਂ। ਮੈਨੂੰ ਹਮੀਦ ਦੇ ਕਤਲ ਵਾ.ਲਾ ਦ੍ਰਿਸ਼ ਯਾਦ ਆ ਗਿਆ। ਮੈਂ ਗੁੱਸੇ ਨਾ.ਲ ਭਰ ਗਿਆ। ਮੈਂ ਉਸਨੂੰ ਪੁੱਛਿਆ- ਜਦੋਂ ਤੂੰ ਹਮੀਦੇ ਨੂੰ ਮਾਰਿਆ, ਉਦੋਂ ਤੇਰੇ ਦਿਲ 'ਚ ਕਿਹੜੀ ਗੱਲ ਸੀ? ਉਸ ਗਰੀਬ ਨੇ ਕਿਹੜਾ ਗੁਨਾਹ ਕੀਤਾ ਸੀ? ਮੇਰੇ ਸਵਾਲ ਸੁਣ ਕੇ ਉਹਨੇ ਨੀਵੀਂ ਪਾ ਲਈ ਸੀ। ਮੈਂ ਉਸਦਾ ਜਵਾਬ ਉਡੀਕਦਾ ਰਿਹਾ। ਉਸਨੇ ਨਾ ਸਿਰ ਚੁੱਕਿਆ ਤੇ ਨਾ ਹੀ ਕੁਝ ਬੋਲਿਆ। ਕੋਈ ਪੰਜਾਹ ਵਰ੍ਹਿਆਂ ਬਾਅਦ, ਉਸ ਦਿਨ ਮੇਰੇ ਮਨ 'ਤੇ ਪਿਆ ਬੋਝ ਲਹਿ ਗਿਆ ਸੀ। ਮੈਂ ਆਪਣੇ ਦੋਸਤ ਹਮੀਦ ਦੇ ਕਤਲ ਦਾ ਬਦਲਾ ਲੈ ਲਿਆ ਸੀ।"

ਕਹਾਣੀ ਮੁਕਾਉਂਦਿਆਂ ਸੂਬੇਦਾਰ ਰਣਜੀਤ ਸਿੰਘ ਸਰਾਂ ਦੇ ਚਿਹਰੇ 'ਤੇ ਜੇਤੂ ਮੁਸਕਾਨ ਫੈਲ ਗਈ ਸੀ।

## ਜੰਗ ਦੇ ਡਰਾਉਣੇ ਪ੍ਰਛਾਵੇਂ

ਇੰਨੇ ਨੂੰ ਸਾਡੇ ਬਾਰਾਂ ਜਹਾਜ਼ਾਂ ਨੇ ਪਾਕਿਸਤਾਨ ਦਾ ਇੱਕ ਕਾਫੀ ਵੱਡਾ ਜਹਾਜ਼ ਅਕਾਸ਼ ਵਿੱਚ ਘੇਰ ਲਿਆ। ਉਹ ਜਿਵੇਂ ਹੀ ਬਚ ਕੇ ਨਿਕਲਣ ਦੀ ਕੋਸ਼ਿਸ਼ ਕਰੇ, ਪਿੱਛੋਂ ਸਾਡੇ ਜਹਾਜ਼ਾਂ ਦੀ ਇੱਕ ਟੋਲੀ ਘੇਰ ਕੇ ਉਹਨੂੰ ਅਗਲੇ ਪਾਸੇ ਜਾਣ ਲਈ ਮਜਬੂਰ ਕਰੇ। ਅਖੀਰ ਬਾਰਾਂ ਜਹਾਜ਼ਾਂ ਦੇ ਘੇਰੇ ਨੇ ਉਸ ਪਾਕਿਸਤਾਨੀ ਲੜਾਕੂ ਜਹਾਜ਼ ਨੂੰ ਗੋਇੰਦਵਾਲ ਦੇ ਨੇੜੇ ਮਾਰ ਗਿਰਾਇਆ। ਥੋੜ੍ਹੀ ਦੇਰ ਬਾਅਦ ਉਹੋ ਜਿਹਾ ਇੱਕ ਹੋਰ ਪਾਕਿਸਤਾਨੀ ਜਹਾਜ਼ ਪੱਛਮ ਵੱਲੋਂ ਆ ਕੇ ਸਾਡੇ ਸ਼ਹਿਰ 'ਤੇ ਚੱਕਰ ਕੱਟਣ ਲੱਗਾ, ਪਰ ਇਸਤੋਂ ਪਹਿਲਾਂ ਕਿ ਉਹ ਕੋਈ ਹਰਕਤ ਕਰਦਾ, ਭਾਰਤੀ ਲੜਾਕੂ ਜਹਾਜ਼ ਉਹਨੂੰ ਘੇਰਨ ਲੱਗੇ ਤੇ ਉਹ ਬਚ ਕੇ ਨਿਕਲ ਗਿਆ। ਉਸਤੋਂ ਬਾਅਦ ਵੀ ਸਾਡੇ ਲੜਾਕੂ ਜਹਾਜ਼ ਕਾਫੀ ਦੇਰ ਤੱਕ ਅਕਾਸ਼ ਵਿੱਚ ਚੱਕਰ ਕੱਟਦੇ ਰਹੇ। ਇਹ ਲੜਾਈ ਦਾ ਆਖਰੀ ਦਿਨ ਸੀ ਤੇ ਰਾਤ ਸੱਤ ਵਜੇ ਸੀਜ਼ਫਾਇਰ ਹੋ ਗਿਆ।

ਇਸ ਲੜਾਈ ਦਾ ਇੱਕ ਹੋਰ ਵਾਕਿਆ ਯਾਦ ਹੈ। ਮਿਲਟਰੀ ਦੇ ਟਰੱਕ ਅਕਸਰ ਸ਼ਹਿਰ ਦੇ ਬਾਹਰ ਵਾਲੀ ਸੜਕ ਤੋਂ ਲੰਘ ਕੇ ਨੂਰਦੀਨ ਵਾਲੀ ਸੜਕ ਉਤੇ ਪੈ ਜਾਂਦੇ, ਜੋ ਅੱਗੋਂ ਖੇਮਕਰਨ ਜਾਂਦੀ ਸੀ। ਟੂਟੀਆਂ ਕੋਲ (ਜਿੱਥੇ ਅਕਸਰ ਲੋਕ ਸਸਕਾਰ ਕਰਨ ਤੋਂ ਬਾਅਦ ਆ ਕੇ ਹੱਥ, ਮੂੰਹ ਧੋਂਦੇ ਸਨ) ਸ਼ਹਿਰ ਵੱਲੋਂ ਫੌਜੀਆਂ ਨੂੰ ਗੁੜ੍ਹ, ਭੁੱਜੇ ਛੋਲੇ ਤੇ ਖਾਣ-ਪੀਣ ਦੇ ਪੈਕੇਟ ਦੇ ਕੇ ਨਾਲ ਨਾਲ ਉਨ੍ਹਾਂ ਦਾ ਉਤਸ਼ਾਹ ਵਧਾਉਣ ਲਈ ਨਾਅਰੇ ਲਾਏ ਜਾਂਦੇ ਸਨ। ਇਸ ਵਿੱਚ ਸਾਡਾ ਜੋਸ਼ ਵੀ ਠਾਠਾਂ ਮਾਰਦਾ ਸੀ। ਇਸ ਜੰਗ ਵਿੱਚ ਦੇਸ਼ ਭਗਤੀ ਦਾ ਜਜ਼ਬਾ ਦੇਖਣ ਵਾਲਾ ਹੁੰਦਾ ਸੀ। ਦੇਸ਼ ਦੀ ਆਨ ਤੇ ਸ਼ਾਨ ਲਈ ਮਰ ਮਿਟਣ ਦਾ ਹੌਸਲਾ ਏਨਾ ਸੀ ਕਿ ਅਸੀਂ ਆਪਣੇ ਆਪ ਨੂੰ ਛੋਟੇ-ਛੋਟੇ ਸਿਪਾਹੀ ਸਮਝਦੇ ਸਾਂ। ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਜੋਸ਼ ਭਰ ਦਿੰਦੀਆਂ।

ਇਸੇ ਸਮੇਂ ਇੱਕ ਹਾਦਸਾ ਵਾਪਰ ਗਿਆ। ਅਸਲੇ ਨਾਲ ਭਰੀ ਫੌਜ ਦੀ ਇੱਕ ਗੱਡੀ ਮੇਨ ਸੜਕ ਤੋਂ ਅੰਦਰ ਵੱਲ ਮੁੜਨ ਵੇਲੇ ਉਲਟ ਕੇ ਹੇਠਾਂ ਰੋਹੀ ਵਿੱਚ ਜਾ ਡਿੱਗੀ। ਅਸਲਾ ਚਲਣਾ ਸ਼ੁਰੂ ਹੋ ਗਿਆ। ਇੰਜ ਲੱਗ ਰਿਹਾ ਸੀ ਜਿਵੇਂ ਪੂਰਾ ਸ਼ਹਿਰ ਤਬਾਹ ਹੋ ਜਾਏਗਾ; ਕਿਸੇ ਵੇਲੇ ਕੋਈ ਵੱਡਾ ਗੋਲਾ ਸ਼ਹਿਰ 'ਤੇ ਆ ਕੇ ਡਿੱਗ ਸਕਦਾ ਹੈ; ਪਰ ਪਿਛੇ ਆ ਰਹੀ ਪਲਟਨ ਨੇ ਬੜੀ ਸੂਝ-ਬੂਝ ਨਾਲ ਇਸ ਆਪ੍ਰੇਸ਼ਨ ਨੂੰ ਆਪਣੇ ਹੱਥ ਲੈ ਲਿਆ ਤੇ ਜਾਨਾਂ ਦੀ ਪ੍ਰਵਾਹ ਨਾ ਕਰਦਿਆਂ ਹਾਦਸੇ ਵਾਲੀ ਗੱਡੀ ਵਿੱਚੋਂ ਅਸਲਾ ਕੱਢਣਾ ਸ਼ੁਰੂ ਕਰ ਦਿੱਤਾ। ਥੋੜ੍ਹੇ ਜਿਹੇ ਨੁਕਸਾਨ ਤੋਂ ਬਾਅਦ ਸ਼ਹਿਰ ਨੂੰ ਤਬਾਹੀ ਤੋਂ ਬਚਾ ਲਿਆ।

ਪਹਿਲਗਾਮ ਹਮਲੇ ਦਾ ਬਦਲਾ ਲੈਣ ਲਈ ਭਾਰਤ ਨੇ ਪਾਕਿਸਤਾਨ ਦੇ ਨੌਂ ਟਿਕਾਣਿਆਂ ਉਤੇ ਸਰਜੀਕਲ ਏਅਰ ਸਟ੍ਰਾਈਕ ਕੀਤਾ; ਪਰ ਇੱਕ ਗੱਲ ਸਪਸ਼ਟ ਹੈ ਕਿ ਜੰਗਾਂ ਕਿਸੇ ਮਸਲੇ ਦਾ ਹਲ ਨਹੀਂ ਹੁੰਦੀਆਂ। ਲੋੜ ਇਸ ਗੱਲ ਉਤੇ ਜ਼ੋਰ ਦੇਣ ਦੀ ਹੈ ਕਿ ਅਤਿਵਾਦ ਨਾਲ ਕਿਵੇਂ ਨਜੀਠਿਆ ਜਾਵੇ! ਦੁਨੀਆ ਭਰ ਦੇ ਤਾਕਤਵਰ ਮੁਲਕਾਂ ਨੂੰ ਇਸ ਵਿੱਚ ਸ਼ਮੂਲੀਅਤ ਕਰਨੀ ਚਾਹੀਦੀ ਹੈ ਤਾਂ ਜੋ ਅਤਿਵਾਦ ਖਤਮ ਕਰਕੇ ਜੰਗਾਂ ਦਾ ਮੂੰਹ ਮੋੜਿਆ ਜਾ ਸਕੇ। ਜੰਗ ਵਿੱਚ ਜਿਹੜੇ ਫੌਜੀ ਸ਼ਹੀਦ ਹੋ ਜਾਂਦੇ ਹਨ ਜਾਂ ਸਿਵਲੀਅਨ ਮਾਰੇ ਜਾਂਦੇ ਹਨ, ਉਨ੍ਹਾਂ ਦੇ ਪਰਿਵਾਰ ਰੁਲ ਜਾਂਦੇ ਹਨ। ਇਸ ਬਰਬਾਦੀ ਤੋਂ ਬਚਣ ਲਈ ਦੁਨੀਆ ਵਿੱਚ ਅਮਨ, ਸ਼ਾਂਤੀ ਤੇ ਆਪਸੀ ਭਾਈਚਾਰੇ ਦਾ ਪੈਗਾਮ ਦੇਣਾ ਚਾਹੀਦਾ ਹੈ।

## ਰੂਸ ਤੇ ਯੂਕਰੇਨ ਜੰਗ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ 'ਤੇ ਪਾਣੀ ਫਿਰਿਆ

'ਸਾਡੀ ਹਵਾਈ ਰੱਖਿਆ ਨੂੰ ਖਤਮ ਕਰਨਾ' ਸੀ।

ਪੋਲੈਂਡ ਦੀ ਹਵਾਈ ਫ਼ੌਜ ਅਨੁਸਾਰ ਪੋਲੈਂਡ ਅਤੇ ਸਹਿਯੋਗੀ ਦੇਸ਼ਾਂ ਨੇ ਪੋਲਿਸ਼ ਹਵਾਈ ਖੇਤਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜਹਾਜ਼ ਉਡਾਏ। ਖਰਸੋਨ ਖੇਤਰ ਦੇ ਗਵਰਨਰ ਓਲੇਕਜੈਂਡਰ ਪ੍ਰੋਕੁਡਿਨ ਅਨੁਸਾਰ ਇੱਕ ਡਰੋਨ ਹਮਲੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦਕਿ ਖਾਰਕੀਵ ਖੇਤਰ ਵਿੱਚ ਇੱਕ ਕਾਰ 'ਤੇ ਡਰੋਨ ਡਿੱਗਣ ਕਾਰਨ ਇੱਕ ਹੋਰ ਵਿਅਕਤੀ ਦੀ ਮੌਤ ਹੋ ਗਈ। ਖੇਤਰੀ ਗਵਰਨਰ ਇਗੋਰ ਤਾਬੁਰੇਤਸ ਅਨੁਸਾਰ, ਚੇਰਕਾਸੀ ਵਿੱਚ ਛੇ ਵਿਅਕਤੀ ਜ਼ਖਮੀ ਹੋ ਗਏ, ਜਿਨ੍ਹਾਂ ਵਿੱਚ ਇੱਕ ਬੱਚਾ ਵੀ ਸ਼ਾਮਲ ਸੀ। ਪੱਛਮੀ ਲਵੀਵ ਖੇਤਰ ਵਿੱਚ ਡਰੋਹੋਬੀਚ ਸ਼ਹਿਰ ਵਿੱਚ ਇੱਕ ਡਰੋਨ ਹਮਲੇ ਤੋਂ ਬਾਅਦ ਇੱਕ ਉਦਯੋਗਿਕ ਕੇਂਦਰ ਵਿੱਚ ਵੱਡੀ ਅੱਗ ਲੱਗ ਗਈ, ਜਿਸ ਨਾਲ ਸ਼ਹਿਰ ਦੇ ਕੁਝ ਹਿੱਸਿਆਂ ਵਿੱਚ ਬਿਜਲੀ ਵੀ ਕੱਟੀ ਗਈ। ਦੂਜੇ ਪਾਸੇ ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਨੇ ਰਾਤੋ-ਰਾਤ ਤਿੰਨ ਯੂਕਰੇਨੀ ਡਰੋਨਾਂ ਨੂੰ ਡੇਗ ਦਿੱਤਾ। ਖੇਤਰੀ ਗਵਰਨਰ ਅਲੈਗਜ਼ੈਂਡਰ ਬੋਗੋਮਾਜ਼ ਅਨੁਸਾਰ ਪੱਛਮੀ ਰੂਸ ਦੇ ਬਰਿਆਂਸਕ ਸ਼ਹਿਰ 'ਤੇ ਇੱਕ ਹੋਰ ਯੂਕਰੇਨੀ ਡਰੋਨ ਹਮਲੇ ਵਿੱਚ ਦੋ ਵਿਅਕਤੀ ਜ਼ਖ਼ਮੀ ਹੋਏ ਹਨ। ਰੂਸ ਨੇ ਦਾਅਵਾ ਕੀਤਾ ਕਿ ਉਸ ਨੇ ਅੰਸ਼ਕ ਤੌਰ 'ਤੇ ਰੂਸੀ ਕਬਜ਼ੇ ਵਾਲੇ ਦੋਨੇਤਸਕ ਖੇਤਰ ਵਿੱਚ ਨੋਵੋਯੂਕਰੇਨਕਾ ਪਿੰਡ 'ਤੇ ਕਬਜ਼ਾ ਕਰ ਲਿਆ। ਰੂਸੀ ਫੌਜਾਂ ਲਗਪਗ 1,000 ਕਿਲੋਮੀਟਰ ਦੀ ਫਰੰਟ ਲਾਈਨ 'ਤੇ ਕੁਝ ਥਾਵਾਂ 'ਤੇ ਹੌਲੀ-ਹੌਲੀ ਅੱਗੇ ਵਧ ਰਹੀਆਂ ਹਨ।

ਇਸੇ ਦੌਰਾਨ ਜ਼ੇਲੇਂਸਕੀ ਨੇ ਰੂਸ ਵੱਲੋਂ ਹਥਿਆਰਾਂ ਦੀ ਵਰਤੋਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਉਸ ਨੇ ਬਾਰੂਦੀ ਸੁਰੰਗਾਂ 'ਤੇ ਪਾਬੰਦੀ ਲਗਾਉਣ ਵਾਲੇ ਅੰਤਰਰਾਸ਼ਟਰੀ ਓਟਾਵਾ ਸੰਧੀ ਤੋਂ ਯੂਕਰੇਨ ਨੂੰ ਬਾਹਰ ਕੱਢਣ ਲਈ ਇੱਕ ਫ਼ਰਮਾਨ 'ਤੇ ਦਸਤਖਤ ਕੀਤੇ ਹਨ। ਐਸਟੋਨੀਆ, ਫਿਨਲੈਂਡ, ਲਾਤਵੀਆ, ਲਿਥੁਆਨੀਆ ਅਤੇ ਪੋਲੈਂਡ ਵੀ ਹਾਲ ਹੀ ਵਿੱਚ ਸੰਧੀ ਤੋਂ ਬਾਹਰ ਨਿਕਲ ਗਏ ਹਨ ਜਾਂ ਅਜਿਹਾ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਜ਼ੇਲੇਂਸਕੀ, ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਵੀ ਲਾਬਿੰਗ ਕਰ ਰਹੇ ਹਨ ਕਿ ਯੂਕਰੇਨ ਨੂੰ ਅਮਰੀਕੀ-ਡਿਜ਼ਾਈਨ ਕੀਤੇ ਪੈਟ੍ਰਿਅਟ ਹਵਾਈ ਰੱਖਿਆ ਪ੍ਰਣਾਲੀਆਂ ਖਰੀਦਣ ਦਿੱਤੀਆਂ ਜਾਣ, ਜੋ ਕਿ ਸਿਰਫ ਭਰੋਸੇਯੋਗ ਤੌਰ 'ਤੇ ਬੈਲਿਸਟਿਕ ਮਿਜ਼ਾਈਲਾਂ ਨੂੰ ਡੇਗਣ ਦੇ ਸਮਰੱਥ ਹਨ। ਟਰੰਪ ਨੇ ਪਿਛਲੇ ਦਿਨੀਂ ਸੁਝਾਅ ਦਿੱਤਾ ਸੀ ਕਿ ਉਹ ਯੂਕਰੇਨ ਨੂੰ ਹੋਰ ਪੈਟ੍ਰਿਅਟ ਭੇਜ ਸਕਦੇ ਹਨ; ਹਾਲਾਂਕਿ ਇਹ ਸਪੱਸ਼ਟ ਨਹੀਂ ਸੀ ਕਿ ਉਨ੍ਹਾਂ ਦਾ ਮਤਲਬ ਬੈਟਰੀਆਂ ਸਨ ਜਾਂ ਸਿਰਫ਼ ਗੋਲਾ ਬਾਰੂਦ!

ਕੌਂਸਲ ਆਨ ਫਾਰਨ ਰਿਲੇਸ਼ਨਜ਼ (ਸੀ.ਐਫ.ਆਰ.) ਮਾਹਰ ਥਾਮਸ ਗ੍ਰਾਹਮ ਦੇ ਸ਼ਬਦਾਂ ਵਿੱਚ, "ਅੱਜ ਪੂਤਿਨ ਨੂੰ ਰੋਕਣ ਲਈ ਪੱਛਮ ਨੂੰ ਉਹ ਕਰਨ ਦੀ ਜ਼ਰੂਰਤ ਹੈ, ਜੋ ਉਸਨੇ ਪਿਛਲੇ ਸਮੇਂ ਵਿੱਚ ਰੂਸੀ ਵਿਸਥਾਰ ਨੂੰ ਧੁੰਦਲਾ ਕਰਨ ਲਈ ਕੀਤਾ ਹੈ। ਇਸਨੂੰ ਇੱਕ ਵਿਰੋਧੀ ਤਾਕਤ ਬਣਾਉਣੀ ਚਾਹੀਦੀ ਹੈ, ਕਿਉਂਕਿ ਇਹ ਸਹਿ-ਹੋਂਦ 'ਤੇ ਗੱਲਬਾਤ ਖੋਲ੍ਹਦਾ ਹੈ। ਇਹ ਕੋਈ ਅਸੰਭਵ ਕੰਮ ਨਹੀਂ ਹੈ। ਪੱਛਮ ਕੋਲ ਸਰੋਤ ਹਨ। ਇਸਨੂੰ ਸਿਰਫ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਲਈ ਇੱਕ ਰਣਨੀਤੀ ਦੀ ਲੋੜ ਹੈ।"

ਰੂਸ ਵੱਲੋਂ ਯੂਕਰੇਨ ਉਤੇ ਹਵਾਈ ਹਮਲਿਆਂ ਦੀ ਨਵੀਂ ਮੁਹਿੰਮ ਦੇ ਨਾਗਰਿਕਾਂ ਲਈ ਘਾਤਕ ਨਤੀਜੇ ਵੀ ਸਾਹਮਣੇ ਆਏ ਹਨ। ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਦਫ਼ਤਰ ਨੇ ਲੰਘੇ ਐਤਵਾਰ ਨੂੰ ਰਿਪੋਰਟ ਦਿੱਤੀ ਕਿ ਯੂਕਰੇਨ ਵਿੱਚ ਦਸੰਬਰ 2024 ਤੋਂ ਮਈ 2025 ਤੱਕ ਦੇ ਸਮੇਂ ਵਿੱਚ ਨਾਗਰਿਕਾਂ ਦੀ ਮੌਤ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ 37 ਪ੍ਰਤੀਸ਼ਤ ਵੱਧ ਗਈ ਹੈ, ਜਿਸ ਵਿੱਚ 968 ਨਾਗਰਿਕ ਮਾਰੇ ਗਏ ਅਤੇ 4,807 ਜ਼ਖਮੀ ਹੋਏ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮੌਤਾਂ ਯੂਕਰੇਨ ਦੇ ਨਿਯੰਤਰਿਤ ਖੇਤਰਾਂ ਵਿੱਚ ਹੋਈਆਂ।

# ਵਿਲੱਖਣ ਪ੍ਰਤਿਭਾ ਦਾ ਧਾਰਨੀ ਹੈ 'ਪਾਰਸੀ ਸਮਾਜ'

ਜਾਣਕਾਰੀ

**ਅਸ਼ਵਨੀ ਚਤਰਥ**
ਫੋਨ:+91-6284220595



ਸੱਤਵੀਂ ਸਦੀ ਵਿੱਚ ਅਰਬ ਲੋਕਾਂ ਵੱਲੋਂ ਇਰਾਨ (ਜਾਂ ਪਰਸ਼ੀਆ) ਦੇਸ਼ ਉੱਤੇ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਉੱਥੋਂ ਦੇ ਲੋਕਾਂ ਦਾ ਇੱਕ ਵਰਗ ਭਾਰਤੀ ਉੱਪ ਮਹਾਂਦੀਪ ਵੱਲ ਆ ਗਿਆ ਸੀ। ਉਨ੍ਹਾਂ ਦਾ ਇਹ ਪਰਵਾਸ ਅੱਠਵੀਂ ਤੋਂ ਦਸਵੀਂ ਸਦੀ ਦੌਰਾਨ ਹੋਇਆ ਸੀ। ਇਨ੍ਹਾਂ ਲੋਕਾਂ ਨੂੰ ਪਾਰਸੀ (ਪਰਸ਼ੀਆ ਤੋਂ ਬਣਿਆ ਪਾਰਸੀ) ਕਿਹਾ ਜਾਂਦਾ ਹੈ। ਮੌਜੂਦਾ ਸਮੇਂ ਵਿੱਚ ਇਹ ਲੋਕ ਮੁੰਬਈ, ਪੂਣੇ, ਕਰਾਚੀ, ਚੇਨੱਈ ਅਤੇ ਗੁਜਰਾਤ ਦੇ ਕੁਝ ਹਿੱਸਿਆਂ ਵਿੱਚ ਰਹਿੰਦੇ ਹਨ। 2011 ਦੀ ਜਨਗਣਨਾ ਅਨੁਸਾਰ ਭਾਰਤ ਵਿੱਚ ਇਨ੍ਹਾਂ ਦੀ ਆਬਾਦੀ 57 ਹਜ਼ਾਰ ਦੇ ਕਰੀਬ ਸੀ। ਵੈਸੇ ਇਨ੍ਹਾਂ ਦੀ ਸਭ ਤੋਂ ਵੱਧ ਗਿਣਤੀ ਮੁੰਬਈ ਵਿੱਚ ਰਹਿੰਦੀ ਹੈ। ਭਾਰਤ ਵਿੱਚ ਰਹਿੰਦੇ ਦੂਜੇ ਭਾਈਚਾਰਿਆਂ ਦੇ ਉਲਟ ਇਨ੍ਹਾਂ ਵਿੱਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਇਨ੍ਹਾਂ ਦੇ ਨਵੇਂ ਸਾਲ ਦੇ ਪਹਿਲੇ ਮਹੀਨੇ ਨੂੰ 'ਫ਼ਰਵਰਦਿਨ' ਅਤੇ ਕੈਲੰਡਰ ਦੇ ਪਹਿਲੇ ਦਿਨ ਨੂੰ 'ਨਵਰੋਜ਼' ਕਹਿੰਦੇ ਹਨ। ਇਨ੍ਹਾਂ ਦੇ ਧਰਮ ਦਾ ਨਾਂ 'ਜ਼ੋਰੋਐਸਟਰੀਨਿਜ਼ਮ' ਹੈ, ਇਸ ਲਈ ਇਨ੍ਹਾਂ ਲੋਕਾਂ ਨੂੰ 'ਜ਼ੋਰੋਐਸਟਰ' ਵੀ ਕਿਹਾ ਜਾਂਦਾ ਹੈ।

ਹੈਰਾਨੀ ਦੀ ਗੱਲ ਹੈ ਕਿ ਜਿੱਥੇ ਇੱਕ ਪਾਸੇ ਸਮਾਜ ਦੇ ਦੂਜੇ ਵਰਗਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾ ਰਹੀ ਹੈ, ਉੱਥੇ ਇਸ ਸਮਾਜ ਦੇ ਲੋਕਾਂ ਦੀ ਗਿਣਤੀ ਲਗਾਤਾਰ ਘੱਟ ਰਹੀ ਹੈ, ਕਿਉਂਕਿ ਇਨ੍ਹਾਂ ਵਿੱਚ ਜਨਮ ਦਰ ਕਾਫ਼ੀ ਘੱਟ ਹੈ। ਇਸ ਦਾ ਇੱਕ ਮੁੱਖ ਕਾਰਨ ਇਹ ਵੀ ਹੈ ਕਿ ਪਾਰਸੀ ਲੋਕਾਂ ਦਾ ਇੱਕ ਚੌਥਾਈ ਹਿੱਸਾ ਸਾਰੀ ਉਮਰ ਵਿਆਹ ਹੀ ਨਹੀਂ ਕਰਵਾਉਂਦਾ ਹੈ। ਮਹਿੰਗਾਈ ਕਰਕੇ ਵੀ ਇਨ੍ਹਾਂ ਲੋਕਾਂ ਦੇ ਜ਼ਿਆਦਾਤਰ ਪਰਿਵਾਰਾਂ ਦਾ ਇੱਕ ਹੀ ਬੱਚਾ ਹੁੰਦਾ ਹੈ। ਇਨ੍ਹਾਂ ਲੋਕਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਪੇਸ਼ੇ, ਵਣਜ ਅਤੇ ਵਪਾਰ ਪੱਖੋਂ ਕਾਫ਼ੀ ਉੱਦਮੀ ਹੁੰਦੇ ਹਨ। ਗਿਣਤੀ ਪੱਖੋਂ ਘੱਟ ਹੋਣ ਦੇ ਬਾਵਜੂਦ ਇਨ੍ਹਾਂ ਦਾ ਭਾਰਤ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਰਿਹਾ ਹੈ।

ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੇ ਸਾਲਾਂ ਦੌਰਾਨ ਭਾਰਤ ਵਿੱਚ ਹੋਈ ਵਪਾਰਕ, ਉਦਯੋਗਿਕ, ਵਿੱਦਿਅਕ ਅਤੇ ਸਮਾਜਿਕ ਤਰੱਕੀ ਕਰਨ ਵਿੱਚ ਪਾਰਸੀ ਲੋਕ ਸਭ ਤੋਂ ਮੂਹਰਲੀ ਕਤਾਰ ਵਿੱਚ ਰਹੇ ਸਨ। ਇਸੇ ਸਦਕਾ ਉਹ ਬੈਂਕਾਂ, ਭਾਰੀ ਉਦਯੋਗਾਂ, ਸ਼ਿਪਿੰਗ ਕੰਪਨੀਆਂ, ਜਹਾਜ਼ ਬਣਾਉਣ ਵਾਲੀਆਂ ਕੰਪਨੀਆਂ ਅਤੇ ਅਨੇਕਾਂ ਤਰ੍ਹਾਂ ਦੇ ਹੋਰ ਅਦਾਰਿਆਂ ਦੇ ਮਾਲਕ ਬਣ ਗਏ ਸਨ। ਮੌਜੂਦਾ ਸਮੇਂ ਵਿੱਚ ਵੀ ਰਸਾਇਣਕ ਦਵਾਈਆਂ ਦੀਆਂ ਫੈਕਟਰੀਆਂ, ਮੋਟਰ ਗੱਡੀਆਂ ਦੇ ਉਦਯੋਗ, ਹਵਾਈ ਜਹਾਜ਼ਾਂ ਦੀਆਂ ਉਡਾਣਾਂ ਦੀਆਂ ਸੇਵਾਵਾਂ, ਸਟੀਲ ਪਲਾਂਟਾਂ, ਇਮਾਰਤੀ ਨਿਰਮਾਣ ਦੇ ਉਦਯੋਗ ਅਤੇ ਵੈਕਸੀਨ ਤਿਆਰ ਕਰਨ ਦੇ ਕਾਰਖ਼ਾਨੇ ਆਦਿ ਜਿਹੇ ਵੱਡੇ ਵੱਡੇ ਉਦਯੋਗ ਪਾਰਸੀਆਂ ਵੱਲੋਂ ਹੀ ਚਲਾਏ ਜਾ ਰਹੇ ਹਨ। ਪਾਰਸੀਆਂ ਨੂੰ ਉਨ੍ਹਾਂ ਵੱਲੋਂ ਚਲਾਏ ਜਾਂਦੇ ਲੋਕ ਭਲਾਈ ਦੇ ਕੰਮਾਂ ਲਈ ਖ਼ਾਸ ਕਰਕੇ ਜਾਣਿਆ ਜਾਂਦਾ ਹੈ। ਇੱਥੇ 'ਪਦਮ ਭੂਸ਼ਨ' ਅਤੇ 'ਪਦਮ ਵਿਭੂਸ਼ਨ' ਸਨਮਾਨ ਪ੍ਰਾਪਤ ਸ਼੍ਰੀ ਰਤਨ ਟਾਟਾ ਦਾ ਜ਼ਿਕਰ ਕਰਨਾ ਬੇਹੱਦ ਜ਼ਰੂਰੀ ਬਣਦਾ ਹੈ, ਜਿਨ੍ਹਾਂ ਨੇ ਭਾਰਤੀ ਉਦਯੋਗ ਅਤੇ ਭਾਰਤੀ ਅਰਥ ਵਿਵਸਥਾ ਨੂੰ ਅੱਗੇ ਲਿਜਾਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ ਅਤੇ ਉਨ੍ਹਾਂ ਵੱਲੋਂ ਲੋਕ ਭਲਾਈ ਦੇ ਵੀ ਅਨੇਕਾਂ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਦੀ ਰਹਿਨੁਮਾਈ ਵਿੱਚ ਬਣਾਏ ਗਏ 'ਟਾਟਾ ਐਜੂਕੇਸ਼ਨ ਅਤੇ ਡਿਵੈਲਪਮੈਂਟ ਟਰੱਸਟ' ਵੱਲੋਂ 28 ਮਿਲੀਅਨ ਡਾਲਰ ਦਾ ਇੱਕ ਸਕਾਲਰਸ਼ਿਪ ਫੰਡ 'ਕਾਰਨਲ ਯੂਨੀਵਰਸਿਟੀ' ਨੂੰ ਦਿੱਤਾ ਗਿਆ ਹੈ, ਜੋ ਕਿ ਭਾਰਤੀ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਦੇਣ ਦਾ ਕੰਮ ਕਰੇਗਾ।

ਸੱਭਿਆਚਾਰ ਪੱਖੋਂ ਵੀ ਪਾਰਸੀ ਲੋਕ ਇੱਕ ਵੱਖਰੀ ਪਛਾਣ ਰੱਖਦੇ ਹਨ। ਪਾਰਸੀ ਲੋਕ ਆਪਣੇ ਹੀ ਬੱਚਿਆਂ ਨੂੰ ਸੱਤ ਕੁ ਸਾਲ ਦੀ ਉਮਰ ਤੋਂ ਬਾਅਦ ਹੀ, ਜਦੋਂ ਕਿ ਬੱਚੇ ਆਪਣੀ ਧਰਮ ਪ੍ਰਾਥਨਾ ਬੋਲਣ ਦੇ ਯੋਗ ਹੋ ਜਾਂਦੇ ਹਨ, ਵਿਧੀਵਤ ਆਪਣੇ ਧਰਮ ਮੱਤ ਵਿੱਚ ਸ਼ਾਮਲ ਕਰਦੇ ਹਨ। ਅਜਿਹਾ 'ਨਵਜੋਤ' ਨਾਂ ਦੀ ਇੱਕ ਧਾਰਮਿਕ ਰੀਤੀ ਨਾਲ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਵਿਆਹ ਦੀਆਂ ਰਸਮਾਂ ਲਈ ਮੱਸਿਆ ਜਾਂ ਪਾਰਸੀ ਮਹੀਨੇ ਦਾ ਪਹਿਲਾ ਦਿਨ, ਜਿਸ ਨੂੰ 'ਹੋਰਮਾਜ਼' ਵੀ ਕਿਹਾ ਜਾਂਦਾ ਹੈ, ਨੂੰ ਸੁਭਾਗਾ ਮੰਨਿਆ ਜਾਂਦਾ ਹੈ। ਸ਼ਾਦੀ ਧਾਰਮਿਕ ਗੁਰੂਆਂ ਅਤੇ ਸਮਾਜ ਦੇ ਬਜ਼ੁਰਗਾਂ ਦੀ ਹਾਜ਼ਰੀ ਵਿੱਚ ਹੁੰਦੀ ਹੈ। ਪਾਰਸੀ ਲੋਕਾਂ ਦੇ ਧਾਰਮਿਕ ਸਥਾਨਾਂ ਨੂੰ 'ਅਗਨ ਮੰਦਰ' ਜਾਂ 'ਅਤਸ਼ ਬੋਹਰਾਮ' ਆਖਿਆ ਜਾਂਦਾ ਹੈ। ਪਾਰਸੀ ਲੋਕ ਸਾਫ਼ ਸਫ਼ਾਈ ਨੂੰ ਬਹੁਤ ਅਹਿਮੀਅਤ ਦਿੰਦੇ ਹਨ। ਇੱਥੋਂ ਤੱਕ ਕਿ ਉਹ ਆਪਣੀ ਬਰਾਦਰੀ ਦੇ ਅਕਾਲ ਚਲਾਣਾ ਕਰ ਚੁੱਕੇ ਲੋਕਾਂ ਦੀਆਂ ਮ੍ਰਿਤਕ ਦੇਹਾਂ ਨੂੰ 'ਦਖ਼ਮਾ' ਨਾਂ ਦੇ ਗੋਲ ਚਬੂਤਰੇ ਅੰਦਰ ਇੱਲਾਂ ਆਦਿ ਜਿਹੇ ਮਾਸ ਖੋਰੇ ਪੰਛੀਆਂ ਦੇ ਖਾਣ ਲਈ ਛੱਡ ਦਿੰਦੇ ਹਨ। ਇੱਲਾਂ ਅਤੇ ਗਿਰਝਾਂ ਜਿਹੇ ਪੰਛੀਆਂ ਵੱਲੋਂ ਮ੍ਰਿਤਕ ਦੇਹਾਂ ਦਾ ਮਾਸ ਖਾਣ ਮਗਰੋਂ ਹੱਡੀਆਂ ਬਚ ਜਾਂਦੀਆਂ ਹਨ, ਜਿਨ੍ਹਾਂ ਦਾ ਗਰਮੀ, ਮੀਂਹ ਅਤੇ ਹਵਾ ਦੁਆਰਾ ਵਿਘਟਨ ਹੋਣ ਤੋਂ ਬਾਅਦ ਬਾਰੀਕ ਪਾਊਡਰ ਬਚ ਜਾਂਦਾ ਹੈ। ਇਹ ਪਾਊਡਰ ਮੀਂਹ ਆਦਿ ਦੇ ਪਾਣੀ ਵਿੱਚ ਘੁਲ਼ ਕੇ ਪਾਣੀ ਵਿਚਲੇ ਖਣਿਜ ਪਦਾਰਥਾਂ ਦੀ ਮਾਤਰਾ ਨੂੰ ਵਧਾਉਂਦਾ ਹੈ। ਇਸ ਪਾਣੀ ਦੀ ਸਿਜਾਈ ਨਾਲ ਖੇਤਾਂ ਦੀ ਉਪਜਾਊ ਸ਼ਕਤੀ ਵੀ ਵਧਦੀ ਹੈ ਅਤੇ ਕਿਸੇ ਤਰ੍ਹਾਂ ਦਾ ਕੋਈ ਪ੍ਰਦੂਸ਼ਣ ਵੀ ਨਹੀਂ ਹੁੰਦਾ।

ਪਾਰਸੀ ਸਮਾਜ ਦੀਆਂ ਅਨੇਕਾਂ ਸਿਰਕੱਢ ਸ਼ਖਸੀਅਤਾਂ ਭਾਰਤ ਦੀ ਆਜ਼ਾਦੀ ਦੀ ਲਹਿਰ ਨਾਲ ਵੀ ਜੁੜੀਆਂ ਹੋਈਆਂ ਸਨ। ਫ਼ਿਰੋਜ਼ ਸ਼ਾਹ ਮਹਿਤਾ, ਦਾਦਾ ਭਾਈ ਨਾਰੋ ਜੀ ਅਤੇ ਭੀਕਾ ਜੀ ਕਾਮਾ ਅਜਿਹੀਆਂ ਕੁਝ ਹਸਤੀਆਂ ਹਨ, ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਦੌਰਾਨ ਅਹਿਮ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਭਾਰਤੀ ਪ੍ਰਮਾਣੂ ਪ੍ਰੋਗਰਾਮ ਦੇ 'ਪਿਤਾਮਾ' ਮੰਨੇ ਜਾਂਦੇ ਡਾ. ਹੋਮੀ ਜਹਾਂਗੀਰ ਭਾਭਾ, ਜੋ ਕਿ 'ਟਾਟਾ ਇੰਸਟੀਚਿਊਟ ਆਫ਼ ਫ਼ੰਡਾਮੈਂਟਲ ਰਿਸਰਚ' ਦੇ ਮੋਢੀ ਡਾਇਰੈਕਟਰ ਅਤੇ 'ਭਾਰਤੀ ਪ੍ਰਮਾਣੂ ਊਰਜਾ ਕਮਿਸ਼ਨ' ਦੇ ਚੇਅਰਮੈਨ ਰਹਿ ਚੁੱਕੇ ਹਨ। ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਉਨ੍ਹਾਂ ਵੱਲੋਂ ਪਾਏ ਯੋਗਦਾਨ ਸਦਕਾ ਭਾਰਤ ਸਰਕਾਰ ਵੱਲੋਂ ਉਨ੍ਹਾਂ ਦੇ ਸਤਿਕਾਰ ਵਿੱਚ ਟਰਾਂਬੇ ਖੋਜ ਕੇਂਦਰ ਦਾ ਨਾਂ 'ਭਾਭਾ ਪ੍ਰਮਾਣੂ ਖੋਜ ਕੇਂਦਰ' ਰੱਖਿਆ ਗਿਆ ਹੈ। ਦੇਸ਼ ਦੀ ਰੱਖਿਆ ਦੇ ਖੇਤਰ ਵਿੱਚ ਵੀ ਪਾਰਸੀ ਭਾਈਚਾਰੇ ਦੀ ਮਹਤੱਵਪੂਰਨ ਭੂਮਿਕਾ ਰਹੀ ਹੈ। ਭਾਈਚਾਰੇ ਨਾਲ ਸਬੰਧਿਤ ਅਨੇਕਾਂ ਅਫ਼ਸਰਾਂ ਨੇ ਫ਼ੌਜ ਦੀਆਂ ਤਿੰਨੇ ਸੇਵਾਵਾਂ ਭਾਵ ਥਲ ਸੈਨਾ, ਨੇਵੀ ਅਤੇ ਹਵਾਈ ਫ਼ੌਜ ਵਿੱਚ ਉੱਚੀਆਂ ਪਦਵੀਆਂ 'ਤੇ ਰਹਿੰਦਿਆਂ ਸੂਰਮਤਾਈ ਕਾਰਨਾਮਿਆਂ ਦਾ ਪ੍ਰਦਰਸ਼ਨ ਕੀਤਾ ਹੈ। ਭਾਰਤੀ ਫ਼ੌਜ ਦੇ ਪਹਿਲੇ ਫ਼ੀਲਡ ਮਾਰਸ਼ਲ ਸੈਮ ਜਮਸ਼ੇਦ ਜੀ 'ਮਾਨੇਕਸ਼ਾਹ' ਜਾਂ 'ਸੈਮ ਬਹਾਦਰ' ਦੀ 1971 ਦੀ ਜੰਗ ਵਿੱਚ ਭਾਰਤ ਦੀ ਜਿੱਤ ਵਿੱਚ ਅਹਿਮ ਭੂਮਿਕਾ ਰਹੀ ਸੀ। ਇਸੇ ਤਰ੍ਹਾਂ ਹਵਾਈ ਫ਼ੌਜ ਦੇ ਮੁਖੀ ਦੇ ਅਹੁਦੇ 'ਤੇ ਰਹਿ ਚੁਕੇ ਏਅਰ ਮਾਰਸ਼ਲ ਐੱਸ.ਪੀ. ਮੇਰਵਾਨ ਇੰਜੀਨੀਅਰ ਅਤੇ ਏਅਰ ਚੀਫ਼ ਮਾਰਸ਼ਲ ਫ਼ਲੀ ਹੋਮੀ ਮੇਜਰ ਜਿਹੇ ਜਾਂਬਾਜ਼ ਅਫ਼ਸਰਾਂ ਨੇ ਭਾਰਤ ਦੀ ਸੇਵਾ ਕਰਦਿਆਂ ਆਪਣੀ ਕੌਮ ਅਤੇ ਦੇਸ਼ ਦਾ ਨਾਂ ਰੌਸ਼ਨ ਕੀਤਾ ਸੀ। ਭਾਈਚਾਰੇ ਨਾਲ ਸਬੰਧ ਰੱਖਦੇ ਲੈਫ਼ਟੀਨੈਂਟ ਕਰਨਲ ਅਰਦੇਸ਼ਰ ਬਰਜ਼ਾਰ ਤਾਰਾਪੋਰ ਨੂੰ 1965 ਦੀ ਜੰਗ ਵਿੱਚ ਸ਼ਹੀਦ ਹੋਣ ਮਗਰੋਂ 'ਪਰਮਵੀਰ ਚੱਕਰ' ਦਿੱਤਾ ਗਿਆ ਸੀ।



ਭਾਰਤ ਦੇ ਪਾਰਸੀ ਬੁੱਧੀਜੀਵੀ ਦਾਦਾ ਭਾਈ ਨਾਰੋਜੀ

ਪਾਰਸੀਆਂ ਦੀਆਂ ਕੁਝ ਹੋਰ ਉੱਘੀਆਂ ਸ਼ਖਸੀਅਤਾਂ ਹਨ, ਜਿਵੇਂ ਫ਼ਿਲਮੀ ਕਲਾਕਾਰ ਬੋਮਨ ਇਰਾਨੀ, ਸੋਲੀ ਸੋਰਾਬ (ਉੱਘੇ ਕਾਨੂੰਨਦਾਨ ਅਤੇ ਭਾਰਤ ਦੇ ਸਾਬਕਾ ਅਟਾਰਨੀ ਜਰਨਲ), ਨਾਮਵਰ ਸੰਗੀਤਕਾਰ ਜ਼ੁਬਿਨ ਮਹਿਤਾ, ਫ਼ਲੀ ਐੱਸ ਨਰੀਮਨ ਅਤੇ ਨਾਨੀ ਪਾਲਖ਼ੀਵਾਲਾ (ਦੋਵੇਂ ਸੰਵਿਧਾਨ ਦੇ ਮਸ਼ਹੂਰ ਮਾਹਰ ਹਨ)। ਪਾਕਿਸਤਾਨ ਦੇ ਸਾਬਕਾ ਚੀਫ਼ ਜਸਟਿਸ ਦੋਰਾਬ ਪਟੇਲ ਪਾਰਸੀ ਭਾਈਚਾਰੇ ਨਾਲ ਸਬੰਧਤ ਸਨ। ਭਾਰਤ ਦੇ ਦੋ ਪ੍ਰਸਿੱਧ ਉਦਯੋਗਪਤੀ- ਅਤਰ ਪੁਣਾਵਾਲਾ ਅਤੇ ਸਾਇਰਸ ਪੁਣਾਵਾਲਾ ਵੀ ਪਾਰਸੀ ਭਾਈਚਾਰੇ ਦੇ ਹਨ। ਇਸ ਤੋਂ ਇਲਾਵਾ ਵੀ ਇਸ ਬਰਾਦਰੀ ਦੀਆਂ ਅਨੇਕਾਂ ਨਾਮਵਰ ਹਸਤੀਆਂ ਨੇ ਸਮਾਜ ਦੇ ਵੱਖ ਵੱਖ ਖੇਤਰਾਂ ਵਿੱਚ ਅਣਗਿਣਤ ਮੱਲਾਂ ਮਾਰੀਆਂ ਹਨ।

ਕ੍ਰਿਕਟ ਦੇ ਖੇਤਰ ਵਿੱਚ ਫ਼ਰੂਖ਼ ਇੰਜੀਨੀਅਰ, ਜੋ ਕਿ ਭਾਰਤ ਦਾ ਆਪਣੇ ਸਮੇਂ ਦਾ ਚੋਟੀ ਦਾ ਵਿਕਟ ਕੀਪਰ ਸਲਾਮੀ ਬੱਲੇਬਾਜ਼ ਰਹਿ ਚੁਕਾ ਹੈ, ਨੇ ਭਾਰਤ ਵੱਲੋਂ ਖੇਡਦਿਆਂ 46 ਟੈਸਟ ਮੈਚਾਂ ਲਈ ਦੇਸ਼ ਦੀ ਨੁਮਾਇੰਦਗੀ ਕੀਤੀ ਸੀ। ਸਾਲ 1955 ਤੋਂ 1958 ਤੱਕ ਅੱਠ ਟੈਸਟ ਮੈਚਾਂ ਲਈ ਭਾਰਤ ਦੀ ਕਪਤਾਨੀ ਕਰਨ ਵਾਲੇ ਪਾਲੀ ਉਮਰੀਗਰ ਦਾ ਨਾਂ ਉਸ ਸਮੇਂ ਦੇ ਸਿਖਰਲੇ ਮੱਧ ਕ੍ਰਮ ਬੱਲੇਬਾਜ਼ਾਂ ਵਿੱਚ ਲਿਆ ਜਾਂਦਾ ਹੈ। 'ਸੀ.ਕੇ. ਨਾਇਡੂ' ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾ ਚੁੱਕੇ ਭਾਰਤ ਦੇ ਸਾਬਕਾ ਸਲਾਮੀ ਬੱਲੇਬਾਜ਼ ਨਾਰੀ ਕੰਟਰੈਕਟਰ ਨੂੰ ਸਭ ਤੋਂ ਘੱਟ ਉਮਰ ਵਿੱਚ ਭਾਰਤੀ ਕ੍ਰਿਕੇਟ ਟੀਮ ਦੀ ਕਪਤਾਨੀ ਕਰਨ ਦਾ ਮਾਣ ਹਾਸਲ ਹੈ। ਪਾਰਸੀ ਸਮਾਜ ਨਾਲ ਜੁੜੇ ਇਨ੍ਹਾਂ ਲੋਕਾਂ ਤੋਂ ਇਲਾਵਾ ਵੀ ਦੂਜੇ ਹੋਰ ਅਨੇਕਾਂ ਖੇਤਰ ਹਨ, ਜਿਨ੍ਹਾਂ ਵਿੱਚ ਪਾਰਸੀ ਲੋਕਾਂ ਨੇ ਆਪਣੇ-ਆਪਣੇ ਖੇਤਰਾਂ ਵਿੱਚ ਕੰਮ ਕਰਦਿਆਂ ਚੋਟੀ ਦੇ ਸਥਾਨ ਹਾਸਲ ਕੀਤੇ ਹਨ।

---

ਬਚਪਨ ਦੀ ਬਾਰੀ 'ਚੋਂ

**ਹਰਪਿੰਦਰ ਰਾਣਾ**
ਫੋਨ:+91-9501009177



# ਟੁੱਟੇ ਖੰਭਾਂ ਵਾਲੀ ਤਿਤਲੀ

ਚੇਤਰ ਦਾ ਆਖ਼ਰੀ ਪੱਖ ਚੱਲ ਰਿਹਾ ਹੈ। ਕਣਕਾਂ ਹਰ ਰੋਜ਼ ਨਵਾਂ ਰੰਗ ਵਟਾ ਰਹੀਆਂ ਹਨ। ਕਨੇਰਾਂ ਚਿੱਟੇ ਤੇ ਗ਼ੁਲਾਬੀ ਫੁੱਲਾਂ ਨਾਲ ਭਰ ਗਈਆਂ ਹਨ। ਬੋਤਲ ਬੁਰਸ਼ ਦਾ ਲਾਲ ਤੇ ਹਰਾ ਰੰਗ ਮਨ ਨੂੰ ਧੂਹ ਪਾਉਂਦਾ ਹੈ। ਅਮਲਤਾਸ ਤੇ ਗੁਲਮੋਹਰ ਵੀ ਇਸ ਕੁਦਰਤ ਦੀ ਰੰਗੀਨ ਕੈਨਵਸ 'ਤੇ ਦੂਰੋਂ ਝਾਤੀ ਪੁਆਂਦੇ ਹਨ। ਹਰ ਵਾਰ ਹੀ ਚੇਤਰ ਦਾ ਮਹੀਨਾ ਮੈਨੂੰ ਟੁੰਬਦਾ ਹੈ। ਬਹੁਤ ਪਹਿਲਾਂ ਦਾਦੀ ਚੇਤਰ ਮਹੀਨੇ ਦੇ ਪਹਿਲੇ ਦਿਨ ਘਰ ਦੀ ਬਾਹਰਲੀ ਕੰਧ 'ਤੇ ਗੋਹੇ ਨਾਲ ਫੁੱਲਾਂ ਦਾ ਕੋਈ ਪੌਦਾ ਜਿਹਾ ਬਣਾ ਦਿੰਦੀ ਸੀ ਤਾਂ ਮੈਨੂੰ ਗੋਹੇ ਦਾ ਮੁਸ਼ਕ ਭੁੱਲ ਜਾਂਦਾ ਤੇ ਮੈਂ ਨੇੜੇ ਹੋ-ਹੋ ਦੇਖਦੀ।

ਹੁਣ ਵੀ ਮੈਂ ਆਪਣਾ ਹਰ ਖਾਲੀ ਪੀਰੀਅਡ ਬੋਹੜ ਥੱਲੇ ਹੀ ਬਿਤਾਉਂਦੀ ਹਾਂ। ਇਸ ਮਹੀਨੇ ਦੀ ਹਵਾ ਬੀਜਾਂ ਦੇ ਮੂੰਹ ਖੋਲ੍ਹਦੀ, ਕਰੂੰਬਲਾਂ ਫੁਟਾਉਂਦੀ, ਡੋਡੀਆਂ ਖਿੜਾਉਂਦੀ ਤਾਂ ਮੇਰੇ ਅੰਦਰ ਵੀ ਉਥਲ-ਪੁਥਲ ਹੁੰਦੀ, ਜਿਵੇਂ ਕੋਈ ਬੀਜ ਧਰਤੀ ਤੋਂ ਬਾਹਰ ਆਉਣਾ ਹੋਵੇ ਤਾਂ ਉਪਰਲੀ ਮਿੱਟੀ ਆਪੇ ਭੁਰਭੁਰੀ ਬਣ ਜਾਂਦੀ ਹੈ। ਮੈਨੂੰ ਲਗਦੈ ਜਿਵੇਂ ਮੇਰੇ ਅੰਦਰ ਵੀ ਕੁਝ ਸਾਹ ਲੈ ਰਿਹਾ ਹੈ। ਕਵਿਤਾ, ਲੇਖ, ਕਹਾਣੀ ਕੁਝ ਪਤਾ ਨਹੀਂ, ਕਿਉਂਕਿ ਇਹ ਹਵਾ ਬਹੁਤ ਸਾਰੀਆਂ ਆਕ੍ਰਿਤੀਆਂ ਅਪਣੀਆਂ ਮੁੱਠੀਆਂ 'ਚ ਭਰੀ ਫਿਰਦੀ ਹੈ ਤੇ ਮੈਨੂੰ ਛੂਹੰਦਿਆਂ ਕੀ ਪਤਾ ਕਿਹੜਾ ਬੀਜ ਆਪਣੀ ਮੁੱਠੀ ਵਿੱਚੋਂ ਮੇਰੇ ਜ਼ਿਹਨ 'ਚ ਕੇਰ ਦੇਵੇ?

ਅਚਾਨਕ ਮੇਰਾ ਧਿਆਨ ਖਿੱਚਦੀ ਹੈ ਸੁੱਕੇ ਪੱਤੇ ਦੇ ਨਾਲ ਉਪਰੋਂ ਡਿੱਗੀ ਇੱਕ ਤਿਤਲੀ...। ਇੱਕ ਖੰਭ ਟੁੱਟਿਆ ਹੋਇਆ... ਇੱਕ ਲੱਤ ਬੁਰੀ ਤਰ੍ਹਾਂ ਕੰਬਦੀ ਹੋਈ।

ਮਾਂ ਦੱਸਦੀ ਹੈ ਕਿ ਮੈਂ ਵੀ ਉਸ ਦਿਨ ਤਿਤਲੀਆਂ ਵਾਲਾ ਫਰਾਕ ਪਾਇਆ ਹੋਇਆ ਸੀ। ਭੂਆ ਦੇ ਪਿੰਡ ਜਾਂਦਿਆਂ ਅਸੀਂ ਮੀਂਹ 'ਚ ਭਿੱਜ ਗਈਆਂ। ਅੱਠ ਮਹੀਨਿਆਂ ਦੀ ਤਿਤਲੀ ਨੂੰ ਬੁਖ਼ਾਰ ਚੜ੍ਹਨਾ ਸੰਭਵ ਸੀ। ਭੂਆ ਵਿਚਾਰੀ ਤਾਂ ਆਪਣੇ ਜਾਣੀਂ ਪਿੰਡ ਦੇ ਸਭ ਤੋਂ ਵੱਧ ਮੰਨੇ-ਪ੍ਰਮੰਨੇ ਆਰ.ਐਮ.ਪੀ. ਡਾਕਟਰ ਕੋਲ ਲੈ ਕੇ ਗਈ। ਡਾਕਟਰ ਨੇ ਬੁਖ਼ਾਰ 'ਚ ਹੀ ਟੀਕਾ ਲਾਇਆ ਤਾਂ ਸਰੀਰ ਦਾ ਕੁਝ ਖ਼ੂਨ ਸਰਿੰਜ 'ਚ ਚੜ੍ਹ ਗਿਆ। ਘਬਰਾਏ ਡਾਕਟਰ ਨੇ ਉਹੀ ਖ਼ੂਨ ਅੰਦਰ ਧੱਕ ਦਿੱਤਾ ਤੇ ਬਸ। ਫਿਰ ਉਹ ਤਿਤਲੀ ਉਮਰ ਭਰ ਲਈ ਅਪਾਹਜ ਹੋ ਗਈ। ਤਿਤਲੀ ਦੀ ਉਮਰ ਤਾਂ ਛੋਟੀ ਹੁੰਦੀ ਹੈ, ਪਰ ਮੈਂ ਉਮਰ ਦੇ ਅਠੱਤੀਵੇਂ 'ਚੋਂ ਲੰਘ ਰਹੀ ਹਾਂ। ਵਕਤ ਨੇ ਪੈਰ ਵੀ ਖੋਹ ਲਏ ਤੇ ਮੇਰੇ ਰਾਹਾਂ ਵਿੱਚ ਮੁਸ਼ਕਲਾਂ ਦੇ ਕੱਚ ਵੀ ਖਿਲਾਰ ਦਿੱਤੇ। ਭੀੜ ਦੇ ਪੈਰਾਂ ਹੇਠ ਮਿੱਧੇ ਜਾਣ ਦੇ ਖ਼ੌਫ਼ ਨੇ ਮੈਨੂੰ ਕੱਚ 'ਤੇ ਰੁੜਨ ਲਈ ਮਜਬੂਰ ਕਰ ਦਿੱਤਾ। ਤੁਰਨ ਵਾਲਿਆਂ ਦੇ ਤਾਂ ਸਿਰਫ਼ ਪੈਰ ਹੀ ਜ਼ਖ਼ਮੀ ਹੋਣੇ ਸੀ, ਪਰ ਮੇਰਾ ਰੋਮ-ਰੋਮ ਵਲੂੰਧਰਿਆ ਗਿਆ। ਰੂਹ ਤਕ ਲਹੂ-ਲੁਹਾਣ ਹੋ ਗਈ।

ਪਰ ਮੈਂ ਰੇਸ ਦੇ ਘੋੜੇ ਵਾਂਗ ਭੱਜਦੀ ਰਹੀ। ਰੇਸ ਦੇ ਘੋੜੇ ਨੂੰ ਵੀ ਜਿੱਤ ਦਾ ਨਹੀਂ ਪਤਾ ਹੁੰਦਾ। ਮੰਜ਼ਿਲ ਦਾ ਨਹੀਂ ਪਤਾ ਹੁੰਦਾ। ਦੌੜਨ ਦੀ ਲਾਲਸਾ ਵੀ ਨਹੀਂ ਹੁੰਦੀ; ਫਿਰ ਵੀ ਉਹ ਸਰਪਟ ਦੌੜਦਾ ਹੈ, ਕਿਉਂਕਿ ਉਸ ਦਾ ਮਾਲਿਕ ਉਸ ਨੂੰ ਲਗਾਤਾਰ ਤਕਲੀਫ਼ ਦੇ ਰਿਹਾ ਹੁੰਦਾ ਹੈ। ਉਹ ਇਸੇ ਤਕਲੀਫ਼ ਤੋਂ ਡਰ ਕੇ ਦੌੜਦਾ ਰਹਿੰਦਾ ਹੈ। ਰੇਸ 'ਚ ਜਿੱਤੀਆਂ ਟਰਾਫੀਆਂ, ਤਾੜੀਆਂ ਦਾ ਨਸ਼ਾ ਉਸ ਦੀ ਸਮਝ ਤੋਂ ਬਾਹਰ ਹੁੰਦਾ ਹੈ। ਦਰਦ ਤੋਂ ਬਚਣ ਦੇ ਉਪਾਅ ਨੂੰ ਉਸ ਦੀ ਕਾਬਲੀਅਤ ਸਮਝੀ ਜਾਂਦੀ ਹੈ, ਪਰ ਉਹ ਹੈਰਾਨ ਹੋਇਆ ਇਸ ਖੇਡ ਨੂੰ ਦੇਖਦਾ ਹੈ। ਮੈਂ ਵੀ ਉਸ ਘੋੜੇ ਵਾਂਗ ਮਾਲਕ ਦੁਆਰਾ ਦਿੱਤੀ ਤਕਲੀਫ਼ ਤੋਂ ਬਚਣ ਲਈ ਲਗਾਤਾਰ ਰਿੜ੍ਹ ਰਹੀ ਹਾਂ।



ਬਹੁਤ ਵਾਰ ਮੇਰੇ ਅੰਦਰੋਂ ਕੋਈ ਬੇਪਛਾਣ ਜਿਹੀ ਉਦਾਸੀ ਬੱਦਲ ਵਾਂਗ ਛਾਉਂਦੀ ਹੈ ਤੇ ਮੈਂ ਬਹੁਤ ਦੂਰ ਕਿਤੇ ਡੂੰਘੇ ਪਾਤਾਲ 'ਚ ਉਤਰ ਜਾਂਦੀ ਹਾਂ। ਅੱਜ ਵੀ ਮੇਰਾ ਮਨ ਇਸ ਪਾਤਾਲ ਲੋਕ ਦੀ ਸੈਰ 'ਤੇ ਹੈ, ਪਰ ਅੱਜ ਇਹ ਪਾਤਾਲ ਲੋਕ, ਅਤੀਤ ਲੋਕ ਦਾ ਰੂਪ ਧਾਰਨ ਕਰ ਰਿਹਾ ਹੈ। ਮੈਂ ਦੂਰ ਕਿਤੇ ਵਿਚਾਰਿਆਂ ਵਾਂਗ ਸਹਿਮੇ ਖੜ੍ਹੇ ਅਪਣੇ ਬਚਪਨ ਨੂੰ ਦੇਖਦੀ ਹਾਂ। ਹਰ ਕਿਸੇ ਦਾ ਜੀਅ ਕਰਦਾ ਹੈ ਕਿ ਉਸ ਦਾ ਬਚਪਨ ਮੁੜ ਆਏ। ਉਹ ਫਿਰ ਤੋਂ ਬੱਚਾ ਬਣੇ ਪਰ...?

ਨਹੀਂ! ਮੈਂ ਕਦੇ ਵੀ ਨਹੀਂ ਚਾਹੁੰਦੀ। ਰੂਹ ਕੰਬ ਉਠਦੀ ਹੈ ਸੋਚਦਿਆਂ। ਉਹ ਬਚਪਨ ਜੋ ਆਮ ਲੋਕਾਂ ਦੇ ਬਚਪਨ ਨਾਲੋਂ ਕਿਤੇ ਵੱਧ ਲੰਮੇਰਾ ਹੋ ਗਿਆ ਸੀ, ਸ਼ਾਇਦ ਪੰਦਰਾਂ ਸਾਲ ਲੰਮੇਰਾ ਜਾਂ ਫਿਰ ਮੈਨੂੰ ਇਹ ਦਰਦਨਾਕ ਸਮਾਂ ਯਾਦ ਹੀ ਏਨਾ ਹੈ ਕਿ ਇਸ ਦੀਆਂ ਯਾਦਾਂ, ਗੱਲਾਂ ਮੈਨੂੰ ਸਾਲਾਂ ਜਿੰਨੀਆਂ ਲੰਮੀਆਂ ਲੱਗਦੀਆਂ ਹਨ। ਮੈਂ ਆਪਣੇ ਬਾਰੇ ਮਾਂ ਤੋਂ ਦਾਦੀ ਤੋਂ, ਭੂਆ ਤੋਂ ਮਾਸੀਆਂ ਤੋਂ ਅਤੇ ਕੁਝ ਹੋਰ ਔਰਤਾਂ ਤੋਂ ਸੁਣੀਆਂ ਗੱਲਾਂ ਕਰਨ ਤੋਂ ਵੀ ਪਹਿਲਾਂ ਉਥੋਂ ਸ਼ੁਰੂ ਕਰਦੀ ਹਾਂ, ਜਿੱਥੇ ਮੈਨੂੰ ਆਪਣਾ ਬਚਪਨ ਪ੍ਰਤੱਖ ਨਜ਼ਰ ਆਉਂਦਾ ਹੈ। ਭਾਵ ਜਿਸ ਉਮਰ ਦੀਆਂ ਯਾਦਾਂ ਮੈਨੂੰ ਸਾਫ਼ ਸ਼ੀਸ਼ੇ ਵਾਂਗ ਨਜ਼ਰ ਆਉਂਦੀਆਂ ਨੇ।

ਤੀਸਰੀ ਜਮਾਤ ਨਜ਼ਰ ਆਉਂਦੀ ਹੈ। ਮੇਰਾ ਘਰ ਗਲੀ ਦੇ ਮੋੜ 'ਤੇ। ਦਰਵਾਜ਼ਾ ਇੱਕ ਗਲੀ 'ਤੇ ਅਤੇ ਦੂਜੇ ਪਾਸੇ 'ਤੇ ਬੈਠਕ ਦੀਆਂ ਖੁਲ੍ਹਦੀਆਂ ਬਾਰੀਆਂ। ਬਾਰੀਆਂ ਦੇ ਸਾਹਮਣੇ ਮਨਮੋਹਨ ਮਾਸਟਰ ਦਾ ਘਰ, ਜੋ ਕਿ ਸਵੇਰੇ 9 ਵਜੇ ਤੋਂ ਦੋ ਵਜੇ ਤਕ ਸਕੂਲ ਵਿੱਚ ਬਦਲ ਜਾਂਦਾ ਸੀ। ਮੋਹਨ ਮਾਸਟਰ ਵੀ ਪੋਲੀਓ ਪੀੜਤ ਤੇ ਮੈਂ ਵੀ। ਉਹ ਉਮਰ ਦੇ 40ਵੇਂ ਦੇ ਨੇੜ-ਤੇੜ ਹੋਵੇਗਾ। ਇੱਕ ਲੱਤ 'ਤੇ ਉਹ ਲੋਹੇ ਦੇ ਸਰੀਏ ਵਾਲਾ ਭਾਰਾ ਬੂਟ ਪਾ ਕੇ ਲੰਮੀ ਸਾਰੀ ਬੈਸਾਖੀ ਲੈਂਦਾ ਤੇ ਦੂਜੇ ਪੈਰ ਵਿਚ ਸਾਧਾਰਨ ਬੂਟ ਪਾਉਂਦਾ ਤੇ ਖੂੰਡੀ ਫੜਦਾ। ਵੱਡੇ ਵਿਦਿਆਰਥੀ ਉਸ ਨੂੰ ਦੋਹਾਂ ਬਾਹਾਂ ਤੋਂ ਫੜ ਕੇ ਖੜ੍ਹਾ ਕਰਦੇ ਤੇ ਉਹ ਹੌਲੀ-ਹੌਲੀ ਤੁਰਦਾ। ਸੋ ਮਨਮੋਹਨ ਹਾਈ ਸਕੂਲ ਵਿੱਚ ਪੜ੍ਹਨ ਦਾ ਉਹ ਸਾਲ ਮੇਰੇ ਜ਼ਿਹਨ ਵਿੱਚ ਉਭਰਦਾ ਹੈ, ਸਾਫ-ਸਫ਼ਾਫ਼।

ਝੋਲੀ ਵਾਲਾ ਭੀੜਾ ਪਜਾਮਾ ਅਤੇ ਗਲ ਬੈਨ ਵਾਲਾ ਲਾਹੌਰੀ ਕੁੜਤਾ ਪਾ ਮੇਰੀ ਦਾਦੀ ਮੈਨੂੰ ਬਿਲਕੁਲ ਮਾਸਟਰ ਜੀ ਦੀ ਕੁਰਸੀ ਦੇ ਕੋਲ ਬਿਠਾ ਆਉਂਦੀ ਤੇ ਮੇਰੀ ਜੇਬ ਵਿਚ ਦੁੱਕੀ, ਪੰਜੀ ਜਾਂ ਦਸੀ ਅਕਸਰ ਪਾ ਆਉਂਦੀ। ਕਿਸੇ ਵੱਡੀ ਜਮਾਤ ਵਿੱਚ ਪੜ੍ਹਨ ਵਾਲੀ ਬਾਜ਼ੀਗਰਾਂ ਦੀ ਕੁੜੀ ਜਿਸ ਦੇ ਕੱਦ-ਕਾਠ ਅਤੇ ਉਚੀ-ਲੰਮੀ ਡੀਲ ਡੌਲ ਕਰ ਕੇ ਉਸ ਨੂੰ 'ਗੁੱਗ ਮੱਲਣੀ' ਕਹਿੰਦੇ ਹੁੰਦੇ ਸੀ, ਉਹ ਅਕਸਰ ਦੂਜੇ ਤੀਜੇ ਦਿਨ ਮੇਰੀ ਜੇਬ ਵਿੱਚੋਂ ਭਾਨ ਜਿਹੀ ਕੱਢ ਕੇ ਭੱਜ ਜਾਂਦੀ। ਉਹ ਮਾਸਟਰ ਜੀ ਨੂੰ ਵੀ 'ਗੂਠਾ ਵਿਖਾ ਭੱਜ ਜਾਂਦੀ; ਪਤਾ ਨਹੀਂ ਉਸ ਨੂੰ ਕਿਉਂ ਸਕੂਲ ਵਾਰ-ਵਾਰ ਬਿਠਾ ਲਿਆ ਜਾਂਦਾ। ਜਦ ਅੱਧੀ ਛੁੱਟੀ ਮਾਸਟਰ ਦੂਜੇ ਕਮਰੇ 'ਚ ਰੋਟੀ ਖਾਣ ਜਾਂਦਾ ਤਾਂ ਉਹ ਮੈਨੂੰ ਅਕਸਰ ਪਿੰਗਲੀ ਕਹਿੰਦੀ ਤੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਗੱਲ ਮੁੱਦੇ ਦੀ

ਨਵਦੀਪ ਸਿੰਘ ਗਿੱਲ
ਫੋਨ:+91-9780036216



# ਖੇਡਾਂ ਤੇ ਕਲਾ ਨੂੰ ਬਚਾ ਕੇ ਰੱਖੋ...

*ਭਾਰਤ-ਪਾਕਿਸਤਾਨ ਵਿਚਾਲੇ ਚੱਲਦੇ ਤਣਾਅ ਦਰਮਿਆਨ ਦਿਲਜੀਤ ਦੋਸਾਂਝ ਦੀ ਪੰਜਾਬੀ ਫਿਲਮ 'ਸਰਦਾਰ ਜੀ-3' ਨੂੰ ਲੈ ਕੇ ਵਿਵਾਦ ਬਣ ਗਏ ਹਨ। ਇਹ ਫਿਲਮ ਪਾਕਿਸਤਾਨੀ ਅਦਾਕਾਰਾ ਹਨੀਆ ਆਮਿਰ ਦੀ ਕਾਸਟਿੰਗ ਨੂੰ ਲੈ ਕੇ ਹੋਏ ਵਿਵਾਦ ਕਾਰਨ ਭਾਰਤ ਵਿੱਚ ਰਿਲੀਜ਼ ਨਹੀਂ ਹੋ ਰਹੀ ਹੈ, ਪਰ ਵੱਖ-ਵੱਖ ਪਾਕਿਸਤਾਨੀ ਸੈਂਸਰ ਬੋਰਡਾਂ- ਸਿੰਧ, ਪੰਜਾਬ ਅਤੇ ਸੰਘੀ ਰਾਜਧਾਨੀ ਨੇ ਰਿਲੀਜ਼ ਲਈ ਹਰੀ ਝੰਡੀ ਦੇ ਦਿੱਤੀ ਹੈ। ਫਿਲਮ ਨੂੰ ਸਕ੍ਰੀਨਿੰਗ ਲਈ ਇਹ ਆਖਦਿਆਂ ਮਨਜ਼ੂਰੀ ਦੇ ਦਿੱਤੀ ਗਈ ਹੈ ਕਿ ਇਹ ਇੱਕ ਪੰਜਾਬੀ ਅੰਤਰਰਾਸ਼ਟਰੀ ਫਿਲਮ ਹੈ। ਫਿਲਮ ਸਬੰਧੀ ਪੈਦਾ ਹੋਏ ਵਿਵਾਦ ਜਾਂ ਦਿਲਜੀਤ ਦੋਸਾਂਝ ਦਾ ਵਿਰੋਧ ਕੀਤੇ ਜਾਣ ਸਬੰਧੀ ਨਾਮੀ ਖੇਡ ਲੇਖਕ ਨੇ ਆਪਣੇ ਵਿਚਾਰ ਇਉਂ ਪੇਸ਼ ਕੀਤੇ ਹਨ...*

ਕਿਸ ਨੇ ਸੋਚਿਆ ਸੀ ਕਿ ਦੋ ਦਹਾਕੇ ਪਹਿਲਾਂ 'ਆ ਗਏ ਪੱਗਾਂ ਪੋਚਵੀਆਂ ਵਾਲੇ' ਗੀਤ ਗਾਉਣ ਵਾਲਾ ਆਉਣ ਵਾਲੇ ਸਮੇਂ ਵਿੱਚ ਗਾਇਕੀ ਦੇ ਖੇਤਰ ਵਿੱਚ ਇੰਨਾ ਛਾ ਜਾਵੇਗਾ ਕਿ ਉਹ ਪੱਗ ਦਾ ਬਰਾਂਡ ਬਣ ਜਾਵੇਗਾ। ਦਿਲਜੀਤ ਦੋਸਾਂਝ ਅੱਜ ਗਲੋਬਲੀ ਸਟਾਰ ਹੈ, ਜਿਸ ਦੇ ਪਿਛਲੇ ਸਾਲ ਲੁਮੀਨਾਟੀ ਟੂਰਾਂ ਦੀ ਮਕਬੂਲੀਅਤ ਨੇ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। 18 ਸਤੰਬਰ 1993 ਨੂੰ ਕੁਲਦੀਪ ਮਾਣਕ ਦੇ ਜਲਾਲ ਪਿੰਡ ਦੇ ਸ਼ੋਅ ਅਤੇ ਨੱਬੇ ਦੇ ਦਹਾਕੇ ਵਿੱਚ ਜੋ ਪ੍ਰੋ. ਮੋਹਨ ਸਿੰਘ ਮੇਲੇ ਵਿੱਚ ਦਰਸ਼ਕਾਂ ਦਾ ਉਤਸ਼ਾਹ ਵੇਖਣ ਨੂੰ ਮਿਲਦਾ ਸੀ, ਦਿਲਜੀਤ ਦੋਸਾਂਝ ਦੇ ਲੁਮੀਨਾਟੀ ਟੂਰਾਂ ਦੌਰਾਨ ਉਹੀ ਵੇਖਣ ਨੂੰ ਮਿਲਿਆ, ਚਾਹੇ ਉਹ ਦੇਸ਼ ਦਾ ਪੂਰਬੀ ਹਿੱਸਾ, ਚਾਹੇ ਪੱਛਮੀ ਜਾਂ ਫੇਰ ਮੱਧ ਭਾਰਤ, ਪੰਜਾਬ ਵਿੱਚ ਤਾਂ ਉਸ ਨੂੰ ਖੜ੍ਹੇ ਪੈਰ ਦੂਜਾ ਸ਼ੋਅ ਸਾਲ ਦੇ ਅਖਰੀਲੇ ਦਿਨ ਲੁਧਿਆਣੇ ਰੱਖਣਾ ਪਿਆ, ਜੋ ਉਸ ਦੀ ਕਰਮ ਭੂਮੀ ਵੀ ਹੈ।

ਦਿਲਜੀਤ ਨੇ ਜਿੱਥੇ ਪੱਗ ਨੂੰ ਮਨੋਰੰਜਨ ਜਗਤ ਵਿੱਚ ਹੋਰ ਵੱਡਾ ਦਰਜਾ ਦਿਵਾਇਆ, ਉੱਥੇ ਉਸ ਨੇ ਪੰਜਾਬੀਅਤ ਦਾ ਝੰਡਾ ਅਜਿਹਾ ਬੁਲੰਦ ਕੀਤਾ ਕਿ ਹੁਣ ਉਸ ਦੇ ਕਹੇ ਬੋਲ 'ਪੰਜਾਬੀ ਆ ਗਏ' ਜਨਤਕ ਨਾਅਰਾ ਬਣ ਚੁਕਾ ਹੈ। ਪੂਰੀ ਆਈ.ਪੀ.ਐਲ. ਵਿੱਚ ਕਿੰਗਜ਼ ਪੰਜਾਬ ਟੀਮ ਦੀ ਜਿੱਤ ਮੌਕੇ ਇਹੋ ਨਾਅਰਾ ਗੂੰਜਦਾ ਰਿਹਾ।

ਦਿਲਜੀਤ ਵੀ ਬਹੁਤੇ ਸਮਰੱਥ ਗਾਇਕਾਂ ਵਾਂਗ ਧਾਰਮਿਕ ਗਾਇਕ ਦੇ ਪਿਛੋਕੜ ਤੋਂ ਆਇਆ। ਉਸ ਦੇ ਸ਼ੁਰੂਆਤੀ ਸੰਘਰਸ਼ ਅਤੇ ਮਿਹਨਤ ਬਾਰੇ ਸ਼ਮਸ਼ੇਰ ਸੰਧੂ, ਮਾਸਟਰ ਜੋਗਾ ਸਿੰਘ ਤੇ ਰਵਿੰਦਰ ਰੰਗੂਵਾਲ ਦੇ ਮੂੰਹੋਂ ਬਹੁਤ ਕਿੱਸੇ ਸੁਣੇ ਹਨ। ਜਿਸ ਦੌਰ ਵਿੱਚ ਉਸ ਨੇ ਗਾਉਣਾ ਸ਼ੁਰੂ ਕੀਤਾ ਤਾਂ ਉਦੋਂ ਮਲਕੀਤ, ਸੁਰਜੀਤ ਬਿੰਦਰਖੀਆ ਤੇ ਪੰਮੀ ਬਾਈ ਨੂੰ ਛੱਡ ਕੇ ਸਾਰੇ ਮਕਬੂਲ ਗਾਇਕ ਬਿਨਾ ਪੱਗ ਵਾਲੇ ਸਨ, ਜਿਨ੍ਹਾਂ ਵਿੱਚ ਗੁਰਦਾਸ ਮਾਨ, ਹੰਸ ਰਾਜ ਹੰਸ, ਹਰਭਜਨ ਮਾਨ, ਜੈਜ਼ੀ ਬੀ, ਸਰਦੂਲ ਸਿਕੰਦਰ, ਮਨਮੋਹਨ ਵਾਰਿਸ, ਬੱਬੂ ਮਾਨ ਆਦਿ ਸ਼ਾਮਲ ਹਨ। ਉਦੋਂ ਦਿਲਜੀਤ ਸਮੇਤ ਰਵਿੰਦਰ ਗਰੇਵਾਲ, ਸੁਖਵਿੰਦਰ ਸੁੱਖੀ, ਗੁਰਕ੍ਰਿਪਾਲ ਸੁਰਾਪੁਰੀ, ਜੱਸੀ ਸੋਹਲ ਆਦਿ ਗਾਇਕ ਪੱਗ ਦੇ ਨਾਲ ਆਏ ਸਨ ਤੇ ਸਥਾਪਤੀ ਲਈ ਸੰਘਰਸ਼ ਕਰ ਰਹੇ ਸਨ।

ਇੱਕ ਵਾਕਿਆ ਦਾ ਮੈਂ ਨਾ ਸਿਰਫ ਅੱਖੀ ਡਿੱਠਾ ਗਵਾਹ ਹਾਂ, ਬਲਕਿ ਮੇਰੇ ਨਾਲ ਸਬੰਧਤ ਹੈ ਕਿ ਦਿਲਜੀਤ ਕਿਸ ਸੰਘਰਸ਼ ਦੇ ਦੌਰ ਵਿੱਚੋਂ ਗੁਜ਼ਰਿਆ। ਗੱਲ ਸਾਲ 2007 ਦੇ ਅਖੀਰ ਜਾਂ 2008 ਦੇ ਸ਼ੁਰੂ ਦੀ ਹੈ, ਪ੍ਰਸਿੱਧ ਗੀਤਕਾਰ ਅਤੇ ਸਾਡੇ ਪੰਜਾਬੀ ਟ੍ਰਿਬਿਊਨ ਅਖ਼ਬਾਰ ਦੇ ਸੀਨੀਅਰ ਸਾਥੀ ਪੱਤਰਕਾਰ ਸ਼ਮਸ਼ੇਰ ਸੰਧੂ ਦੇ ਬੇਟੇ ਡਾ. ਗਗਨ ਦਾ ਵਿਆਹ ਸੀ ਤੇ ਵਿਆਹ ਦੀ ਪਾਰਟੀ ਏ.ਕੇ.ਐਮ. ਜ਼ੀਰਕਪੁਰ ਵਿਖੇ ਰੱਖੀ ਸੀ। ਉਦੋਂ ਸਟੇਜ ਉੱਪਰ ਸਾਊਂਡ ਤੇ ਸਾਜ਼ਿੰਦੇ ਬੱਬੂ ਮਾਨ ਦੇ ਸਨ ਅਤੇ ਸਟੇਜ ਉੱਪਰ ਗੁਰਦਾਸ ਮਾਨ, ਬੱਬੂ ਮਾਨ, ਪੰਮੀ ਬਾਈ, ਹਰਦੀਪ ਹੁਰਾਂ ਨੇ ਅਖਾੜਾ ਸਜਾਇਆ ਹੋਇਆ ਸੀ। ਬਿੰਦਰਖੀਏ ਦਾ ਬੇਟਾ ਗੀਤਾਜ ਵੀ ਸਟੇਜ ਉੱਪਰ ਸੀ, ਜਿਸ ਨੂੰ ਉਸੇ ਦਿਨ ਲਾਂਚ ਕਰਕੇ ਸ਼ਮਸ਼ੇਰ ਸੰਧੂ ਦੇ ਆਖੇ ਬੋਲ ਪੁਗਾਏ ਸਨ (ਭਤੀਜੇ ਵਿੱਚੋਂ ਯਾਰ ਨੂੰ ਬੁਲਾਵਾਂਗੇ)। ਗੁਰਦਾਸ ਮਾਨ ਨੇ ਆਪਣੀ ਰਵਾਇਤ ਅਨੁਸਾਰ ਗਾਉਂਦਿਆਂ ਵਿਆਹ ਵਾਲੀ ਜੋੜੀ ਨੂੰ 'ਤੇਰੀ ਜੋੜੀ ਜੀਵੇ, ਤੇਰੀ ਘੋੜੀ ਜੀਵੇ' ਗਾ ਕੇ ਸਟੇਜ ਉੱਪਰ ਬੁਲਾ ਲਿਆ, ਜਿਸ ਨਾਲ ਸਟੇਜ ਉੱਪਰ ਇਕਦਮ ਭੀੜ ਵਧ ਗਈ। ਉੱਪਰੋਂ ਅਸੀਂ ਸੰਧੂ ਸਾਹਿਬ ਦੀ ਮਿੱਤਰ ਮੰਡਲੀ ਵਾਲੇ ਵੀ ਸਟੇਜ ਉੱਪਰ ਵੱਡੀ ਗਿਣਤੀ ਵਿੱਚ ਸੀ, ਜਿਨ੍ਹਾਂ ਵਿੱਚ ਕਾਕਾ ਭਾਜੀ, ਜੀਤੀ ਹੁਰੀਂ ਆਦਿ ਸ਼ਾਮਲ ਸਨ। ਉਸ ਵੇਲੇ ਸੰਧੂ ਸਾਹਿਬ ਨੇ ਸਾਨੂੰ ਆਖਿਆ ਕਿ ਹੁਣ ਧਿਆਨ ਰੱਖਿਓ ਕਿ ਸਟੇਜ ਉੱਪਰ ਹੋਰ ਭੀੜ ਨਾ ਹੋ ਜਾਵੇ, ਕਿਤੇ ਸਟੇਜ ਧੜੰਮ ਡਿੱਗ ਪਏ, ਇਸ ਲਈ ਥੱਲਿਓਂ ਹੋਰ ਐਂਟਰੀ ਬੰਦ ਕਰ ਦੇਵੋ। ਮੈਂ ਤੇ ਰਣਦੀਪ (ਪੰਨੂ) ਪੌੜੀਆਂ ਕੋਲ ਖੜ੍ਹ ਗਏ। ਮੇਰਾ ਦੋਸਤ ਅਜੀਤਪਾਲ ਚਹਿਲ ਵੀ ਮੇਰੇ ਨਾਲ ਸੀ। ਉਸ ਵੇਲੇ ਪੌੜੀਆਂ ਕੋਲ ਜਿਨ੍ਹਾਂ ਨੂੰ ਅਸੀਂ ਉੱਪਰ ਆਉਣ ਤੋਂ ਰੋਕਿਆ, ਉਨ੍ਹਾਂ ਵਿੱਚ ਇੱਕ ਦਿਲਜੀਤ ਦੋਸਾਂਝ ਵੀ ਸੀ।



ਆਰਟਿਸਟਾਂ ਦੇ ਘਰੇਲੂ ਅਤੇ ਵਿਆਹ ਸਮਾਗਮਾਂ ਵਿੱਚ ਇਹ ਆਮ ਵਰਤਾਰਾ ਹੈ, ਜਦੋਂ ਵੱਡੇ ਕਲਾਕਾਰ ਸਟੇਜ ਉੱਪਰ ਹੋਣ ਤਾਂ ਨਵੇਂ ਕਲਾਕਾਰਾਂ ਨੂੰ ਮੌਕਾ ਘੱਟ ਮਿਲਦਾ। ਜਿਵੇਂ 1995 ਵਿੱਚ ਧਵਨ ਪੈਲੇਸ ਮੋਗਾ ਵਿਖੇ ਹਰਭਜਨ ਮਾਨ ਦੇ ਭਰਾ ਗੁਰਸੇਵਕ ਮਾਨ ਦੇ ਵਿਆਹ ਮੌਕੇ ਹੰਸ ਰਾਜ ਹੰਸ, ਸਰਦੂਲ ਸਿਕੰਦਰ, ਪੰਮੀ ਬਾਈ ਦੀ ਹਾਜ਼ਰੀ ਕਰਕੇ ਜਸਵੀਰ ਜੱਸੀ ਨੂੰ ਗਾਉਣ ਲਈ ਸਮਾਂ ਹੀ ਨਹੀਂ ਮਿਲਿਆ, ਜਦੋਂਕਿ ਉਸ ਤੋਂ ਕੁਝ ਦਿਨਾਂ ਬਾਅਦ 'ਦਿਲ ਲੈ ਗਈ ਕੁੜੀ ਗੁਜਰਾਤ ਦੀ' ਨਾਲ ਜੱਸੀ ਦੀ ਮੰਗ ਪੂਰੇ ਭਾਰਤ ਵਿੱਚ ਸੀ।

ਗੱਲ ਮੁੜ ਕਰਦੇ ਹਾਂ ਦਿਲਜੀਤ ਦੀ, ਰੰਗੂਵਾਲ ਵੱਲੋਂ ਕਹਿਣ ਉੱਤੇ ਹੀ ਦਿਲਜੀਤ ਨੂੰ ਪਹਿਲੀ ਵਾਰ ਫ਼ਾਈਨਟੋਨ ਵਾਲੇ ਰਾਜਿੰਦਰ ਸਿੰਘ ਨੇ ਮੌਕਾ ਦਿੱਤਾ ਸੀ। ਉਸ ਤੋਂ ਬਾਅਦ ਗੁੱਡੂ ਧਨੋਆ ਨੇ ਪਹਿਲੀ ਫਿਲਮ ਦਿੱਤੀ। 'ਇਸ਼ਕ ਦਾ ਉੜਾ ਐੜਾ', 'ਦਿਲ ਨੂੰ ਤੇਰੇ ਨਾਲ ਕਿੰਨਾ ਕੁ ਪਿਆਰ', 'ਆ ਗਏ ਪੱਗਾਂ ਪੋਚਵੀਆਂ ਵਾਲੇ' ਆਦਿ ਗੀਤਾਂ ਤੋਂ ਲੈ ਕੇ 'ਜੱਟ ਪੈਦਾ ਹੋਇਆ ਛਾਉਣ ਵਾਸਤੇ', 'ਜੱਟ ਦਾ ਪਿਆਰ ਗੋਰੀਏ' (G.O.A.T.) ਤੱਕ ਪੁੱਜਦਿਆਂ ਦਿਲਜੀਤ ਨੇ ਹਿੱਟ ਗਾਣਿਆਂ ਅਤੇ ਉਸ ਦੀ ਮਕਬੂਲੀਅਤ ਨੇ ਸਭ ਸਿਖਰਾਂ ਛੂਹ ਲਈਆਂ। ਉਸ ਦੇ ਹਿੱਟ ਗੀਤਾਂ ਵਿੱਚ 'ਵੀਰਵਾਰ ਦਿਨ', 'ਪੌਪਲਿਨ', 'ਪਟਿਆਲਾ ਪੈੱਗ', 'ਰਾਤ ਦੀ ਗੇੜੀ', 'ਪੰਜ ਤਾਰਾ', 'ਤੈਨੂੰ ਕਿੰਨਾ ਪਿਆਰ ਕਰਦਾ' (Do You Know), 'ਲੈਂਬਰਗਿਨੀ' ਆਦਿ ਸੂਚੀ ਬਹੁਤ ਲੰਬੀ ਹੈ।

ਸਫਲਤਾ ਦੇ ਇਸ ਰਾਹ ਵਿੱਚ ਉਸ ਨੇ 'ਆਰ ਨਾਨਕ ਪਾਰ ਨਾਨਕ', 'ਗੋਬਿੰਦ ਦੇ ਲਾਲ ਸੂਬਿਆ ਸਮਝੀਂ ਨਾ ਡਰ ਜਾਣਗੇ', 'ਧੰਨ ਧੰਨ ਬਾਬਾ', 'ਨੂਰ ਨਾਨਕ', 'ਬਾਬਾ ਮੱਝੀਆਂ ਚਰਾਉਂਦਾ ਦਿਸਦਾ ਐ', 'ਨਾਨਕੀ ਦਾ ਵੀਰ' ਆਦਿ ਮਕਬੂਲ ਧਾਰਮਿਕ ਗੀਤਾਂ ਵੀ ਗਾਏ।

ਦਿਲਜੀਤ ਨੇ ਜਦੋਂ 'ਲੱਕ 28' ਗਾਇਆ ਸੀ ਤਾਂ ਮੇਰੇ ਯਾਦ ਹੈ ਕਿ ਉਹ ਲੁਧਿਆਣੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਪ੍ਰੋ. ਗੁਰਭਜਨ ਗਿੱਲ ਕੋਲ ਇਸ ਗਾਣੇ ਨੂੰ ਗਾਉਣ ਲਈ ਉਨ੍ਹਾਂ ਕੋਲੋਂ ਮੁਆਫੀ ਵੀ ਮੰਗ ਕੇ ਆਇਆ ਸੀ ਅਤੇ ਉਸ ਤੋਂ ਬਾਅਦ ਮੇਰੇ ਖ਼ਿਆਲ ਵਿੱਚ ਉਸ ਨੇ ਇਹ ਗੀਤ ਕਦੇ ਗਾਇਆ ਵੀ ਨਹੀਂ।

ਫਿਲਮੀ ਸਫ਼ਰ ਦੀ ਗੱਲ ਕਰੀਏ ਤਾਂ 'ਮੇਲ ਕਰਾਦੇ ਰੱਬਾ' ਤੋਂ ਲੈ ਕੇ ਕਈ ਹਿੱਟ ਫ਼ਿਲਮਾਂ ਦਿੱਤੀਆਂ। ਪੰਜਾਬੀ ਵਿੱਚ 'ਜੱਟ ਜੂਲੀਅਟ' ਜਿਹੀ ਕਾਮੇਡੀ, 'ਪੰਜਾਬ 1984' ਜਿਹੀ ਸੰਵੇਦਨਸ਼ੀਲ ਫਿਲਮ, ਵੱਖਰੇ ਵਿਸ਼ੇ ਵਾਲੀ 'ਸੱਜਣ ਸਿੰਘ ਰੰਗਰੂਟ' ਅਤੇ ਅਮਰ ਸਿੰਘ ਚਮਕੀਲਾ ਦੇ ਜੀਵਨ ਬਾਰੇ ਪੰਜਾਬੀ ਵਿੱਚ 'ਜੋੜੀ' ਤੇ ਹਿੰਦੀ ਵਿੱਚ 'ਅਮਰ ਸਿੰਘ ਚਮਕੀਲਾ' ਹਿੱਟ ਫ਼ਿਲਮਾਂ ਦਿੱਤੀਆਂ। ਹਿੰਦੀ ਫਿਲਮਾਂ ਵਿੱਚ ਹਾਕੀ ਓਲੰਪੀਅਨ ਸੰਦੀਪ ਸਿੰਘ ਉੱਪਰ ਬਣੀ 'ਸੂਰਮਾ' ਰਾਹੀਂ ਵੀ ਦਿਲਜੀਤ ਨੇ ਆਪਣਾ ਲੋਹਾ ਮੰਨਵਾਇਆ। ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ ਉੱਪਰ ਬਣੀ ਹਿੰਦੀ ਫਿਲਮ 'ਪੰਜਾਬ 95' ਦੀ ਹਾਲੇ ਉਡੀਕ ਹੈ। ਇਸ ਦੌਰਾਨ ਉਹ ਆਪਣੀ ਨਵੀਂ ਫਿਲਮ 'ਸਰਦਾਰ ਜੀ-3' ਲਈ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਕਾਰਨ ਆਲੋਚਨਾਵਾਂ ਵਿੱਚ ਘਿਰ ਗਿਆ।

ਹੁਣ ਅਸਲ ਮੁੱਦੇ ਦੀ ਗੱਲ ਕਰਦੇ ਹਾਂ। ਸਾਡੇ ਮੁਲਕ ਵਿੱਚ ਅਸਹਿਣਸ਼ੀਲਤਾ ਕਹਿ ਲਵੋ ਜਾਂ ਸੌੜੀ ਸੋਚ ਜਾਂ ਫੇਰ ਦੋਗਲੇ ਕਿਰਦਾਰ- ਕੁਝ ਮਹੀਨੇ ਪਹਿਲਾਂ ਜਿਸ ਦਿਲਜੀਤ ਦੇ ਸ਼ੋਅ ਨੂੰ ਦੇਖਣ ਲਈ ਮਾਰਾ-ਮਾਰੀ ਹੋ ਰਹੀ ਸੀ, ਟਿਕਟਾਂ ਬਲੈਕ ਹੋ ਰਹੀਆਂ ਸਨ, ਪਾਸਾਂ ਲਈ ਵੱਡੀਆਂ ਸਿਫਾਰਸ਼ਾਂ ਹੋ ਰਹੀਆਂ ਸਨ, ਅੱਜ ਨਾ ਸਿਰਫ ਉਸ ਦੀ ਫ਼ਿਲਮ ਦੇ ਬਾਈਕਾਟ ਦੀ ਗੱਲ ਚੱਲੀ, ਸਗੋਂ ਉਸ ਦੀ ਭਾਰਤੀ ਨਾਗਰਿਕਤਾ ਰੱਦ ਕਰਨ ਦੀ ਵੀ ਮੰਗ ਉੱਠ ਗਈ। ਪਾਕਿਸਤਾਨੀ ਅਦਾਕਾਰਾ ਕਰਕੇ ਹੁਣ ਦਿਲਜੀਤ ਨਿਸ਼ਾਨੇ ਉੱਤੇ ਹੈ। ਕੁਝ ਦਿਨ ਪਹਿਲਾਂ ਸਾਡਾ ਓਲੰਪਿਕਸ ਤੇ ਵਿਸ਼ਵ ਚੈਂਪੀਅਨ ਜੈਵਲਿਨ ਥਰੋਅਰ ਨੀਰਜ ਚੋਪੜਾ ਵੀ ਇਸ ਗੱਲ ਕਰਕੇ ਨਿਸ਼ਾਨੇ ਉੱਤੇ ਆ ਗਿਆ ਸੀ ਕਿ ਉਸ ਨੇ ਪਾਕਿਸਤਾਨੀ ਅਥਲੀਟ ਅਰਸ਼ਦ ਨਦੀਮ ਨੂੰ ਖੇਡਣ ਲਈ ਸੱਦਾ ਪੱਤਰ ਦਿੱਤਾ। ਹਾਲਾਂਕਿ ਇਹ ਦੋਵੇਂ ਮਾਮਲਿਆਂ ਵਿੱਚ ਪਹਿਲਗਾਮ ਵਿਖੇ ਵਾਪਰੇ ਮੰਦਭਾਗੇ ਤੇ ਦੁਖਦਾਈ ਅਤਿਵਾਦੀ ਹਮਲੇ ਤੋਂ ਪਹਿਲਾਂ ਫਿਲਮ ਦੀ ਸ਼ੂਟਿੰਗ ਹੋਈ ਸੀ ਅਤੇ ਨਦੀਮ ਨੂੰ ਸੱਦਾ ਪੱਤਰ ਵੀ ਪਹਿਲਾਂ ਦਿੱਤਾ ਗਿਆ ਸੀ।

ਵੈਸੇ ਵੀ ਸਾਨੂੰ ਖੇਡਾਂ, ਕਲਾ, ਸਾਹਿਤ ਨੂੰ ਹਮੇਸ਼ਾ ਰਾਜਨੀਤੀ ਤੋਂ ਵੱਖ ਕਰਕੇ ਦੇਖਣਾ ਚਾਹੀਦਾ ਹੈ। ਦੁੱਖ ਤਾਂ ਇਸ ਗੱਲ ਦਾ ਹੈ, ਜਦੋਂ ਇਸ ਫ਼ੀਲਡ ਦੇ ਲੋਕ ਵੀ ਆਪਣਿਆਂ ਖ਼ਿਲਾਫ਼ ਬੋਲਣ ਲੱਗ ਜਾਂਦੇ ਹਨ- ਜਿਵੇਂ ਹੁਣ ਦਿਲਜੀਤ ਨਾਲ ਹੋ ਰਿਹਾ ਹੈ ਤੇ ਪਹਿਲਾਂ ਨੀਰਜ ਨਾਲ ਹੋਇਆ ਸੀ। ਇੱਕੋ ਝਟਕੇ ਨਾਲ ਉਨ੍ਹਾਂ ਦੀ ਦੇਣ ਭੁਲਾ ਦਿੱਤੀ ਜਾਂਦੀ ਹੈ। ਨੀਰਜ ਸਾਡੇ ਤਿਰੰਗੇ ਦੀ ਸ਼ਾਨ ਹੈ, ਜਿਸ ਬਦੌਲਤ ਓਲੰਪਿਕਸ ਦੀ ਫਿਜ਼ਾ ਵਿੱਚ ਜਨ ਗਣ ਮਨ ਗੂੰਜਿਆ। ਦਿਲਜੀਤ ਨੇ ਪੰਜਾਬ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ।

ਪਿਛਲੇ ਸਾਲ ਮੈਨੂੰ ਕਈ ਦੋਸਤਾਂ ਨੇ ਪੁੱਛਿਆ ਕਿ ਤੂੰ ਦਿਲਜੀਤ ਦਾ ਚੰਡੀਗੜ੍ਹ ਸ਼ੋਅ ਨਹੀਂ ਦੇਖਣ ਜਾ ਰਿਹਾ? ਦਿਲਜੀਤ ਮੈਨੂੰ ਸੁਣਨਾ ਵਧੀਆ ਲੱਗਦਾ ਹੈ, ਪਰ ਅਖਾੜਾ ਗਾਇਕੀ ਵਿੱਚ ਗੁਰਦਾਸ ਮਾਨ, ਹਰਭਜਨ ਮਾਨ, ਪੰਮੀ ਬਾਈ, ਮਨਮੋਹਨ ਵਾਰਿਸ, ਰਣਜੀਤ ਬਾਵਾ ਤੇ ਕੁਲਵਿੰਦਰ ਬਿੱਲਾ ਹਮੇਸ਼ਾ ਪਸੰਦੀਦਾ ਗਾਇਕ ਰਹੇ ਹਨ। ਸ਼ਾਇਦ ਇਸੇ ਕਰਕੇ ਦਿਲਜੀਤ ਦਾ ਸ਼ੋਅ ਨਹੀਂ ਵੇਖਣ ਗਿਆ, ਉੱਪਰੋਂ ਮੇਰੇ ਕੋਲ ਟਿਕਟ/ਪਾਸ ਵੀ ਨਹੀਂ ਸਨ। ਜਾਂ ਕਹਿ ਲਵੋ ਹਾਸਲ ਕਰਨ ਲਈ ਜ਼ਿਆਦਾ ਕੋਸ਼ਿਸ਼ ਨਹੀਂ ਕੀਤੀ।

ਦਿਲਜੀਤ ਦੇ ਗਾਣੇ ਸੁਣਨੇ ਹਮੇਸ਼ਾ ਵਧੀਆ ਲੱਗਦੇ ਹਨ। ਹੁਣ ਜਦੋਂ ਉਸ ਦਾ ਵਿਰੋਧ ਹੋਇਆ ਹੈ ਤਾਂ ਸਾਨੂੰ ਉਸ ਨਾਲ ਖੜ੍ਹਨਾ ਚਾਹੀਦਾ ਹੈ। ਦਿਲਜੀਤ ਨੇ ਹਮੇਸ਼ਾ ਪੱਗ ਅਤੇ ਪੰਜਾਬੀਅਤ ਦਾ ਝੰਡਾ ਬੁਲੰਦ ਕੀਤਾ ਹੈ। ਪਿਛਲੇ ਸਾਲ ਦਿਲਜੀਤ ਦੀ ਫਿਲਮ 'ਜੱਟ ਐਂਡ ਜੂਲੀਅਟ-3' ਦੇਖ ਕੇ ਮਹਿਸੂਸ ਹੋਇਆ ਸੀ ਕਿ ਦਿਲਜੀਤ ਫ਼ਿਲਮਾਂ ਨਾਲੋਂ ਗਾਇਕੀ ਵੱਲ ਹੀ ਧਿਆਨ ਦੇਵੇ ਜਾਂ ਫੇਰ ਉਹ ਫ਼ਿਲਮ ਦਿਲਜੀਤ ਨੇ ਹਲਕੇ ਵਿੱਚ ਲਈ, ਜੋ ਉਸ ਦੇ ਮਿਆਰ ਤੋਂ ਹੇਠਾਂ ਸੀ। ਹੁਣ ਤਾਜ਼ੇ ਵਿਵਾਦ ਤੋਂ ਬਾਅਦ ਮਨ ਬਣਿਆ ਹੈ ਕਿ ਦਿਲਜੀਤ ਦੀ ਨਵੀਂ ਫ਼ਿਲਮ ਜ਼ਰੂਰ ਦੇਖਣੀ ਬਣਦੀ ਹੈ, ਕਿਉਂਕਿ ਹੁਣ ਸਾਨੂੰ ਸਾਰਿਆਂ ਨੂੰ ਉਸ ਦੇ ਹੱਕ ਵਿੱਚ ਖੜ੍ਹਨਾ ਚਾਹੀਦਾ ਹੈ।

ਦਿਲਜੀਤ ਦੇ ਵਿਰੋਧੀਆਂ ਨੇ ਸਾਡਾ ਆਪਸੀ ਪਾੜਾ ਵੀ ਵਧਾ ਦਿੱਤਾ ਹੈ, ਕਿਉਂਕਿ ਬਹੁਤਿਆਂ ਨੂੰ ਇਹੋ ਮਹਿਸੂਸ ਹੋ ਰਿਹਾ ਹੈ ਕਿ ਦਿਲਜੀਤ ਦੀ ਪੱਗ ਅਤੇ ਦਿਲਜੀਤ ਦੇ ਪੰਜਾਬੀ ਹੋਣ ਕਰਕੇ ਇਸ ਦਾ ਵਿਰੋਧ ਹੋ ਰਿਹਾ ਹੈ। ਦਿਲਜੀਤ ਦੇ ਲੁਮੀਨਾਟੀ ਸ਼ੋਆਂ ਦੌਰਾਨ ਉਸ ਨੂੰ ਸੁਣਨ ਲਈ ਉਮੜੇ ਦੇਸ਼ ਭਰ ਦੇ ਲੋਕ ਹੀ ਹੁਣ ਉਸ ਦੀ ਹਮਾਇਤ ਵਿੱਚ ਉੱਤਰ ਕੇ ਇਸ ਪਾੜੇ ਨੂੰ ਖ਼ਤਮ ਕਰ ਸਕਦੇ ਹਨ। ਖੇਡਾਂ ਤੇ ਕਲਾ ਹਮੇਸ਼ਾ ਜੋੜਦੇ ਹਨ, ਇਸ ਕਰਕੇ ਇਸ ਖੇਤਰ ਨੂੰ ਬਚਾ ਕੇ ਰੱਖੋ।

## ਟੁੱਟੇ ਖੰਭਾਂ ਵਾਲੀ ਤਿਤਲੀ

ਮਾਸਟਰ ਨੂੰ ਵੀ।

ਮੇਰੀ ਭੂਆ ਮੈਨੂੰ ਕਹਿੰਦੀ ਕਿ ਇਸ ਗੁੱਗ ਮੱਲਣੀ 'ਚ ਭੂਤ ਆਉਂਦੇ ਨੇ। ਕੋਈ ਨਾ, ਤੂੰ ਨਾ ਲੜਿਆ ਕਰ। ਇਸ ਗੁੱਗ ਮੱਲਣੀ ਨੇ ਇੱਕ ਦਿਨ ਮੇਰੇ ਥੱਲੇ ਵਿਛੀ ਬੋਰੀ ਖਿੱਚਣ ਲਈ ਮੈਨੂੰ ਧੱਕਾ ਮਾਰਿਆ ਤੇ ਮੈਂ ਦੰਦਾਂ ਭਾਰ ਪੱਕੀ ਸੀਮਿੰਟਡ ਫਰਸ਼ 'ਤੇ ਡਿੱਗ ਪਈ। ਮੇਰਾ ਮੂਹਰਲਾ ਦੰਦ ਸੱਜੇ ਕਿਨਾਰੇ ਤੋਂ ਥੋੜ੍ਹਾ ਜਿਹਾ ਭੁਰ ਗਿਆ ਤੇ ਅੱਜ ਵੀ ਉਵੇਂ ਭੁਰਿਆ ਹੋਇਆ ਹੈ। ਮੈਨੂੰ ਉਸ 'ਤੇ ਬਹੁਤ ਗੁੱਸਾ ਆਉਂਦਾ, ਪਰ ਮੈਂ ਕੁਝ ਨਾ ਕਰ ਸਕਦੀ। ਜਿਵੇਂ-ਕਿਵੇਂ ਛੁੱਟੀ ਹੋਣ ਤਕ ਉਸ ਤੋਂ ਬਚਦੀ ਰਹਿੰਦੀ। ਕੁਰਸੀ ਨੂੰ ਘੁੱਟ ਕੇ ਫੜੀ ਰੱਖਣ ਦੀ ਆਦਤ ਸੀ ਮੈਨੂੰ, ਕਿਉਂਕਿ ਉਹ ਮੈਨੂੰ ਕੱਛਾਂ ਥੱਲੋਂ ਹੱਥ ਪਾ ਕੇ ਉਪਰ ਚੁੱਕ ਦਿੰਦੀ ਜਾਂ ਫਿਰ ਦੂਰ ਬਿਠਾ ਆਉਂਦੀ। ਬੜੀ ਵਾਰ ਉਹ ਕੁੱਟ ਵੀ ਖਾਂਦੀ, ਪਰ ਕੋਈ ਅਸਰ ਨਾ ਹੁੰਦਾ।

ਛੁੱਟੀ ਤੋਂ ਬਾਅਦ ਅਕਸਰ ਮੈਂ ਗਲੀ ਵਿੱਚ ਖੇਡਦੇ ਬੱਚਿਆਂ ਨੂੰ ਵੇਖਣ ਬੂਹੇ 'ਤੇ ਆ ਜਾਂਦੀ। ਉਦੋਂ ਹਾਲੇ ਸੀਵਰੇਜ ਸਿਸਟਮ ਐਨਾ ਚੰਗਾ ਨਹੀਂ ਸੀ। ਗਲੀ ਦੇ ਦੋਵੇਂ ਪਾਸੇ ਡੂੰਘੀਆਂ ਨਾਲੀਆਂ ਬਣੀਆਂ ਹੁੰਦੀਆਂ, ਜੋ ਅਕਸਰ ਕਾਲੇ-ਕਾਲੇ ਮੁਸ਼ਕ ਮਾਰਦੇ ਗੰਦ ਜਿਹੇ ਨਾਲ ਭਰੀਆਂ ਹੁੰਦੀਆਂ। ਕਈ ਵਾਰ ਤਾਂ ਉਸ ਗੰਦ ਵਿੱਚ ਬਾਰੀਕ ਜਿਹੀ ਛੋਟੀ ਪੂਛ ਵਾਲੇ ਚਿੱਟੇ ਸੁੰਡ ਵੀ ਫਿਰਦੇ ਹੁੰਦੇ।

ਸਾਡੇ ਦਰਵਾਜ਼ੇ 'ਤੇ ਥੜ੍ਹੀ ਨਹੀਂ ਬਣੀ ਹੋਈ ਸੀ, ਸਰਦਲ ਅਤੇ ਗਲੀ ਦੇ ਵਿਚਕਾਰ ਗਿੱਠ ਕੁ ਚੌੜੀ ਉਹ ਨਾਲੀ ਹੀ ਸੀ। ਮੈਂ ਅੰਦਰਵਾਰ ਬੈਠ ਕੇ ਲੱਤਾਂ ਦੂਜੇ ਪਾਸੇ ਕਰ ਕੇ ਬੱਚਿਆਂ ਨੂੰ ਵੇਖਣ ਲੱਗਦੀ। ਮੈਨੂੰ ਬਾਹਰ ਆਇਆ ਵੇਖ ਕੇ ਉਹ ਇਕਦਮ ਮੇਰੇ ਵੱਲ ਆਉਂਦੇ ਜਿਨ੍ਹਾਂ ਵਿਚ ਬੰਦ ਗਲੀ ਵਾਲੇ ਘਰ 'ਚ ਰਹਿੰਦੀਆਂ ਸੱਤ ਭੈਣਾਂ, ਸਾਡੇ ਘਰ ਦੇ ਮਗਰਲੇ ਪਾਸੇ ਰਹਿੰਦੀ ਸਰਬੀ, ਰੱਜੀ, ਨਾਈਆਂ ਦੀਆਂ ਤਿੰਨ ਚਾਰ ਕੁੜੀਆਂ ਤੇ ਮੁੰਡੇ, ਪੰਦਰਾਂ ਵੀਹ ਜੁਆਕ ਮੇਰੇ ਦੁਆਲੇ ਕੱਠੇ ਹੋ ਜਾਂਦੇ, ਪਰ ਕੁਝ ਮਿੰਟਾਂ ਬਾਅਦ ਉਹ ਫਿਰ ਆਪਣੀ ਖੇਡ ਵਿੱਚ ਰੁਝ ਜਾਂਦੇ। ਕੋਈ ਵੀ ਮੇਰੇ ਨੇੜੇ ਨਾ ਲੱਗਦਾ। ਬਸ ਆਪਣੇ 'ਚ ਮਸਤ ਖੇਡਦੇ ਰਹਿੰਦੇ। ਮੈਂ ਉਨ੍ਹਾਂ ਨੂੰ ਖੇਡਦਿਆਂ ਵੇਖਦੀ ਰਹਿੰਦੀ। ਉਹ ਦੂਰ ਭੱਜ ਜਾਂਦੇ। ਗਲੀ ਦੇ ਦੂਸਰੇ ਸਿਰੇ ਤੱਕ ਮੈਂ ਝੁਕ ਕੇ ਵੇਖਦੀ ਤਾਂ ਕਈ ਵਾਰ ਨਾਲੀ 'ਚ ਡਿੱਗ ਪੈਂਦੀ। ਲਿਬੜ ਜਾਣ ਕਾਰਨ ਤੇ ਆਪਣਾ ਕੰਮ ਵੱਧ ਜਾਣ 'ਤੇ ਮੈਨੂੰ ਦਾਦੀ, ਭੂਆ ਤੇ ਕਦੇ ਕਦੇ ਮਾਂ ਦੁਤਕਾਰ ਦਿੰਦੀਆਂ। ਨੁਹਾ ਧੁਆ ਕੇ ਫਿਰ ਤੋਂ ਸਾਫ ਕੱਪੜੇ ਪੁਆਉਂਦੀਆਂ। ਮੈਂ ਆਪਣੀ ਬੇਵਸੀ 'ਤੇ ਰੋਣ ਤੋਂ ਬਿਨਾ ਕੁਝ ਵੀ ਨਹੀਂ ਸੀ ਕਰ ਸਕਦੀ। ਬਾਲ ਮਨ ਉਡਾਰੀਆਂ ਮਾਰਨਾ ਚਾਹੁੰਦਾ, ਭੱਜਣਾ ਨੱਸਣਾ ਚਾਹੁੰਦਾ ਤੇ ਮੈਂ ਰੁੜ੍ਹਨ ਜੋਗੀ ਸਾਂ।

ਕਈ ਵਾਰ ਤਾਂ ਸਾਰੇ ਜੁਆਕ ਵੀ ਮੇਰੇ ਡਿੱਗਣ ਕਰ ਕੇ ਬੂਹੇ ਅੱਗੇ ਆ ਖੜ੍ਹਦੇ ਤੇ ਅੰਦਰ ਨਾਲ ਨਾਲ ਮੇਰੇ ਕੱਪੜੇ ਲੁਹਾ ਕੇ ਧੋਤਾ ਜਾਂਦਾ ਹੁੰਦਾ ਤੇ ਨਾਲ ਥੱਪੜ ਤੇ ਗਾਲ੍ਹਾਂ ਵੀ ਪੈਂਦੇ ਹੁੰਦੇ। ਮੈਨੂੰ ਅੱਜ ਵੀ ਯਾਦ ਹੈ, ਉਦੋਂ ਵੀ ਮੇਰੀਆਂ ਅੱਖਾਂ ਭਰੀਆਂ ਹੁੰਦੀਆਂ ਪਰ ਬਾਹਰ ਨਾ ਡੁੱਲ੍ਹਦੀਆਂ। ਮੈਂ ਮਨ ਹੀ ਮਨ ਸਾਰਿਆਂ ਨੂੰ ਗਾਲ੍ਹਾਂ ਕੱਢਦੀ। ਇੱਕ ਸਾਰ ਤਿੰਨ-ਸੂਰੀ, ਕੁੱਤੀ, ਬਾਂਦਰੀ; ਤੇ ਮੁੰਡਿਆਂ ਨੂੰ ਕੱਢਣੀਆਂ ਹੁੰਦੀਆਂ ਤਾਂ ਲਿੰਗ ਤੇ ਵਚਨ ਬਦਲ ਦਿੰਦੀ ਸਾਂ। ਮੈਂ ਹੰਝੂ ਤਾਂ ਰੋਕ ਲੈਂਦੀ, ਪਰ ਮੇਰੇ ਹਉਕੇ ਵੱਸ 'ਚ ਨਹੀਂ ਆਉਂਦੇ ਸਨ।


---

*(ਲੇਖਿਕਾ ਪੰਜਾਬੀ ਨਾਵਲਕਾਰ, ਕਵੀ ਅਤੇ ਅਧਿਆਪਕਾ ਹਨ)*


# ਕਦੇ ਰਾਜਾ ਭਦਰ ਸੈਨ ਦੀ ਰਾਜਧਾਨੀ ਸੀ 'ਭਦੌੜ'

## ਪਿੰਡ ਵਸਿਆ (27)


**ਵਿਜੈ ਬੰਬੇਲੀ**
ਫੋਨ: +91-9463439075

*ਪਿੰਡ ਵਸਿਆ' ਕਾਲਮ 'ਪੰਜਾਬੀ ਪਰਵਾਜ਼' ਵਿੱਚ ਸਾਲ ਭਰ ਤੋਂ ਛਪਦਾ ਰਿਹਾ ਹੈ, ਜਿਸ ਵਿੱਚ ਸਬੰਧਿਤ ਪਿੰਡ ਦੇ ਵਸਣ ਅਤੇ ਉਗਮਣ ਦੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪਿੰਡ ਦਾ ਕਿੱਸਾ ਫਰੋਲਣ/ਲੱਭਣ ਲਈ ਬਹੁਤ ਅਤੇ ਬਹੁਪਰਤੀ ਊਰਜਾ ਲੱਗਦੀ ਹੈ। ਹਥਲੀ ਲਿਖਤ ਵਿੱਚ ਭਦਉੜੀਆਂ ਰਾਜਪੂਤ ਦੇ ਕੁਨਬੇ ਤੋਂ ਉਪਜੇ 'ਭਦੌੜ' ਬਾਰੇ ਸੰਖੇਪ ਗਾਥਾ ਪੇਸ਼ ਹੈ। -ਪ੍ਰਬੰਧਕੀ ਸੰਪਾਦਕ*



ਭਦੌੜ ਕਿਲੇ ਦਾ ਬਾਹਰੀ ਦ੍ਰਿਸ਼

"ਭਦੌੜ" ਸ਼ਬਦ ਰਾਜਾ ਭਦਰ ਸੈਨ, ਜਿਹੜਾ ਗੁਪਤ ਸਾਮਰਾਜ ਦਾ ਸਮਕਾਲੀ ਸੀ, ਦੇ "ਭਦਉੜੀਆਂ ਰਾਜਪੂਤ" ਕੁਨਬੇ ਤੋਂ ਉੱਪਜਿਆ ਸੀ। ਰਾਜਪੂਤਾਂ ਦੀ ਇੱਕ ਸ਼ਾਖ ਜਿਹੜੀ ਚੰਬਲ ਨਦੀ ਕਿਨਾਰੇ "ਭਦਾਵਰ" ਖਿੱਤੇ 'ਚ ਵੱਸਦੀ ਸੀ, ਪਹਿਲਾਂ "ਭਦਉੜੀਆਂ" ਦੀ ਅੱਲ ਵਜੋਂ ਉਪਰੰਤ ਇਸੇ ਗੋਤ ਵਜੋਂ ਸਨਦਬੱਧ ਹੋ ਗਈ। ਸਮਾਂ ਪਾ ਇਹ ਕੁਨਬਾ, ਰਾਜਪੂਤਾਂ ਦੇ ਇੱਕ ਧੜਵੈਲ ਕੁਨਬੇ ਵਜੋਂ ਸਥਾਪਤ ਹੋ ਗਿਆ। ਇਸੇ ਜਾਤ ਦੇ ਇੱਕ ਯੋਧੇ ਨੇ ਮਾਲਵਾ ਖੇਤਰ ਦੇ ਕੁਦਰਤ ਪੱਖੋਂ ਸ਼ਬਜ ਟੁਕੜੇ 'ਤੇ ਕਬਜ਼ਾ ਕਰ, ਜਿਸ ਪ੍ਰਾਚੀਨ ਵਸੇਬ ਨੂੰ ਆਪਣਾ ਸਦਰ-ਮੁਕਾਮ ਟਿੱਕਿਆ, ਉਹੀ ਖੇੜਾ ਭਦਉੜੀਆਂ ਤੋਂ ਭਦਉਰੀਆ-ਭਦਉੜ ਅਤੇ ਮਗਰੋਂ ਲੋਕ 'ਵਾਜ਼ ਅਨੁਸਾਰ ਪੱਕੇ ਤੌਰ 'ਤੇ "ਭਦੌੜ" ਵਜੋਂ ਅਲ਼ੰਕਾਰ ਹੋ ਗਿਆ। ਉਦੋਂ ਕੁ ਹੀ ਗੁਪਤੇ (ਗੁਪਤ ਸਾਮਰਾਜ), ਪੰਜਾਬ 'ਚ ਵੀ ਪੱਕੇ ਪੈਰੀਂ ਹੋ ਰਹੇ ਸਨ, ਫਿਰ ਜਿਵੇਂ ਕਿ ਹੁੰਦਾ ਹੀ ਸੀ/ਹੈ, "ਤਕੜੇ ਦਾ ਸੱਤੀ ਵੀਹੀਂ ਸੌ", ਉਨ੍ਹੀਂ (ਸਮੁੰਦਰ ਗੁਪਤ) ਨੇ ਭਦੌੜ ਰਾਜ ਵੀ ਢਹਿ-ਢੇਰੀ ਕਰ ਦਿੱਤਾ; ਪਰ ਉਹ ਇਸਦਾ ਨਾਂ ਨਹੀਂ ਸੀ ਮੇਸ ਸਕੇ।

ਸਮਾਂ ਪਾ, ਉਜੜੇ-ਪੁਜੜੇ ਇਸ ਥੇਹ ਗਿਰਦ ਹਠੂਰ (ਹਿਠਾੜ) ਦੇ ਇੱਜੜਾਂ ਅਤੇ ਆਜੜੀਆਂ ਆ ਵਸੇਬ ਕੀਤੀ। ਉਪਰੰਤ ਆਪਣੇ ਪਸਾਰ, ਲੋੜ ਅਤੇ ਲਾਲਚ ਵੱਸ ਉਨ੍ਹਾਂ ਵੇਲਿਆ 'ਚ ਧੜਵੈਲ ਕੁਨਬੇ ਬਿਗਾਨੀਆਂ ਜੂਹਾਂ 'ਤੇ ਜਿਵੇਂ ਮੱਲਾਂ ਮਾਰਦੇ ਹੀ ਸਨ, "ਫੂਲ ਬੰਸ' ਦੇ ਸਿਪਾਹ-ਸਿਲਾਰ "ਰਾਮੇ ਫੂਲਕੇ" ਨੇ ਆ ਦਸਤਕ ਦਿੱਤੀ। ਮਾੜੇ-ਧੀੜੇ ਆਜੜੀ ਕੀ ਕਰ ਸਕਦੇ ਸਨ? ਨਰਮ-ਦਿਲ ਰਾਮੇ ਨੇ ਉਨ੍ਹਾਂ ਦੀ ਵੀ ਲੱਜ ਰੱਖੀ ਅਤੇ ਭਦੌੜ ਨੂੰ ਵੀ ਮੁੜ ਰਿਸਾ-ਵਸਾ ਦਿੱਤਾ। ਹੁਣ ਇੱਥੇ ਰਾਮੇ ਕਿਆ ਦੀ ਚੜ੍ਹਤ ਹੋ ਗਈ। ਸਮੇਂ ਅਤੇ ਦਵੱਲੀ ਲੋੜ ਮੂਜਬ, ਵੇਲੇ ਦੇ ਚਲਨ ਮੁਤਾਬਿਕ ਇੱਥੇ ਤਾਅ ਜਾਤਾਂ-ਧਰਮਾਂ ਦੇ ਲੋਕਾਂ ਦੀ ਘਣੀ-ਵਸੋਂ ਹੋ ਗਈ। ਭਦੌੜ ਲਘੂ-ਰਿਆਸਤ ਟਿੱਕੀ ਗਈ ਅਤੇ ਇਹ ਖੈੜਾ 22 ਅਗਵਾੜਾਂ 'ਚ ਵੰਡਿਆ ਗਿਆ: 1 ਤੋਂ 8: ਅਗਵਾੜ ਨੱਤਾਂ ਦਾ, ਗੋਂਦਾਰਿਆਂ ਦਾ, ਢੀਂਡਸਿਆਂ ਦਾ, ਗਰੇਵਾਲਾਂ ਦਾ, ਗਿੱਲਾਂ ਦਾ, ਮਾਨਾਂ ਦਾ, ਬੂਟਰਾਂ ਦਾ ਅਤੇ ਸੰਧੂਆਂ ਦਾ। ਅਗਵਾੜ: 9-12: ਕਲਾਲਾਂ ਦਾ, ਜੰਗੀ ਕਾ, ਤੇਲੀਆਂ ਦਾ ਅਤੇ ਕਸਾਈਆਂ ਦਾ। 13-16: ਢਿੱਲਵਾਂ ਕਾ, ਡਿੱਬੀ ਪੁਰੀਆਂ ਦਾ, ਭੈਣੀ ਦਾ ਅਤੇ ਜੈਦਾਂ ਦਾ। 17-21: ਗੋਢੀਆਂ ਦਾ, ਵੱਡੇ ਕੋੜਿਆਂ ਦਾ, ਛੋਟੇ ਕੋੜਿਆਂ ਦਾ, ਭਲੇਰੀਆਂ ਦਾ ਅਤੇ ਢੁੰਡਿਆਂ ਦਾ। 22ਵਾਂ ਅਗਵਾੜ ਪੁਰੀਆਂ ਦਾ ਸੀ/ਹੈ। ਇਹ ਸਾਰੀ ਵਸੋਂ ਇੱਕ-ਦੂਜੇ ਨਾਲ ਅਗਲ-ਵਿੱਢੀ ਅਤੇ ਬਗਲਗੀਰ ਸੀ/ਹੈ।

ਦੂਰ-ਅੰਦੇਸ਼ੀ ਅਤੇ ਹਾਲਾਤ ਵੱਸ ਰਾਮਾ ਦਿੱਲੀ ਸ਼ਹਿਨਸ਼ਾਹੀ ਦਾ ਵਫਾਦਾਰ ਸੀ। ਸੰਮਤ 1733, ਈਸਵੀ ਸੰਨ 1676 ਨੂੰ ਰਾਮੇ ਫੂਲਕੀਏ ਦੀ ਤੀਵੀਂ ਸਾਭੀ ਦੀ ਕੁੱਖੋਂ ਦੁੰਨੇ ਦਾ ਜਨਮ ਹੋਇਆ। ਦੁੰਨਾ, ਜਿਹੜਾ ਲੋਕਾਂ ਖਾਸ ਕਰਕੇ ਆਪਣੇ ਭਾਈਚਾਰੇ ਪ੍ਰਤੀ ਦਰਿਆ-ਦਿਲ ਸੀ, ਨੇ 1714 ਈ. ਨੂੰ ਰਿਆਸਤ ਦੀ ਵਾਗਡੋਰ ਸੰਭਾਲੀ। ਉਹ ਵੀ ਸਿੱਖਾ-ਸ਼ਾਹੀ ਦੀ ਬਜਾਏ ਦਿੱਲੀ ਵੱਲ ਉਲਾਰ ਸੀ, ਜਿਹੜਾ 1726 ਨੂੰ ਫੌਤ ਹੋ ਗਿਆ। ਉਪਰੰਤ ਉਸਦੇ ਭਾਈ ਆਲਾ ਸਿੰਘ ਬਰਨਾਲਾ ਭਦੌੜ ਦਾ ਸਰਬ-ਰਾਹ ਬਣ ਗਿਆ।

ਗੱਲ ਮੁਕਾਈਏ, ਰਾਮਾ-ਦੁੰਨਾ ਤੋਂ ਕੁਝ ਅਗਲੀਆਂ-ਅਗਲੇਰੀਆਂ ਪੀੜ੍ਹੀਆਂ ਤੋਂ ਉੱਠਦੀ-ਢਹਿੰਦੀ ਇਹ ਰਿਆਸਤ (ਭਦੌੜ) ਮੁਕੰਮਲ ਤੌਰ 'ਤੇ ਪਟਿਆਲਾ ਸ਼ਾਹੀ ਦੇ ਪੁਰਜ਼ਿਆਂ ਦੇ ਕਾਬੂ ਆ ਗਈ ਅਤੇ ਇਸਦੀ ਖੇਤੀ "ਮੁਜ਼ਾਰਾ" ਪ੍ਰਚਲਨ ਹੇਠ। ਲੋਕ ਤੀਹਰੀ ਚੱਕੀ ਹੇਠ ਪੀਸ ਹੋਣ ਲੱਗੇ: ਗੋਰਾ ਸ਼ਾਹੀ ਹੇਠ, ਪਟਿਆਲਾ ਸ਼ਾਹੀ ਹੇਠ ਅਤੇ ਜਗੀਰਦਾਰੀ ਸ਼ਾਹੀ ਹੇਠ। ਹਲਵਾਹਕ ਬੁਰੀ ਤਰ੍ਹਾਂ ਮੰਦਵਾੜੇ ਅਤੇ ਸ਼ੋਸਣ ਹੇਠ ਆ ਗਏ, ਸਿੱਟੇ ਵਜੋਂ ਲੋਕਸ਼ਾਹੀ-ਮੁਜ਼ਾਰਾ ਲਹਿਰ ਦਾ ਉਥਾਨ ਹੋ ਗਿਆ।

ਮੁਜ਼ਾਰਾ ਲਹਿਰ ਦੀਆਂ ਜੜ੍ਹਾਂ 1861-62 ਦੇ ਜ਼ਮੀਨੀ ਬੰਦੋਬਸਤ ਪ੍ਰਬੰਧ ਅਤੇ ਰਾਜਾਸ਼ਾਹੀ ਤੇ ਜਗੀਰਦਾਰਾਂ ਦੇ ਲਾਲਚ ਅਤੇ ਉਨ੍ਹਾਂ ਦੇ ਹਲਵਾਹਕਾਂ ਪ੍ਰਤੀ ਜ਼ਾਹਰਾ ਤੇ ਮੂਕ ਮਾਨਸਿਕ-ਤਸ਼ੱਦਦ ਨਾਲ ਜੁੜਦੀਆਂ ਹਨ। ਉਪਰੰਤ; 1901 ਤੋਂ ਧੁਖਦੀ ਅੱਗ ਨੇ 1925-26 'ਚ ਪੀਡਾ ਜਥੇਬੰਦਕ ਰੂਪ ਧਾਰ ਲਿਆ, ਜਿਸਨੇ 1927 'ਚ ਸੂਹਾ-ਰੁੱਖ ਫੜ੍ਹ 1928 ਤੋਂ 1937 ਤੱਕ ਲਾ-ਮਿਸਾਲ ਹੱਕੀ-ਘੋਲ ਲੜਿਆ। ਭਦੌੜ ਨੇ ਇਸ ਵਿੱਚ ਅਣਮਿਣਵੀਂ ਕੁਰਬਾਨੀ ਦਾ ਹਿੱਸਾ ਪਾਇਆ। ਇਸ ਦੀਆਂ ਤਾਅ-ਜਾਤਾਂ ਅਤੇ ਕਿਰਤੀ-ਸ਼ਿਲਪੀ 'ਕੱਠੇ ਜੂਝੇ। ਦਰ-ਹਕੀਕਤ; ਭਦੌੜ ਵਾਲਿਆਂ ਤਾਂ 1920 ਵਿੱਚ ਹੀ ਜਗੀਰੂ ਪ੍ਰਥਾ ਵਿਰੁੱਧ ਆਪਣੇ ਫਰਜੰਦਾਂ: ਬੱਗੂ ਭਲੇਰੀਆਂ, ਗੁੱਜਰ ਸਿੰਘ ਅਤੇ ਦੁੱਲਾ ਅਰਾਈਂ ਦੀ ਕਮਾਂਡ ਹੇਠ ਬਗਾਵਤੀ ਝੰਡਾ ਚੁੱਕ ਲਿਆ ਸੀ। ਇਹੀ ਨਹੀਂ, "ਮੁਜ਼ਾਰਾ ਵਾਰ ਕੌਂਸਲ", ਜਿਹੜੀ ਰੱਤ-ਡੋਲ੍ਹਵੀਂ ਜੱਦੋ-ਜਹਿਦ ਦੀ ਅਗਵਾਈ ਕਰਦੀ ਸੀ, ਵਿੱਚ ਬਰਨਾਲਾ ਪਰਗਨੇ ਦੇ ਸਿਰਲੱਥ ਜਰਨੈਲਾਂ 'ਚ ਇਸੇ ਭਦੌੜ ਦੇ ਤਿੰਨ ਸਪੂਤ- ਕਾਮਰੇਡ ਹਰਨਾਮ ਸਿੰਘ, ਚੰਦ ਸਿੰਘ ਮਾਨ ਅਤੇ ਬਾਬਾ ਅਰਜਨ ਸਿੰਘ, ਸ਼ੁਮਾਰ ਸਨ।

ਮੁੱਕਦੀ ਗੱਲ; ਪ੍ਰਾਚੀਨ ਸਮਿਆਂ ਤੋਂ ਲੈ ਕੇ, ਭਦੌੜ ਦੇ ਮੁੜ ਰਸਣ-ਵਸਣ ਤੱਕ ਅਤੇ ਹੁਣ ਦੇ ਵੇਲਿਆਂ ਦੀਆਂ ਬੜੀਆਂ ਸ਼ਾਨਾਂ ਤੇ ਮਾਣਮੱਤੀਆਂ ਗਥਾਵਾਂ ਹਨ। ਕੀ ਤੁਸੀਂ ਭਦੌੜ ਦੇ ਖੂਹਾਂ-ਟੋਭਿਆਂ, ਜੰਗਲਾਂ-ਬੇਲਿਆਂ, ਦੇਸ਼ ਭਗਤਾਂ, ਨਾਮਵਰ ਕਿਰਤੀ-ਸ਼ਿਲਪੀਆਂ-ਕਾਰੀਗਰਾਂ, ਨਾਥਾਂ-ਜੋਗੀਆਂ, ਛੱਜ ਘਾੜਿਆਂ, ਬੱਕਰਵਾਲਾਂ, ਮਾਸ਼ਕੀਆਂ, ਇਨਕਲਾਬੀਆਂ ਅਤੇ ਸਾਹਿਤਕਾਰਾਂ, ਸੰਗੀਤਵੇਤਿਆਂ ਤੇ ਤਰਕਸ਼ੀਲਾਂ ਤੋਂ ਬਿਨਾ ਭਦੌੜ ਦਾ ਇਤਿਹਾਸ ਸਮੇਟ ਸਕਦੇ ਹੋ? ਕਦਾਚਿਤ ਨਹੀਂ, ਪਰ ਲੇਖ ਦੀ ਸੀਮਤਾਈ ਇੰਜ ਕਰਨ ਦੀ ਆਗਿਆ ਨਹੀਂ ਦਿੰਦੀ।

# ਮਾਂ ਦੇ ਸਿਰ 'ਤੇ ਐਸ਼ਾਂ ਹੁੰਦੀਆਂ, ਪਿਉ ਦੇ ਸਿਰ 'ਤੇ ਰਾਜ


**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
ਫੋਨ: +91-9781646008


ਸਾਨੂੰ ਜਨਮ ਦੇਣ ਵਾਲੇ ਮਾਪਿਆਂ ਨੇ ਸਾਨੂੰ ਪਾਲਣ ਹਿੱਤ, ਸਾਡੇ ਸੁਫ਼ਨੇ ਪੂਰੇ ਕਰਨ ਹਿੱਤ ਆਪਣੀਆਂ ਕਈ ਖ਼ਾਹਿਸ਼ਾਂ ਦੀ ਬਲੀ ਦੇ ਦਿੱਤੀ ਹੁੰਦੀ ਹੈ ਤੇ ਸਦਾ ਸਾਡੀ ਖ਼ੈਰ ਹੀ ਮੰਗੀ ਹੁੰਦੀ ਹੈ। ਸਾਡਾ ਸਭ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਵੀ ਆਪਣੇ ਬਿਰਧ ਹੋ ਚੁਕੇ ਮਾਪਿਆਂ ਲਈ ਸਮਾਂ ਕੱਢੀਏ, ਉਨ੍ਹਾਂ ਨਾਲ ਗੱਲਾਂ ਕਰੀਏ, ਉਨ੍ਹਾਂ ਦੀਆਂ ਜ਼ਰੂਰਤਾਂ ਦਾ ਖ਼ਿਆਲ ਰੱਖੀਏ ਤੇ ਉਨ੍ਹਾਂ ਦੀ ਜ਼ਿੰਦਗੀ ਦੇ ਆਖ਼ਰੀ ਪੜਾਅ ਭਾਵ ਉਨ੍ਹਾਂ ਦੇ ਬੁਢਾਪੇ ਨੂੰ ਸੁੱਖਾਂ ਤੇ ਖ਼ੁਸ਼ੀਆਂ ਨਾਲ ਭਰਪੂਰ ਬਣਾਈਏ।

ਸਿਆਣਿਆਂ ਨੇ ਸੱਚ ਹੀ ਕਿਹਾ ਹੈ, 'ਤਿੰਨ ਰੰਗ ਨਹੀਂ ਲੱਭਣੇ, ਹੁਸਨ ਜਵਾਨੀ ਤੇ ਮਾਪੇ।' ਇਸ ਲਈ ਮਾਪੇ ਜੇਕਰ ਇੱਕ ਵਾਰ ਸਾਥੋਂ ਵਿੱਛੜ ਗਏ ਤਾਂ ਸਾਨੂੰ ਦੁਬਾਰਾ ਆਪਣੇ ਦਿਲ ਦੀਆਂ ਕਹਿਣ ਤੇ ਉਨ੍ਹਾਂ ਦੇ ਦਿਲ ਦੀਆਂ ਸੁਣਨ ਦਾ ਮੌਕਾ ਕਦੇ ਨਹੀਂ ਮਿਲਣਾ। ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ,

ਮਾਂ ਬਿਨ ਨਾ ਕੋਈ ਘਰ ਬਣਦਾ ਏ
ਪਿਉ ਬਿਨ ਨਾ ਕੋਈ ਤਾਜ।
ਮਾਂ ਦੇ ਸਿਰ 'ਤੇ ਐਸ਼ਾਂ ਹੁੰਦੀਆਂ
ਪਿਉ ਦੇ ਸਿਰ 'ਤੇ ਰਾਜ।

ਸੋ ਜੋ ਮੌਜਾਂ ਅਸੀਂ ਬਚਪਨ ਵਿੱਚ ਮਾਪਿਆਂ ਦੇ ਸਿਰ 'ਤੇ ਮਾਣ ਲੈਂਦੇ ਹਾਂ, ਉਹ ਸਾਡੇ ਲਈ ਜੀਵਨ ਭਰ ਦਾ ਸਰਮਾਇਆ ਬਣ ਜਾਣਾ ਚਾਹੀਦੀਆਂ ਹਨ, ਪਰ ਬਦਕਿਸਮਤੀ ਇਹ ਹੈ ਕਿ ਕੁਝ ਖ਼ੁਦਗ਼ਰਜ਼ ਅਤੇ ਗ਼ੈਰ-ਜ਼ਿੰਮੇਵਾਰ ਬੱਚੇ ਆਪਣੇ ਸੁਆਰਥ ਖ਼ਾਤਿਰ ਮਾਪਿਆਂ ਵੱਲੋਂ ਦੁੱਖ ਝੱਲ ਕੇ ਕੀਤੀ ਪਰਵਰਿਸ਼ ਨੂੰ ਭੁਲਾ ਕੇ ਉਨ੍ਹਾਂ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਨਹੀਂ ਦਿੰਦੇ ਹਨ ਤੇ ਉਨ੍ਹਾਂ ਦੀ ਪੁੱਛ-ਪ੍ਰਤੀਤ ਨਹੀਂ ਕਰਦੇ ਹਨ। ਕਈ ਬੇਜ਼ਮੀਰੇ ਬੱਚੇ ਤਾਂ ਆਪਣੇ ਬਿਰਧ ਮਾਪਿਆਂ ਨੂੰ ਬਿਰਧ ਆਸ਼ਰਮ ਦੇ ਹਵਾਲੇ ਕਰਕੇ ਆਪਣੇ ਮਹਿਲਾਂ ਜਾਂ ਵਿਦੇਸ਼ਾਂ 'ਚ ਜਾ ਵੱਸਦੇ ਹਨ। ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ ਸਾਡੇ ਇਸੇ ਮੁਲਕ ਵਿੱਚ ਸਰਵਣ ਅਤੇ ਰਾਮ ਚੰਦਰ ਜੀ ਜਿਹੇ ਆਗਿਆਕਾਰੀ ਪੁੱਤਰ ਵੀ ਪੈਦਾ ਹੋਏ ਸਨ, ਜਿਨ੍ਹਾਂ ਨੇ ਮਾਪਿਆਂ ਦੀ ਹਰ ਆਗਿਆ 'ਤੇ ਪੂਰਨ ਸਤਿਕਾਰ ਸਹਿਤ ਫੁੱਲ ਚੜ੍ਹਾਏ ਸਨ ਤੇ ਉਨ੍ਹਾਂ ਦੀ ਤਨ, ਮਨ, ਧਨ ਨਾਲ ਸੇਵਾ ਕੀਤੀ ਸੀ। ਬਿਰਧ ਮਾਪਿਆਂ ਨੂੰ ਇਕੱਲਾ ਛੱਡ ਕੇ ਮੰਦਰਾਂ-ਗੁਰਦੁਆਰਿਆਂ ਵਿੱਚ 'ਸੇਵਾ' ਤੇ 'ਸਿਮਰਨ' ਦਾ ਢੋਂਗ ਕਰਨ ਵਾਲੀ ਔਲਾਦ ਨੂੰ ਇਹ ਸੱਚ ਜਾਣ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਇਸ ਯੁਗ 'ਚ ਕੀ, ਕਿਸੇ ਵੀ ਯੁਗ ਵਿੱਚ ਭਲਾ ਨਹੀਂ ਹੋਵੇਗਾ।

ਪੰਜਾਬੀ ਦਾ ਨਾਮਵਰ ਗੀਤਕਾਰ ਦੇਵ ਥਰੀਕੇਵਾਲਾ ਲਿਖ਼ਦਾ ਹੈ, "ਮਾਂ ਦੀ ਪੂਜਾ ਰੱਬ ਦੀ ਪੂਜਾ, ਮਾਂ ਤਾਂ ਰੱਬ ਦਾ ਰੂਪ ਹੈ ਦੂਜਾ।" ਇਹ ਪੂਰਨ ਸੱਚ ਹੈ ਕਿ ਮਾਂ ਰੱਬ ਦਾ ਹੀ ਦੂਜਾ ਰੂਪ ਹੁੰਦੀ ਹੈ, ਕਿਉਂਕਿ ਹਰੇਕ ਧਰਮ ਪਰਮਾਤਮਾ ਨੂੰ ਹੀ ਇਸ ਸ੍ਰਿਸ਼ਟੀ ਦਾ 'ਜਨਮਦਾਤਾ' ਮੰਨਦਾ ਹੈ ਤੇ ਪਰਮਾਤਮਾ ਤੋਂ ਬਾਅਦ ਇਸ ਸੰਸਾਰ ਵਿੱਚ ਮਾਂ ਹੀ ਅਜਿਹੀ ਹਸਤੀ ਹੈ, ਜੋ 'ਜਨਮਦਾਤੀ' ਹੋਣ ਦਾ ਸ਼ਰਫ਼ ਰੱਖਦੀ ਹੈ। ਉਹ ਸਾਡੇ ਬਚਪਨ ਵਿੱਚ ਆਪਣੀਆਂ ਨੀਂਦਾਂ ਖ਼ਰਾਬ ਕਰਕੇ ਸਾਨੂੰ ਲੋਰੀਆਂ ਗਾ-ਗਾ ਕੇ ਸੁਆਉਂਦੀ ਹੈ ਅਤੇ ਆਪ ਭੁੱਖੇ ਪੇਟ ਹੁੰਦਿਆਂ ਵੀ ਆਪਣੀ ਛਾਤੀ ਦਾ ਦੁੱਧ ਪਿਆ ਕੇ ਸਾਡਾ ਪੇਟ ਭਰਦੀ ਹੈ। ਉਹ ਆਪ ਗਿੱਲੇ 'ਤੇ ਪੈ ਕੇ ਵੀ ਸਾਨੂੰ ਸੁੱਕੇ 'ਤੇ ਪਾਉਂਦੀ ਹੈ। ਉਹ ਸਾਡੀ ਚੰਗੀ ਪਰਵਰਿਸ਼ ਲਈ ਆਪ ਕਈ ਤਰ੍ਹਾਂ ਦੀਆਂ ਤੰਗੀਆਂ-ਤੁਰਸ਼ੀਆਂ ਤੇ ਔਕੜਾਂ ਹੱਸ ਕੇ ਜਰ ਜਾਂਦੀ ਹੈ ਤੇ ਸੀ ਵੀ ਨਹੀਂ ਕਰਦੀ ਹੈ। ਮਾਂ ਦੇ ਪਰਕਉਪਕਾਰਾਂ ਅਤੇ ਬਲਿਦਾਨਾਂ ਦਾ ਕੋਈ ਅੰਤ ਨਹੀਂ ਹੈ। ਮਾਂ ਦੀ ਅਦੁੱਤੀ ਸ਼ਖ਼ਸੀਅਤ ਸਬੰਧੀ ਕਿਸੇ ਸ਼ਾਇਰ ਦੇ ਬੋਲ ਹਨ,

ਲੱਖ ਛੁਪਾਵਾਂ ਮਾਂ ਆਪਣੀ ਤੋਂ
ਦੁੱਖ ਨਹੀਉਂ ਛੁਪਦਾ ਮੇਰਾ।
ਪੜ੍ਹੀ ਲਿਖ਼ੀ ਨਹੀਂ ਮਾਂ ਮੇਰੀ
ਪਰ ਝੱਟ ਪੜ੍ਹ ਲੈਂਦੀ ਚਿਹਰਾ।

ਇਹ ਬਾਕਮਾਲ ਬੋਲ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਮਾਂ ਦਾ ਰਿਸ਼ਤਾ ਇੰਨਾ ਗੂੜ੍ਹਾ ਤੇ ਨੇੜੇ ਦਾ ਹੁੰਦਾ ਹੈ ਕਿ ਮਾਂ ਬੱਚੇ ਦੀ ਹਰ ਦੱਸੀ ਤੇ ਅਣਦੱਸੀ ਗੱਲ ਨੂੰ ਉਸਦੇ ਚਿਹਰੇ ਦੇ ਹਾਵ-ਭਾਵ ਤੋਂ ਜਾਣ ਜਾਂਦੀ ਹੈ। ਨਿਰਸੰਦੇਹ ਮਾਂ ਤਾਂ ਰੱਬ ਦਾ ਦੂਜਾ ਰੂਪ ਹੈ ਤੇ ਉਸਦਾ ਦੇਣ ਕਦੇ ਨਹੀਂ ਦਿੱਤਾ ਜਾ ਸਕਦਾ ਹੈ।

ਗੀਤਕਾਰ ਦੇਵ ਥਰੀਕੇਵਾਲਾ ਨੇ ਇਹ ਵੀ ਲਿਖ਼ਿਆ ਸੀ, "ਰੱਬਾ ਦੇਵ ਕਰੇ ਅਰਜ਼ੋਈ, ਬੱਚਿਆਂ ਦੀ ਮਾਂ ਮਰੇ ਨਾ ਕੋਈ।" ਗੀਤਕਾਰ ਦੇ ਇਨ੍ਹਾਂ ਬੋਲਾਂ ਦੇ ਧੁਰ ਅੰਦਰ ਦੀ ਸੱਚਾਈ ਅਤੇ ਡੂੰਘੇ ਅਹਿਸਾਸ ਕੇਵਲ ਓਹੀ ਬੱਚੇ ਸਮਝ ਸਕਦੇ ਹਨ, ਜੋ ਆਪਣੀ ਮਾਂ ਨੂੰ ਸਦਾ ਲਈ ਗੁਆ ਚੁੱਕੇ ਹਨ। ਮਾਂ ਦੇ ਪਿਆਰ ਤੋਂ ਵਿਰਵੇ ਰਹੇ ਬੱਚੇ ਦੀ ਸ਼ਖ਼ਸੀਅਤ ਵਿੱਚ ਕਈ ਘਾਟਾਂ ਰਹਿ ਜਾਂਦੀਆਂ ਹਨ। ਮਾਂ ਵਿਹੂਣੇ ਬੱਚਿਆਂ ਦੀ ਪਰਵਰਿਸ਼ ਇੱਕ ਪਿਤਾ ਲਈ ਬਹੁਤ ਹੀ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ ਤੇ ਕਈ ਲੋਕਾਂ ਨੂੰ ਤਾਂ ਮਾਂ ਦੀ ਅਹਿਮੀਅਤ ਦਾ ਪਤਾ, ਮਾਂ ਦੇ ਟੁਰ ਜਾਣ ਤੋਂ ਬਾਅਦ ਹੀ ਲੱਗਦਾ ਹੈ।

ਸਾਨੂੰ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਹਰੇਕ ਧੀ ਜਾਂ ਪੁੱਤ ਦੇ ਜੀਵਨ ਨੂੰ ਸੁਆਰਨ ਤੇ ਸਜਾਉਣ ਵਿੱਚ ਬਾਪ ਦੀ ਵੀ ਅਹਿਮ ਭੂਮਿਕਾ ਹੁੰਦੀ ਹੈ। ਇੱਕ ਬਾਪ ਉਮਰ ਭਰ ਤੰਗੀਆਂ-ਤੁਰਸ਼ੀਆਂ ਝੱਲ ਕੇ ਵੀ ਆਪਣੇ ਬੱਚਿਆਂ ਦੀਆਂ ਖ਼ਾਹਿਸ਼ਾਂ ਤੇ ਸੁਫ਼ਨਿਆਂ ਨੂੰ ਪੂਰਾ ਕਰਨ ਲਈ ਜੱਦੋ-ਜਹਿਦ ਕਰਦਾ ਰਹਿੰਦਾ ਹੈ। ਜ਼ਿੰਦਗੀ ਦੇ ਸੰਘਰਸ਼ ਭਰੇ ਬਿਖੜੇ ਪੈਂਡੇ 'ਤੇ ਚੱਲਦਿਆਂ ਉਹ ਆਪਣੇ ਸੁਫ਼ਨੇ ਤੇ ਆਪਣੀਆਂ ਖ਼ਾਹਿਸ਼ਾਂ ਤਾਂ ਭੁੱਲ ਹੀ ਜਾਂਦਾ ਹੈ। ਕਿਸੇ ਵਿਦਵਾਨ ਦਾ ਕਥਨ ਹੈ, "ਹਰੇਕ ਮੁੰਡੇ ਦੇ ਜੀਵਨ ਦਾ ਪਹਿਲਾ ਮਹਾਂਨਾਇਕ ਤੇ ਹਰੇਕ ਧੀ ਦਾ ਪਹਿਲਾ ਪਿਆਰ, ਉਸਦਾ ਪਿਤਾ ਹੀ ਹੁੰਦਾ ਹੈ।"

ਇਹ ਕੋਈ ਅਤਿਕਥਨੀ ਨਹੀਂ ਕਿ ਮੁੰਡਿਆਂ ਦੇ ਮੁਕਾਬਲੇ ਧੀਆਂ ਦੀ ਆਪਣੇ ਬਾਬਲ ਨਾਲ ਸਾਂਝ ਕਿਤੇ ਜ਼ਿਆਦਾ ਹੁੰਦੀ ਹੈ। ਮਨੋਵਿਗਿਆਨੀ ਮੰਨਦੇ ਹਨ ਕਿ ਹਰੇਕ ਲੜਕੇ ਦੀ ਆਪਣੀ ਮਾਂ ਨਾਲ ਅਤੇ ਹਰੇਕ ਲੜਕੀ ਦੀ ਆਪਣੇ ਪਿਤਾ ਨਾਲ ਦਿਲੀ ਸਾਂਝ ਹੁੰਦੀ ਹੈ। ਧੀ ਬੇਸ਼ੱਕ ਬਾਪ ਤੋਂ ਭੈਅ ਵੀ ਖਾਂਦੀ ਹੈ, ਪਰ ਬਾਪ ਨਾਲ ਉਸਦਾ ਪਿਆਰ ਅਕਹਿ ਤੇ ਅਮੁੱਕ ਹੁੰਦਾ ਹੈ। ਇਸ ਪ੍ਰਥਾਇ ਇੱਕ ਵਿਦਵਾਨ ਦੇ ਬੋਲ ਹਨ, "ਹਰੇਕ ਕੁੜੀ ਆਪਣੀ ਪਤੀ ਲਈ ਰਾਣੀ ਚਾਹੇ ਹੋਵੇ ਜਾਂ ਨਾ ਹੋਵੇ, ਪਰ ਆਪਣੇ ਬਾਪ ਲਈ ਉਹ 'ਰਾਜਕੁਮਾਰੀ' ਜ਼ਰੂਰ ਹੁੰਦੀ ਹੈ।" ਧੀਆਂ ਆਪਣੇ ਬਾਬਲ ਦੀਆਂ ਲਾਡਲੀਆਂ ਹੁੰਦੀਆਂ ਹਨ ਤੇ ਸਹੁਰੇ ਘਰ ਜਾ ਕੇ ਵੀ ਬਾਪ ਦੀ ਗਲਵੱਕੜੀ ਦਾ ਨਿੱਘ ਕਦੇ ਨਹੀਂ ਭੁੱਲਦੀਆਂ ਹਨ। ਪਿਤਾ ਦੇ ਪਿਆਰ ਨਾਲ ਸਰਾਬੋਰ ਇੱਕ ਧੀ ਦੇ ਬੋਲ ਹਨ,

ਮੇਰੇ ਅੰਦਰ ਅੱਜ ਵੀ ਬਚਪਨ ਜਿਊਂਦਾ ਏ
ਮੈਨੂੰ ਬਾਬਲ 'ਲਾਡੋ' ਆਖ ਬੁਲਾਉਂਦਾ ਏ।

ਭਾਰਤੀ ਸਮਾਜ ਵਿੱਚ ਇੱਕ ਪਿਤਾ ਬਾਰੇ ਆਮ ਰਾਏ ਹੈ ਕਿ ਉਹ ਸੁਭਾਅ ਦਾ ਸਖ਼ਤ ਹੁੰਦਾ ਹੈ, ਪਰ ਇਹ ਗੱਲ ਸਾਰੇ ਜਾਣਦੇ ਨੇ ਕਿ ਉਹ ਬਾਹਰੋਂ ਕਿੰਨਾ ਵੀ ਸਖ਼ਤ ਕਿਉਂ ਨਾ ਹੋਵੇ, ਪਰ ਅੰਦਰੋਂ ਦਿਲ ਤੋਂ ਬੇਹੱਦ ਨਰਮ ਤੇ ਔਲਾਦ ਨੂੰ ਹੱਦੋਂ ਵੱਧ ਪਿਆਰ ਕਰਨ ਵਾਲਾ ਹੁੰਦਾ ਹੈ। ਕਿਸੇ ਸਿਆਣੇ ਨੇ ਠੀਕ ਹੀ ਕਿਹਾ ਸੀ, "ਬਾਪ ਸੁਭਾਅ ਦਾ ਗਰਮ ਪਰ ਦਿਲ ਦਾ ਨਰਮ ਤੇ ਬੇਬੇ ਤੋਂ ਵੀ ਜ਼ਿਆਦਾ ਪਿਆਰ ਕਰਨ ਵਾਲਾ ਹੁੰਦਾ ਹੈ। ਬੇਬੇ ਪਿਆਰ ਛੁਪਾਉਂਦੀ ਨਹੀਂ ਹੈ, ਪਰ ਬਾਪੂ ਪਿਆਰ ਵਿਖ਼ਾਉਂਦਾ ਨਹੀਂ ਹੈ।" ਇਸੇ ਤਰ੍ਹਾਂ ਇੱਕ ਹੋਰ ਵਿਦਵਾਨ ਨੇ ਪਿਤਾ ਦੀ ਮਹਾਨਤਾ ਪ੍ਰਗਟਾਉਂਦਿਆਂ ਫ਼ਰਮਾਇਆ ਹੈ, "ਪਿਤਾ ਕਈ ਵਾਰ ਨਿੰਮ ਦੇ ਰੁੱਖ ਵਰਗਾ ਹੁੰਦਾ ਹੈ, ਜਿਸਦੇ ਪੱਤੇ ਤਾਂ ਕੁਸੈਲੇ ਹੁੰਦੇ ਹਨ, ਪਰ ਉਹ ਛਾਂ ਹਮੇਸ਼ਾ ਠੰਡੀ ਹੀ ਦਿੰਦਾ ਹੈ।" ਪਿਤਾ ਹੀ ਅਸਲ ਵਿੱਚ ਕਿਸੇ ਬੱਚੇ ਨੂੰ ਪਹਿਲਾਂ ਘਰ ਵਿੱਚ ਤੇ ਫਿਰ ਦੁਨੀਆਂ ਵਿੱਚ ਚੱਲਣਾ ਸਿਖਾਉਂਦਾ ਹੈ। ਉਹ ਆਪ ਤਕਲੀਫ਼ਾਂ ਝੱਲ ਲੈਂਦਾ ਹੈ, ਪਰ ਔਲਾਦ ਦੇ ਸੁੱਖ ਲਈ ਪੂਰੀ ਵਾਹ ਲਾ ਦਿੰਦਾ ਹੈ। ਉਹ ਦੁਨੀਆਂ ਦਾ ਇਕੱਲਾ ਐਸਾ ਸ਼ਖ਼ਸ ਹੁੰਦਾ ਹੈ, ਜੋ ਇਹ ਚਾਹੁੰਦਾ ਹੈ ਕਿ ਉਸਦੇ ਬੱਚੇ ਉਸ ਤੋਂ ਵੀ ਵੱਧ ਕਾਮਯਾਬ ਹੋਣ। ਇੱਕ ਅਜਿਹੇ ਪਿਤਾ ਦਾ ਫ਼ਰਜ਼ੰਦ ਆਪਣੇ ਪਿਤਾ ਬਾਰੇ ਜਜ਼ਬਾਤ ਬਿਆਨ ਕਰਦਿਆਂ ਆਖਦਾ ਹੈ,

ਪਿਤਾ ਹਾਰ ਕਰ ਬਾਜ਼ੀ ਹਮੇਸ਼ਾ ਮੁਸਕੁਰਾਇਆ
ਸ਼ਤਰੰਜ ਕੀ ਉਸ ਜੀਤ ਕੋ ਮੈਂ ਅਬ ਸਮਝ ਪਾਇਆ।

ਇਕ ਸਮਰਪਿਤ ਪਿਤਾ ਖ਼ੁਦ ਫ਼ਾਕੇ ਕੱਟ ਕੇ ਵੀ ਬੱਚਿਆਂ ਦਾ ਪੇਟ ਭਰਨ ਲਈ ਦਿਨ-ਰਾਤ ਮੁਸ਼ੱਕਤ ਕਰਦਾ ਹੈ। ਔਲਾਦ ਦੀ ਬਿਹਤਰ ਪਰਵਰਿਸ਼ ਹੀ ਉਸਦੀ ਜ਼ਿੰਦਗੀ ਦਾ ਇਕਮਾਤਰ ਮਕਸਦ ਹੁੰਦੀ ਹੈ। ਉਰਦੂ ਦੇ ਕਿਸੇ ਸ਼ਾਇਰ ਦੇ ਬਹੁਤ ਹੀ ਖ਼ੂਬਸੂਰਤ ਬੋਲ ਹਨ,

ਜੇਬ ਖ਼ਾਲੀ ਹੋ ਫ਼ਿਰ ਭੀ ਮਨ੍ਹਾ ਕਰਤੇ ਨਹੀਂ ਦੇਖਾ
ਮੈਨੇ ਅਪਨੇ ਅੱਬਾ ਸੇ ਅਮੀਰ ਸ਼ਖ਼ਸ ਨਹੀਂ ਦੇਖਾ।
ਅਤੇ
ਉਮਰ ਭਰ ਏਕ ਪੈਰ ਪਰ ਦੌੜਤਾ ਹੈ ਹਰ ਪਿਤਾ
ਅਪਨੇ ਬੱਚੋਂ ਕੋ ਉਨਕੇ ਪੈਰੋਂ ਪੇ ਖੜ੍ਹੇ ਕਰਨੇ ਕੇ ਲੀਏ।

ਚੰਗੇ ਬੱਚੇ ਤਾਂ ਹਰ ਘੜੀ, ਹਰ ਪਲ ਪਰਮਾਤਮਾ ਅੱਗੇ ਇਹੋ ਹੀ ਦੁਆ ਕਰਦੇ ਹਨ,

ਨਾ ਅਸੀਂ ਮੰਗਦੇ ਧੁੱਪ ਵੇ ਰੱਬਾ
ਨਾ ਹੀ ਮੰਗਦੇ ਛਾਂਵਾਂ ਨੂੰ।
ਸਾਡੇ ਬਾਪ ਨੂੰ ਕੁਝ ਨਾ ਹੋਵੇ
ਸੁਖੀ ਰੱਖੀਂ ਸਦਾ ਮਾਂਵਾਂ ਨੂੰ।


ਸੋ ਜਿਨ੍ਹਾਂ ਭਾਗਾਂ ਵਾਲਿਆਂ ਕੋਲ ਮਾਪਿਆਂ ਜਿਹੀ ਅਨਮੋਲ ਦੌਲਤ ਮੌਜੂਦ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਮਾਪਿਆਂ ਦੀ ਰੱਜ ਕੇ ਸੇਵਾ ਕਰਨ ਤੇ ਢੇਰ ਦੁਆਵਾਂ ਲੈਣ।



## ‘ਵਿਗੜੀ ਹੋਈ ਕੁੜੀ’ (ਝੂਠ ਜਿਹਾ ਸੱਚ)

### ਕਿਸ਼ਤ (14)

ਬਖ਼ਸ਼ਿੰਦਰ
ਵੱਟਸਐਪ:+1-778-793-8979



***ਅਣਦੱਸੀਆਂ ਕਹਾਣੀਆਂ ਵਿਚ ਅਕਸਰ ਬੜਾ ਕੁੱਝ ਦੱਸਣੋਂ ਰਹਿ ਜਾਂਦਾ ਹੈ। ਇਸ ਨਾਵਲ ਵਿਚ ਉਹ ਅਣਛੋਹੇ ਨੁਕਤੇ ਹੀ ਉਭਾਰਨ ਦਾ ਹੀਲਾ ਕੀਤਾ ਗਿਆ ਹੈ। ਕਹਾਣੀ ਦੇ ਪਿਛੋਕੜ ਵਿਚ ਜਿਹੜੀ ‘ਸਾਈਕੀ’ ਯਾਨੀ ਮਨੋਦਸ਼ਾ ਹੈ, ਉਹ ਫੜਨ ਅਤੇ ਉਸ ਦੀਆਂ ਗੁੱਝੀਆਂ ਪਰਤਾਂ ਛੂਹਣ ਦਾ ਹੀਲਾ ਹੀ ਕੀਤਾ ਗਿਆ ਹੈ। ਇਕ ਪਿਛੋਂ ਇਕ ਘਟਨਾਵਾਂ ਦੀ ਲੜੀ ਦੀ ਨਿਰੰਤਰਤਾ ਹਥਲੇ ਨਾਵਲ ਦਾ ਧਰਾਤਲ ਹਨ ਅਤੇ ਇਸ ਉਤਰਾਅ-ਚੜ੍ਹਾਅ ਨੂੰ ਸਮਝ ਕੇ ਹੀ ਜ਼ਿੰਦਗੀ ਦਾ ਯਥਾਰਥ ਸਮਝਿਆ ਜਾ ਸਕਦਾ ਹੈ! ਸੋ, ਸਪਸ਼ਟ ਕਰ ਦਈਏ ਕਿ ‘ਇਸ ਨਾਵਲ ਵਿਚ ਬਹੁਤ ਕੁਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਊਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।’ ਪੇਸ਼ ਹੈ, ਅਗਲੀ ਕਿਸ਼ਤ...***

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

# ਕਲਾਈਮੈਕਸ ਬਾਕੀ ਹੈ...

ਦਾਨਿਸ਼ ਨੇ ਸੋਚਿਆ ਕਿ ਸੰਨੀ ਨੂੰ, ਭਾਰਤ ਆਈ ਹੋਈ ਨੂੰ ਦਸ ਸਾਲ ਹੋਣ ਲੱਗੇ ਹਨ। ਉਸ ਦੇ ਸਬੰਧ ਵਿਚ ਬਹੁਤ ਉੱਚੀ ਉੱਠਦੀ ਰਹੀ ਗ਼ਰਦ ਹੁਣ ਤਕਰੀਬਨ ਬੈਠੀ ਹੋਈ ਹੈ। ਇਸ ਵੈੱਬ ਸੀਰੀਜ਼ ਦੀ ਸ਼ੁਰੂਆਤ, ਇਕ ਬਹੁ-ਚਰਚਿਤ ਇੰਟਰਵਿਊ ਨਾਲ਼ ਕਰ ਕੇ, ਇਸ ਦਾ ਅੰਤ ਇਕ ‘ਮੀਟ ਦ ਪ੍ਰੈੱਸ’ ਪ੍ਰੋਗਰਾਮ ਨਾਲ਼ ਕੀਤਾ ਜਾਣਾ ਚਾਹੀਦਾ ਹੈ। ਇਹ ‘ਮੀਟ ਦਾ ਪ੍ਰੈੱਸ’ ਪ੍ਰੋਗਰਾਮ ਕਰਾਏ ਜਾਣ ਦਾ ਕੋਈ ਆਧਾਰ ਵੀ ਤਾਂ ਹੋਣਾ ਚਾਹੀਦਾ ਹੈ। ਉਹ ਸੋਚ ਰਿਹਾ ਸੀ ਕਿ ਵਿਸਾਖੀ ਲੰਘੀ ਨੂੰ ਇਕ ਮਹੀਨਾ ਹੋ ਗਿਆ ਹੈ, ਪਰ ਕਿਉਂ ਨਾ ਇਸ ਸਾਲ ਵਿਚ ਦੋ-ਦੋ ਵਿਸਾਖੀਆਂ ਹੋ ਜਾਣ! ਉਸ ਨੇ ਕੁੱਝ ਸੋਚਦਿਆਂ ਹੀ ਇਕ ਫੋਨ ਨੰਬਰ ਡਾਇਲ ਕੀਤਾ, ਜਿਸ ਦੀ ਘੰਟੀ ਲਤਾ ਕਪੂਰ ਦੇ ਦਫ਼ਤਰ ਵਿਚ ਵੱਜੀ। ਸਬੱਬ ਨਾਲ਼ ਫੋਨ ਲਾਈਨ ਡਾਇਰੈਕਟ ਕੀਤੀ ਹੋਈ ਸੀ। ਘੰਟੀ ਲਤਾ ਦੇ ਨਿੱਜੀ ਰਿਸੀਵਰ ਉੱਤੇ ਜਾ ਖੜਕੀ।

ਦਾਨਿਸ਼ ਨੇ ਸੋਚਿਆ ਸੀ ਕਿ ਫੋਨ ਪਹਿਲਾਂ ਲਤਾ ਕਪੂਰ ਦੇ ਦਫ਼ਤਰ ਵਿਚ ਜਾਵੇਗਾ ਤੇ ਉਸ ਦਾ ਮੈਨੇਜਰ ਚੁੱਕੇਗਾ। ਉਹ, ਉਸ ਨੂੰ ਲਤਾ ਨਾਲ਼ ਗੱਲ ਕਰਾਉਣ ਲਈ ਕਹੇਗਾ। ਲਤਾ ਦੇ ਨਿੱਜੀ ਫੋਨ ਉੱਤੇ ‘ਕਾਲਰ ਆਈ ਡੀ’ ਲੱਗੀ ਹੋਣ ਦੀ ਵਜ੍ਹਾ ਨਾਲ਼ ਬਾਹਰੋਂ ਆਉਣ ਵਾਲ਼ੇ ਫੋਨਾਂ ਦੇ ਨੰਬਰ ਅਤੇ ਫੋਨ ਕਰਨ ਵਾਲ਼ਿਆਂ ਦੇ ਨਾਮ ਦਿਸ ਪੈਂਦੇ ਸਨ। ਲਤਾ ਨੇ ਫੋਨ ਚੁੱਕਦਿਆਂ ਹੀ ਰਿਸੀਵਰ ਵਿਚ ਕਿਹਾ, “ਗੁੱਡ ਈਵਨਿੰਗ ਮਿਸਟਰ ਦਾਨਿਸ਼! ਕੀ ਹਾਲ ਨੇ?”

“ਓ ਮੈਮ ਜੀ, ਹਾਲ ਤਾਂ ਠੀਕ ਐ, ਪਰ ਲਲਿਤ ਜੀ ਕਿੱਥੇ ਨੇ?”

“ਵਾਹ! ਲੋਕ ਫੋਨ ਕਰ ਕੇ ਲਤਾ ਕਪੂਰ ਬਾਰੇ ਪੁੱਛਦੇ ਨੇ, ਤੁਸੀਂ ਲਲਿਤ ਬਾਰੇ ਪੁੱਛੀ ਜਾਂਦੇ ਹੋ ਦਾਨਿਸ਼ ਮੀਆਂ, ਠੀਕ ਤਾਂ ਹੋ?”

“ਮੱਤ ਨਹੀਂ ਮਾਰੀ ਜਾਂਦੀ? ਅੱਗੇ ਜਦੋਂ ਫੋਨ ਕਰੀਦੈ, ਉਹ ਲਲਿਤ ਹੀ ਚੁੱਕਦਾ ਹੁੰਦੈ। ਮੈਂ ਅੱਜ ਵੀ ਇਹੋ ਸੋਚਦਾ ਹੀ ਫੋਨ ਕਰ ਰਿਹਾ ਸਾਂ ਕਿ ਤੁਹਾਡੇ ਨਾਲ਼ ਹੀ ਗੱਲ ਹੋ ਗਈ।”

“ਹੁਣ ਲਲਿਤ ਨੂੰ ਬੁਲਾਵਾਂ ਕਿ ਮੇਰੇ ਨਾਲ਼ ਗੱਲ ਕਰਨੀ ਏ?”

“ਲਓ ਜੀ, ਗੋਲੀ ਮਾਰੋ! ਇਹ ਤਾਂ ਸਗੋਂ ਚੰਗਾ ਹੋ ਗਿਆ! ਗੱਲ ਤਾਂ ਤੁਹਾਡੇ ਨਾਲ਼ ਹੀ ਕਰਨੀ ਏ ਜੀ। ਅਗਲੇ ਇਕ-ਅੱਧੇ ਦਿਨ ‘ਚ ਆਪਣੀ ਸਿਟਿੰਗ ਹੋ ਸਕਦੀ ਏ?”

“ਅੱਧੇ ਦਿਨ ਦਾ ਪਤਾ ਨਹੀਂ, ਅਗਲੇ ਦਿਨ ਮਿਲ ਲੈਨੇਂ ਹਾਂ। ਪਰ ਪਹਿਲਾਂ ਇਹ ਦੱਸੋ ਸਕਰਿਪਟ ਪਹੁੰਚੀ ਕਿੱਥੇ ਤਕ ਹੈ?”

“ਮੈਮ ਜੀ, ਕਲਾਈਮੈਕਸ ਹੀ ਲਿਖਣਾ ਰਹਿ ਗਿਐ!”

“ਵਾਹ, ਖ਼ੁਸ਼ ਕੀਤਾ ਦਾਨਿਸ਼ ਜੀ। ਸਿਟਿੰਗ ਦਾ ਏਜੰਡਾ ਵੀ ਫਿਰ ਇਹੋ ਹੀ ਹੋਏਗਾ?”

“ਜੀ ਬਿਲਕੁਲ! ਮੈਂ ਕੁੱਝ ਸੋਚਿਆ ਹੋਇਐ, ਬੱਸ ਤੁਹਾਡੇ ਤੋਂ ਫਾਈਨਲ ਕਰਾ ਕੇ, ਪਟਾ ਚੜ੍ਹਾ ਦੇਣੈ।”

“ਐਂ ਦੱਸੋ, ਤੁਸੀਂ ਭਲਕੇ ਦੁਪਹਿਰੋਂ ਪਹਿਲਾਂ ਮਿਲਣਾ ਚਾਹੋਂਗੇ ਜਾਂ ਸ਼ਾਮੀਂ?”

“ਮਿਲਣਾ ਕਿੱਥੇ ਏ?” ਦਾਨਿਸ਼ ਨੇ ਕੁੱਝ ਸੋਚਦਿਆਂ ਪੁੱਛਿਆ।

“ਫਾਰਮ ਹਾਊਸ ਚੱਲੀਏ ਕਿ ਇੱਥੇ ਹੀ ਕਿਤੇ ਬਹਿ ਚੱਲੀਏ?”

“ਆਪਾਂ ਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ, ਇਕ ਗੱਲ ਦਾ ਤੁਹਾਨੂੰ ਪਤਾ ਹੀ ਏ?”

“ਕਿਹੜੀ ਗੱਲ ਦਾ?”

“ਇੱਥੇ ਸਵਾਰੀ ਤੇ ਸਾਮਾਨ ਆਪ ਜ਼ਿੰਮੇਵਾਰ ਨਹੀਂ, ਸਵਾਰੀ ਲਿਆਉਣੀ ਵੀ ਤੁਸੀਂ ਏ ਤੇ ਛੱਡ ਕੇ ਵੀ ਤੁਸੀਂ ਹੀ ਆਉਣੀ ਏ।”

“ਉਹ ਤਾਂ ਮੈਨੂੰ ਪਤੈ! ਦਾਨਿਸ਼ ਮੀਆਂ ਹੁਣ ਕਾਰ ਲੈ ਕਿਉਂ ਨਹੀਂ ਲੈਂਦੇ? ਫ਼ਿਲਮ ਦਾ ਅੱਧਾ ਬੱਜਟ ਤਾਂ ਤੁਸੀਂ ਲੈ ਲੈਂਦੇ ਹੋ। ਮੈਂ ਲੈ ਕੇ ਸਵੇਰੇ ਭੇਜਦਿਆਂ?”

“ਲਓ ਕਰ ਲਓ ਗੱਲ! ਉਸ ਨੂੰ ਚਲਾਊ ਕੌਣ?”

“ਕਾਰ ਲੈ ਕੇ ਦਿਆਂਗੀ ਤਾਂ ਨਾਲ਼ ਦਸ ਹਜ਼ਾਰ ਦਾ ਡਰਾਈਵਰ ਨਾ ਦਊਂਗੀ?”

“ਛੱਡੋ ਵੀ, ਪਹਿਲੀ ‘ਵਾਜ ’ਤੇ ਤਾਂ ਭੇਜ ਦਿੰਦੇ ਓ, ਇਹ ਕਾਰਾਂ ਵੀ ਤਾਂ ਮੇਰੀਆਂ ਹੀ ਨੇ।”

“ਸੋ ਸਵੀਟ ਆਫ ਯੂ ਦਾਨਿਸ਼ ਜੀ, ਕਸਮ ਨਾਲ਼



ਤੁਸੀਂ ਤਾਂ ਮੈਨੂੰ ਮੇਰੇ ਪਾਪਾ ਵਰਗੇ ਹੋ। ਮੈਂ ਤੁਹਾਨੂੰ ਕਦੇ ਬਾਹਰਲੇ ਸਮਝ ਹੀ ਨਹੀਂ ਸਕਦੀ। ਚਲੋ, ਏਦਾਂ ਕਰਦੇ ਹਾਂ, ਕੱਲ੍ਹ ਸ਼ਾਮੀਂ ਚਾਰ ਵਜੇ ਤਿਆਰ ਰਿਹੋ ਤੇ ਲਲਿਤ ਜਾਂ ਕੋਈ ਹੋਰ ਆ ਕੇ ਤੁਹਾਨੂੰ ਘਰੋਂ ਲੈ ਲਏਗਾ ਤੇ ਤਦ ਤਕ ਥਾਂ ਬਾਰੇ ਵੀ ਫਾਈਨਲ ਕਰ ਲੈਨੇਂ ਹਾਂ। ਹਾਂ, ਆਪਣਾ ਲੈਪਟਾਪ ਨਾਲ਼ ਲਿਆਉਣਾ ਨਾ ਭੁੱਲਣਾ।”

“ਨਹੀਂ ਭੁੱਲਦਾ। ਓਦਾਂ, ਇਕ ਪੀ.ਡੀ.ਐੱਫ. ਫਾਈਲ ਫੋਨ ਵਿਚ ਵੀ ਹਰ ਵੇਲ਼ੇ ਹੁੰਦੀ ਏ।”

---

ਅਗਲੇ ਦਿਨ ਡਰਾਈਵਰ ਆਇਆ ਤੇ ਦਾਨਿਸ਼ ਨੂੰ ਗੱਡੀ ਵਿਚ ਬਿਠਾ ਕੇ ਲਤਾ ਕਪੂਰ ਦੇ ਫਾਰਮ ਹਾਊਸ ਲੈ ਗਿਆ। ਲਤਾ ਕਪੂਰ ਉੱਥੇ ਪਹਿਲਾਂ ਹੀ ਮੌਜੂਦ ਸੀ ਤੇ ਬਹੁਤ ਤਾਂਘ ਨਾਲ਼ ਦਾਨਿਸ਼ ਦੀ ਤੇ ਉਸ ਦੇ ਲੈਪਟਾਪ ਦੀ ਉਡੀਕ ਕਰ ਰਹੀ ਸੀ। ਕਾਰ ਵਿਚੋਂ ਉਤਰਦਿਆਂ ਹੀ ਦਾਨਿਸ਼ ਨੇ ਲਤਾ ਕਪੂਰ ਨਾਲ਼ ਦੁਆ-ਸਲਾਮ ਵਾਲ਼ਾ ਕੰਮ ਸਿੱਧਾ ਹੀ ਨਿਬੇੜ ਕੇ ਲਤਾ ਦੇ ਬਿਲਕੁਲ ਸਾਹਮਣੇ ਵਾਲ਼ੀ ਸੀਟ ਮੱਲ ਲਈ। ਉਸ ਨੇ ਲਤਾ ਕਪੂਰ ਦਾ ਹੁਕਮ ਵਜਾਉਣ ਲਈ ਖੜ੍ਹੇ ਇਕ ਬਾਵਰਦੀ ਕਾਰਿੰਦੇ ਨੂੰ ਇਸ਼ਾਰੇ ਨਾਲ਼ ਹੀ, ਲੈਪਟਾਪ ਲਈ ਬਿਜਲੀ ਦਾ ਕੁਨੈਕਸ਼ਨ ਨੇੜੇ ਲਿਆਉਣ ਖ਼ਾਤਰ ਕਿਹਾ ਤਾਂ ਉਸ ਦੇ ਇਸ ਇਸ਼ਾਰਤਨ ਹੁਕਮ ਦੀ ਤਾਮੀਲ ਫੌਰਨ ਤੋਂ ਵੀ ਪਹਿਲਾਂ ਹੋ ਗਈ। ਇਸ ਦੇ ਨਾਲ਼ ਹੀ ਦਾਨਿਸ਼ ਨੇ ਲਤਾ ਵੱਲ ਝੁਕਦਿਆਂ ਹੌਲ਼ੀ ਜਿਹੀ ਕਿਹਾ, “ਮੈਮ, ਕਿਸੇ ਹੋਰ ਨੂੰ ਵੀ ਉਡੀਕਣੈ ਕਿ ਸ਼ੁਰੂ ਕਰੀਏ?”

“ਹੋਰ ਤਾਂ ਕਿਸੇ ਨੂੰ ਨਹੀਂ ਉਡੀਕਣਾ, ਮੇਰੀ ਮੌਮ ਤੇ ਪਾਪਾ ਨੇ ਆਉਣੈ। ਆਪਾਂ ਤਦ ਤਕ ਕੁੱਛ ਪੀ ਲੈਂਦੇ ਹਾਂ, ਮੇਰਾ ਮਤਲਬ ਚਾਹ ਜਾਂ ਕੌਫੀ?”

“ਤਕੱਲਫ਼, ਨਾ ਮੈਨੂੰ ਪਸੰਦ ਏ, ਨਾ ਮੈਂ ਕਿਸੇ ਤੋਂ ਕਰਾਉਨੈਂ। ਤੁਹਾਨੂੰ ਕਿਹੜਾ ਪਤਾ ਨਹੀਂ। ਖਾਣ-ਪੀਣ ਦੌਰਾਨ ਖਾਣ-ਪੀਣ ਹੀ ਹੋ ਸਕਦੈ। ਗੱਲ, ਨਾ ਕੀਤੀ ਜਾ ਸਕਦੀ ਏ, ਨਾ ਸੁਣੀ ਜਾ ਸਕਦੀ ਏ। ਮੇਰੇ ਵਰਗੇ ਦਾ ਤਾਂ ਸਾਰਾ ਧਿਆਨ ਚਟਨੀ ਤੋਂ ਕੱਪੜੇ ਬਚਾਉਣ ਵੱਲ ਹੀ ਲੱਗਿਆ ਰਹਿੰਦੈ,” ਦਾਨਿਸ਼ ਦੀ ਇਸ ਗੱਲ ਨਾਲ਼ ਲਤਾ ਦਾ ਹਾਸਾ ਨਿੱਕਲ ਗਿਆ।

“ਫਿਰ ਤੁਹਾਡਾ ਕੀ ਖ਼ਿਆਲ ਏ?” ਲਤਾ ਨੇ ਹੱਸਦਿਆਂ ਹੀ ਕਹਿ ਦਿੱਤਾ।

“ਬੜੀ ਸਿੱਧੀ ਜਿਹੀ ਗੱਲ ਏ ਜੀ, ਨਿਸ਼ਾਨਾ ਮੱਛੀ ਦੀ ਅੱਖ ਦਾ! ਹੁਣ ਇਹ ਨਾ ਸਮਝ ਲੈਣਾ ਕਿ ਮੈਂ ਫ਼ਿਸ਼ ਦਾ ਆਰਡਰ ਕੀਤਾ ਏ,” ਹਾਸਾ ਤਾਂ ਲਤਾ ਨੂੰ ਐਤਕੀਂ ਵੀ ਆਇਆ, ਪਰ ਉਹ ਦਬਾ ਗਈ ਤੇ ਉਸ ਨੇ ਮੇਜ਼ ਕੋਲ ‘ਵਿਸ਼ਰਾਮ’ ਪੋਜ਼ੀਸ਼ਨ ਵਿਚ ਖੜ੍ਹੇ ਬਾਵਰਦੀ ਕਾਰਿੰਦੇ ਨੂੰ ਨੇੜੇ ਸੱਦ ਕੇ, ਉਸ ਦੇ ਕੰਨ ਵਿਚ ਕੁੱਝ ਕਿਹਾ। ਗੱਲ ਸੁਣ ਕੇ, ਉਸ ਕਾਰਿੰਦੇ ਨੇ ਇਸ਼ਾਰੇ ਨਾਲ਼ ਹੀ ਰਤਾ ਕੁ ਪਰ੍ਹਾਂ ਖੜ੍ਹੇ ਇਕ ਕਾਰਿੰਦੇ ਵੱਲ ਜਾ ਕੇ, ਉਸ ਨੂੰ ਇਸ਼ਾਰੇ ਨਾਲ਼ ਨੇੜੇ ਸੱਦ ਕੇ, ਉਸ ਦੇ ਕੰਨ ਵਿਚ ਕੁੱਝ ਕਿਹਾ।

“ਸੋ, ਮੈਂ ਵੀ ਤੁਹਾਡੇ ਵਾਂਗ ਸਿੱਧੀ ਮੁੱਦੇ ’ਤੇ ਆਉਣਾ ਹੀ ਸਹੀ ਸਮਝਦੀ ਹਾਂ। ਪਹਿਲਾਂ ਤਾਂ ਇਹ ਦੱਸੋ ਕਿ ਇਹ ਵੈੱਬ ਸੀਰੀਜ਼ ਬਣਾਉਣ ਲਈ ਸਾਡੇ ਵੱਲੋਂ ਇਹ ਸਬਜੈਕਟ ਚੁਣਨ ਦਾ ਫ਼ੈਸਲਾ ਕਰਨਾ ਦਰੁੱਸਤ ਹੈ ਜਾਂ ਨਹੀਂ? ਜੇ ਹੈ ਤਾਂ ਕਿੰਨਾ ਕੁ? ਜੇ ਨਹੀਂ ਹੈ ਤਾਂ ਕਿਉਂ?”

“ਸਬਜੈਕਟ ਚੁਣਨ ਦਾ ਫੈਸਲਾ ਗ਼ਲਤ ਹੋਣ ਦਾ ਤਾਂ ਸੁਆਲ ਹੀ ਨਹੀਂ ਏ ਲਤਾ ਜੀ। ਜੇ ਤੁਹਾਡੇ ਫੈਸਲੇ ਵਿਚ ਮਾੜੀ ਜਿਹੀ ਵੀ ਕਾਣ ਹੁੰਦੀ ਤਾਂ, ਅੱਵਲ ਤਾਂ ਮੈਂ ਇਸ ਸਬਜੈਕਟ ਦੇ ਆਧਾਰ ’ਤੇ ਪਹਿਲਾ ਡਰਾਫਟ ਲਿਖਣ ਤੋਂ ਪਹਿਲਾਂ ਹੀ ਜੁਆਬ ਦੇ ਦੇਣਾ ਸੀ। ਮੇਰੀ ਸਾਫ਼ਗੋਈ ਲਈ ਮੈਨੂੰ ਹਮੇਸ਼ਾ ਵਾਂਗ ਮੁਆਫ਼ ਕਰਨਾ ਲਤਾ ਮੈਮ, ਮੈਂ ਤਾਂ ਕੱਲ੍ਹ ਫੋਨ ’ਤੇ ਤੁਹਾਨੂੰ ਇਹ ਅਰਜ਼ ਕੀਤਾ ਸੀ ਕਿ ਆਪਾਂ ਕਲਾਈਮੈਕਸ ਲਿਖਣ ਲਈ, ਤੁਹਾਡੇ ਨਾਲ਼ ਸਲਾਹ-ਮਸ਼ਵਰਾ ਕਰਨਾ ਏ,” ਦਾਨਿਸ਼ ਇਹ ਕਹਿ ਕੇ ਚੁੱਪ ਕਰ ਗਿਆ, ਪਰ ਉਸ ਦੀ ਨਜ਼ਰ ਲਤਾ ਦੇ ਚਿਹਰੇ ਉੱਤੇ ਹੀ ਟਿਕੀ ਹੋਈ ਸੀ।

“ਮੇਰੇ ਤਿੰਨ ਸੁਆਲਾਂ ਦਾ ਤੁਸੀਂ ਇਕੋ ਜੁਆਬ ਦੇ ਕੇ ਗੱਲ ਸਿਰੇ ਲਾ ਦਿੱਤੀ ਏ ਦਾਨਿਸ਼ ਮੀਆਂ! ਇਸ ਤਰ੍ਹਾਂ ਦਾਨਿਸ਼ ਹੀ ਕਰ ਸਕਦੈ ਕਿਉਂ ਕਿ ਇਹ ਹੁਨਰ ਦਾਨਿਸ਼ ਕੋਲ਼ ਹੀ ਏ। ਮੈਂ ਇਸ ਸਾਫ਼ਗੋਈ ਦੀ ਕਦਰ ਕਰਦੀ ਹਾਂ, ਦਾਨਿਸ਼ ਭਾਈ। ਹੁਣ ਤੁਸੀਂ ਫ਼ਰਮਾਓ ਕਿ ਕਲਾਈਮੈਕਸ ਦੇ ਨੇੜੇ ਪਹੁੰਚ ਕੇ, ਤੁਸੀਂ ਮੈਥੋਂ ਕੀ ਚਾਹੁੰਦੇ ਹੋ?”

ਦਾਨਿਸ਼ ਨੇ ਲਤਾ ਦਾ ਇਹ ਸੁਆਲ ਸੁਣ ਕੇ, ਇਕ ਭਰਵਾਂ ਜਿਹਾ ਹਉਕਾ ਲਿਆ ਤੇ ਕਹਿਣਾ ਸ਼ੁਰੂ ਕੀਤਾ, “ਭਾਵੇਂ ਤੁਸੀਂ ਇਹ ਵੈੱਬ ਸੀਰੀਜ਼, ਕਿਸੇ ਹੋਰ ਨੂੰ ਹੀ ਨਜ਼ਰ ਵਿਚ ਰੱਖ ਕੇ ਬਣਾ ਰਹੇ ਹੋਵੋਂ, ਪਰ ਮੈਂ ਇਹ ਸਕਰਿਪਟ, ਚਰਨਜੀਤ ਕੌਰ ਹਾਂਡਾ ਉਰਫ਼ ਚੰਨੀ ਹੌਂਡਾ ਜਾਂ ਸੰਨੀ ਹੌਂਡਾ ਬਾਰੇ ਲਿਖੀ ਏ। ਮੇਰੀ ਸਕਰਿਪਟ ਦੀ ਨਾਇਕਾ ‘ਸੰਨੀ ਹੌਂਡਾ’ ਨੂੰ, ਵਿਦੇਸ਼ੋਂ ਭਾਰਤ ਆਈ ਨੂੰ ਦਸ ਸਾਲਾਂ ਤੋਂ ਵੱਧ ਅਰਸਾ ਹੋ ਗਿਆ ਏ। ਇਸ ਦੌਰਾਨ ਭਾਰਤ ‘ਚ ਉਸ ਦੇ ਦਰਸ਼ਕ ਤੇ ਦੁਸ਼ਮਣ ਦੋਵੇਂ ਹੀ ਵਧੇ ਨੇ। ਭਾਰਤੀ ਐਕਟਰੈੱਸਿਜ਼, ਸੰਨੀ ਨੂੰ ਆਪਣੇ ਲਈ ਇਕ ਚੈਲੰਜ ਸਮਝਦੀਆਂ ਨੇ, ਕਿਉਂ ਕਿ ਉਹ ਵਿਦੇਸ਼ ਵਿਚ ਉਹੋ-ਜਿਹਾ ਕਿੰਨਾ ਹੀ ਕੁੱਝ ਕਰ ਆਈ ਹੈ, ਜਿਹੋ-ਜਿਹਾ ਕਰਨ ਦਾ ਖ਼ਿਆਲ ਆਉਣ ’ਤੇ ਵੀ ਭਾਰਤੀ ਅਭਿਨੇਤਰੀਆਂ ਦਾ ਪਸੀਨਾ ਨਿੱਕਲ ਜਾਂਦਾ ਏ। ਇੱਥੇ ਪਸੀਨਾ ਕਹਿਣਾ ਹੀ ਠੀਕ ਰਹੇਗਾ,” ਦਾਨਿਸ਼ ਦੇ ਆਖ਼ਰੀ ਜੁਮਲੇ ਨੇ ਲਤਾ ਨੂੰ ਫਿਰ ਹਸਾ ਦਿੱਤਾ।

“ਮੁੱਦੇ ’ਤੇ ਹੀ ਰਹਿਣਾ ਏ ਦਾਨਿਸ਼ ਮੀਆਂ, ਇੱਧਰ-ਉੱਧਰ ਹੋਏ ਤਾਂ ਦੇਖ ਲਿਓ ਫਿਰ!” ਲਤਾ ਦੀ ਇਸ ਮਿੱਠੀ ਟੋਕਾ-ਟਾਕੀ ਵਿਚ ਬੇਤਖ਼ੱਲਫ਼ੀ ਦਾ ਕਰਾਰਾ ਤੜਕਾ, ਦਾਨਿਸ਼ ਨੇ ਮਹਿਸੂਸ ਕਰ ਲਿਆ ਸੀ।

“ਮੁਆਫ਼ੀ ਚਾਹਾਂਗਾ। ਸਹੀ ਕਿਹਾ ਤੁਸੀਂ, ਧਿਆਨ ਮੱਛੀ ਦੀ ਅੱਖ ’ਤੇ ਹੀ ਰਹਿਣਾ ਬਣਦੈ। ਹੁਣ ਲੈਪਟੌਪ ਨਾ ਹੀ ਖੋਲ੍ਹੀਏ, ਇਸ ਦੀ ਆਵਾਜ਼ ਬਹੁਤ ਮਾੜੀ ਏ।”

“ਜੈਸੇ ਭੀ ਮਾਬਦੌਲਤ ਚਾਹੇਂ,” ਲਤਾ ਨੇ ਕਿਹਾ।

“ਇਸ ਵਾਰ ਵਿਸਾਖੀਆਂ ਕਿੰਨੀਆਂ ਸੀ ਭਲਾ?” ਦਾਨਿਸ਼ ਨੇ ਅਚਾਨਕ ਹੀ ਪੁੱਛ ਲਿਆ।

“ਹਰ ਵਾਰ ਦੋ ਹੁੰਦੀਆਂ ਨੇ, ਕੋਈ ਬਾਰਾਂ ਨੂੰ ਮਨਾਉਂਦੈ, ਕੋਈ ਤੇਰਾਂ ਅਪ੍ਰੈਲ ਨੂੰ। ਨਾਲ਼ੇ ਵਿਸਾਖੀ ਤਾਂ ਹੁਣ ਲੰਘ ਵੀ ਗਈ! ਮਈ ਦਾ ਮਹੀਨਾ ਜਾ ਰਿਹੈ।”

“ਤਾਂ ਕੀ ਹੋਇਆ? ਤੇਰਾਂ ਅਪ੍ਰੈਲ਼ ਮਗਰੋਂ, ਤੇਰਾਂ ਮਈ ਵੀ ਤਾਂ ਆ ਰਹੀ ਏ।”

“ਤੇਰਾਂ ਮਈ ਨੂੰ ਵਿਸਾਖੀ ਮਨਾਵਾਂਗੇ?”

“ਵਿਸਾਖੀ ਨਾ ਸਹੀ!”

“ਫੇਰ?”

“ਤੁਹਾਡੀ ਹੀਰੋਇਨ ਦਾ ਜਨਮ ਦਿਨ ਤਾਂ ਮਨਾਇਆ ਹੀ ਜਾ ਸਕਦੈ!”

“ਅੱਛਾ-ਅੱਛਾ! ਸੰਨੀ ਦਾ ਜਨਮ ਦਿਨ ਏ!!”

“ਜੀ, ਇਹ ਸਕਰਿਪਟ ਇਕ ਟੀਵੀ ਇੰਟਰਵਿਊ ਤੋਂ ਸ਼ੁਰੂ ਹੁੰਦੀ ਹੈ ਤੇ ਮੈ ਚਾਹੁੰਨਾਂ ਕਿ ਇਸ ਵੈੱਬ ਸੀਰੀਜ਼ ਦਾ ਕਲਾਈਮੈਕਸ, ਸੰਨੀ ਦੇ ਜਨਮ ਦਿਨ ਦੇ ਸਬੰਧ ਵਿਚ ਕਰਾਏ ਗਏ ‘ਮੀਟ ਦਾ ਪ੍ਰੈੱਸ’ ਪ੍ਰੋਗਰਾਮ ਨਾਲ਼ ਹੋਵੇ।”

“ਵਾਹ ਦਾਨਿਸ਼ ਮੀਆਂ ਛਾ ਗਏ!” ਇਹ ਕਹਿੰਦਿਆਂ ਲਤਾ ਨੇ ਉੱਠ ਕੇ, ਕੁਰਸੀ ’ਤੇ ਬੈਠੇ ਦਾਨਿਸ਼ ਨੂੰ ਪਿਛਲੇ ਪਾਸਿਓਂ ਹੀ ਕਲਾਵੇ ਵਿਚ ਘੁੱਟ ਲਿਆ।

“ਮੈਂ ਤਾਂ ਚਾਹਾਂਗਾ ਕਿ ਇਹ ‘ਮੀਟ ਦਾ ਪ੍ਰੈੱਸ’ ਪਿਕਚਰਾਈਜ਼ ਕਰ ਕੇ ਹੀ, ਤੁਸੀਂ ਇਸ ਵੈੱਬ ਸੀਰੀਜ਼ ਦੀ ਪਿਕਚਰਾਈਜ਼ੇਸ਼ਨ ਸ਼ੁਰੂ ਕਰੋ। ਮੇਰੇ ਇਕ ਹੋਰ ਹੰਬਲ ਸੁਜੈਸ਼ਨ ਵੱਲ ਵੀ ਧਿਆਨ ਦੇਣਾ। ਮੈਂ ਚਾਹੁਨਾਂ ਕਿ ਇਸ ਪ੍ਰੋਗਰਾਮ ਨੂੰ ‘ਸ਼ੂਟ’ ਕਰਨ ਦੀ ਥਾਂ ‘ਡਾਕੂਮੈਂਟ’ ਕੀਤਾ ਜਾਵੇ ਤੇ ਪੱਤਰਕਾਰ ਵੀ ਅਸਲੀ ਤੇ ਨਾਮੀ-ਗਿਰਾਮੀ ਸੱਦੇ ਜਾਣ।”

“ਵਾਹ! ਤੁਸੀਂ ਕਿਤੇ ਡਾਇਰੈਕਟਰ ਬਣਨਾ ਤਾਂ ਨਹੀਂ ਸੋਚਣ ਲੱਗ ਪਏ ਦਾਨਿਸ਼ ਸਾਹਿਬ?”

“ਆਖ਼ਰੀ ਅਰਜ਼...!”

“ਨਾ ਜੀ ਤੁਸੀਂ ਡਾਇਰੈਕਸ਼ਨ, ਨਾ ਸੱਚ ਹੁਕਮ ਦਿਓ ਹੁਣ ਤਾਂ।”

“ਇਸ ਸੀਨ ਦੀ ਸਕਰਿਪਟ, ਪੱਤਰਕਾਰਾਂ ਦੀ ਆਪਣੀ ਤੇ ਹੀਰੋਇਨ ਦੀ ਆਪਣੀ ਹੋਏਗੀ। ਕਿਸੇ ਨੂੰ ਕੋਈ ਲਾਈਨਜ਼ ਨਹੀਂ ਦਿੱਤੀਆਂ ਜਾਣਗੀਆਂ। ਹਾਂ, ਇੰਨਾ ਹੋ ਸਕਦੈ ਕਿ ਸ਼ੁਰੂ ਵਿਚ ਤੁਸੀਂ ਇਹ ਐਲਾਨ ਕਰ ਦੇਣਾ ਕਿ ਇਹ ‘ਮੀਟ ਦਾ ਪ੍ਰੈੱਸ’ ਪ੍ਰੋਗਰਾਮ, ਸੰਨੀ ਦੇ ਚਾਲੀਵੇਂ ਬਰਥਡੇ ਦਾ ਕੇਕ ਕੱਟਣ ਮੌਕੇ ਕਰਾਇਆ ਜਾ ਰਿਹਾ ਏ ਅਤੇ ਕੇਕ ਕੱਟਣ ਤੇ ਚਾਹ-ਪਾਣੀ ਪੀਣ ਦਾ ਸਿਲਸਿਲਾ, ਇਸ ਪ੍ਰੋਗਰਾਮ ਤੋਂ ਮਗਰੋਂ ਦੂਜੇ ਹਾਲ ਵਿਚ ਸ਼ੁਰੂ ਕੀਤਾ ਜਾਏਗਾ। ਸੋ ਕੇਕ ਖਾ ਕੇ ਤੇ ਚਾਹ-ਪਾਣੀ ਪੀ ਕੇ ਹੀ ਜਾਣਾ।”

“ਓਹ! ਦਿਸ ਕੈਨ ਵੀ ਈਜ਼ੀਲੀ ਡਨ! ਕੋਈ ਹੋਰ ਸੁਝਾਅ?”

“ਇਸ ਵਿਚ ਰੀਟੇਕ ਨਾ ਹੀ ਕੀਤੇ ਜਾਣ।”

“ਉਸ ਦਾ ਤੁਸੀਂ ਫ਼ਿਕਰ ਨਾ ਕਰੋ, ਦੈਟ’ਸ ਮਾਈ ਜੌਬ।”

“ਇਕ ਗੱਲ ਹੋਰ...!”

“ਉਹ ਕੀ?”

“ਲੋਕਾਂ ਦੀਆਂ ਖ਼ਬਰਾਂ ਲੈਣ ਵਾਲ਼ੇ ਮੀਡੀਆ ਪਰਸਨ, ਆਪ ਇਸ ਖ਼ਬਰ ਦਾ ਹਿੱਸਾ ਹੋਣਗੇ ਤੇ ਇਸ ਮੌਕੇ ਕੋਈ ਪ੍ਰੈੱਸ ਰਿਲੀਜ਼ ਜਾਂ ਪ੍ਰੈੱਸ ਨੋਟ ਵੀ ਨਹੀਂ ਵੰਡਣਾ ਤੇ ਸਟੇਜ ਦੇ ਪਿੱਛੇ ਲਗਾਏ ਜਾਣ ਵਾਲ਼ੇ ਬੈਨਰ ਉੱਤੇ ‘ਬੇਕਰੀ ਟੂ ਬਾਲੀਵੁਡ’ ਦ ਵੱਨ ਐਂਡ ਓਨਲੀ ਸੰਨੀ ਹੌਂਡਾ’ ਲਿਖਾ ਲਿਆ ਜਾਵੇ ਤੇ ਉਸ ਉੱਤੇ ਬਰਥਡੇ ਸਬੰਧੀ ਆਰਟ ਵਰਕ ਕੀਤਾ ਹੋਇਆ ਹੋਵੇ।”

“ਦੈਟਸ ਵੈਰੀ ਗ੍ਰੇਟ ਆਫ ਯੂ ਮਿਸਟਰ ਦਾਨਿਸ਼!”

“ਅੰਤ ਵਿਚ ਇਕ ਲਤੀਫ਼ਾ ਹੋ ਜਾਏ। ਕਲਾਈਮੈਕਸ ਦੀ ਸਕਰਿਪਟ ਦੀ ਕਾਪੀ ਨਾ ਮੰਗੀ ਜਾਵੇ, ਪਰ ਮੈਨੂੰ ਇਸ ਦੇ ਪੈਸੇ ਦੇਣੇ ਨਾ ਭੁੱਲੇ ਜਾਣ।”

“ਬਹੁਤ ਫਲੌਪ ਲਤੀਫ਼ਾ ਸੀ,” ਕਹਿੰਦਿਆਂ ਵੀ ਲਤਾ ਬੜੇ ਜ਼ੋਰ ਨਾਲ਼ ਹੱਸ ਰਹੀ ਸੀ।

***(ਬਾਕੀ ਅਗਲੇ ਅੰਕ ਵਿੱਚ)***

# ਮਿਲਵਾਕੀ (ਵਿਸਕਾਨਸਿਨ)




**"Teeyan Da Mela" in Milwaukee (WI)**



'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ

## 27 ਜੁਲਾਈ 2025 (ਐਤਵਾਰ)

*ਦੁਪਹਿਰ 1 ਤੋਂ ਸ਼ਾਮ 6 ਵਜੇ ਤੱਕ*

*Food *Giddha *Singing *Prizes *Bhangra
*Open Dance Floor

**Organizers Contact:**

Happy Chahal: 414-712-6568 – Harjinder Soos: 414-530-5699
Pinku Sandhawalia: 414-708-2035 – Gurdeep Chahal: 414-861-7395
Jas Kaur, Harpreet Toor, Mini Toor, Baljit Gill, Reena Aulakh, Harjeet Boparai, Raman Hansi

## Venue: Crowne Plaza Milwaukee

6401 S. 13th Street, Milwaukee, WI 53221

Tickets: Adults $30, Children 5+ $10; Children Under 5 Free

Email: MilwaukeeTeeyan@gmail.com
to register your performance.
On the spot performance will not be accepted this year.
Limit 1 performance per group.

Chief Guest: Mrs. Debra Dhaliwal (wife of Mr. Darshan Singh Dhaliwal)

Vendor Partners & Sponsors: Café India (Milwaukee) - DJ Desi Vibes
Asian Diva Salon (Milwaukee) - Water Stone Bank - Regal Jewels
Dream Decor By Kiran - Punjabi Community Organization (PCO) Milwaukee


# SAKHI ATTIRE



*Bridal Lehenga
*Party Lehenga
*Punjabi Suit
*Co Ord Sets
*Kallire *Chuda
*Punjabi Jutti
*Jewellery

*ਦੁਲਹਨ ਦਾ ਲਹਿੰਗਾ
*ਪਾਰਟੀ ਲਹਿੰਗਾ
*ਪੰਜਾਬੀ ਸੂਟ
*ਕਲੀਰੇ
*ਪੰਜਾਬੀ ਜੁੱਤੀ
*ਗਹਿਣੇ *ਚੂੜਾ
...ਅਤੇ ਹੋਰ ਬੜਾ ਕੁਝ

Rupi Sidhu
Ph: 630-415-7389
sakhi.attire
rupisidhu30@gmail.com